# ਪਰਮਜੀਤ ਸਿੰਘ ਜੱਜ ਦੇ ਨਾਵਲ ਪਛਾਣ ਬਦਲ ਗਈ ਵਿੱਚ ਪੇਸ਼ ਅਸਤਿਤਵੀ ਸੰਕਟ ਦਾ ਅਧਿਐਨ

(Parmjit Singh Judge de Novel 'Pchaan Badal Gye' Vich Pesh Astitavi Sankat de Adhyan)

LOVELY PROFESSIONAL UNIVERSITY

*Transforming Education Transforming India*


Seema Rani

M.A Student

Reg. No. 11617318


**ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ**

**ਖੋਜ-ਪ੍ਰਬੰਧ**

**ਫੈਕਲਟੀ ਆਫ਼ ਬਿਜ਼ਨਸ ਐਂਡ ਆਰਟਸ**

**ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ**

**2017**

# ਪਰਮਜੀਤ ਸਿੰਘ ਜੱਜ ਦੇ ਨਾਵਲ ਪਛਾਣ ਬਦਲ ਗਈ ਵਿੱਚ ਪੇਸ਼ ਅਸਤਿਤਵੀ ਸੰਕਟ ਦਾ ਅਧਿਐਨ

(Parmjit Singh Judge de Novel 'Pchaan Badal Gye' Vich Pesh Astitavi Sankat de Adhyan)

Transforming Education Transforming India

**ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ**
**ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ**
**ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ**
**ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ**
**ਖੋਜ-ਪ੍ਰਬੰਧ**


**ਖੋਜਾਰਥੀ** — **ਨਿਗਰਾਨ**

**ਨਾਮ: ਸੀਮਾ ਰਾਣੀ**
**ਰਜਿ. ਨੰਬਰ: 11617318**

**ਡਾ. ਅਵਤਾਰ ਸਿੰਘ**
ਸਹਾਇਕ ਪ੍ਰੋਫੈਸਰ

**ਫੈਕਲਟੀ ਆਫ਼ ਬਿਜ਼ਨਸ ਐਂਡ ਆਰਟਸ**
**ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ**


**2017**

# ਘੋਸ਼ਣਾ ਪੱਤਰ

ਮੈਂ ਸੀਮਾ ਰਾਣੀ ਇਹ ਬਿਆਨ ਕਰਦੀ ਹਾਂ ਕਿ **'ਪਰਮਜੀਤ ਸਿੰਘ ਜੱਜ ਦੇ ਨਾਵਲ 'ਪਛਾਣ ਬਦਲ ਗਈ' ਵਿੱਚ ਪੇਸ਼ ਅਸਤਿਤਵੀ ਸੰਕਟ ਦਾ ਅਧਿਐਨ'** ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ ਹੈ। ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

ਖੋਜਾਰਥੀ

**ਸੀਮਾ ਰਾਣੀ**

Reg. No. 11617318

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਸੀਮਾ ਰਾਣੀ ਨੇ '**ਪਰਮਜੀਤ ਸਿੰਘ ਜੱਜ ਦੇ ਨਾਵਲ 'ਪਛਾਣ ਬਦਲ ਗਈ' ਵਿੱਚ ਪੇਸ਼ ਅਸਤਿਤਵੀ ਸੰਕਟ ਦਾ ਅਧਿਐਨ**' ਵਿਸ਼ੇ ਉੱਤੇ ਐਮ. ਏ ਪੰਜਾਬੀ ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤੀਫਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ.ਏ ਪੰਜਾਬੀ ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

ਮਿਤੀ: ਨਿਗਰਾਨ


**ਡਾ. ਅਵਤਾਰ ਸਿੰਘ**

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਡਿਪਾਰਟਮੈਂਟ ਆਫ਼ ਪੰਜਾਬੀ

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ

(ਪੰਜਾਬ)

# ਤਤਕਰਾ

**ਅਧਿਆਇ ਵੰਡ**

**ਭੂਮਿਕਾ** v- v

**ਅਧਿਆਇ ਪਹਿਲਾ**

**ਸਿਧਾਂਤਕ ਪਿੱਠ ਭੂਮੀ** **1**-23

**1.1 ਸਮੱਸਿਆ ਕਥਨ** **1-1**

**1.2 ਉਚਿੱਤਤਾ/ ਪ੍ਰਸੰਗਿਕਤਾ** **1-2**

**1.3 ਉਦੇਸ਼** **2-2**

**1.4 ਖੋਜ ਵਿਧੀ, ਅਸਤਿਤਵਵਾਦੀ ਵਿਧੀ** **3-3**

**1.5 ਪਰਿਕਲਪਨਾ** **3-4**

**1.6 ਵਿਸ਼ੇ ਉੱਪਰ ਹੋ ਚੁੱਕਿਆ ਪੂਰਵ ਖੋਜ-ਕਾਰਜ** **4-7**

**1.7 ਅਸਤਿਤਵਵਾਦ** **7-14**

**1.8 ਨਾਵਲ ਦਾ ਸਿਧਾਂਤਕ ਪਰਿਪੇਖ** **14-19**

**1.9 ਰਚਨਾਕਾਰ ਅਤੇ ਰਚਨਾਵਾਂ** **19-23**

**ਅਧਿਆਇ-ਦੂਜਾ**

**ਪਰਮਜੀਤ ਸਿੰਘ ਜੱਜ ਦੇ ਨਾਵਲ 'ਪਛਾਣ ਬਦਲ ਗਈ' ਵਿਚ ਅਸਤਿਤਵੀ ਸੰਕਟ ਦੀ ਪੇਸ਼ਕਾਰੀ** **24-44**

**ਅਧਿਆਇ-ਤੀਜਾ**

**ਪਰਮਜੀਤ ਸਿੰਘ ਜੱਜ ਦੇ ਨਾਵਲ 'ਪਛਾਣ ਬਦਲ ਗਈ' ਵਿਚ ਅਸਤਿਤਵ ਦੀ ਪਛਾਣ ਅਤੇ ਸੰਘਰਸ਼** **45-56**

**ਅਧਿਆਇ-ਚੌਥਾ**

**ਪਰਮਜੀਤ ਸਿੰਘ ਜੱਜ ਦੇ ਨਾਵਲ 'ਪਛਾਣ ਬਦਲ ਗਈ' ਵਿਚ ਅਸਤਿਤਵੀ ਸੰਕਟ ਦੇ ਸਮਾਜ ਅਤੇ ਵਿਅਕਤਿਤਵ ਉੱਪਰ ਪ੍ਰਭਾਵ** **57-70**

**ਸਾਰ ਤੇ ਸਥਾਪਨਾਵਾਂ** **71-74**

**ਮੁਲਾਕਾਤ** **75-76**

**ਪੁਸਤਕ ਸੂਚੀ** **77-78**

## ਭੂਮਿਕਾ

ਹਥਲੇ ਖੋਜ ਕਾਰਜ ਦੁਆਰਾ "ਡਾ.ਪਰਮਜੀਤ ਸਿੰਘ ਜੱਜ" ਦੇ ਨਾਵਲ "ਪਛਾਣ ਬਦਲ ਗਈ" ਵਿੱਚ ਪੇਸ਼ ਅਸਤਿਤਵੀ ਸੰਕਟ ਦਾ ਅਧਿਐਨ ਕੀਤਾ ਗਿਆ ਹੈ। ਅਸਤਿਤਵੀ ਸੰਕਟ ਦੇ ਨਾਲ ਜੁੜੇ ਚਿੰਤਕਾਂ ਦੀਆਂ ਵਿਧੀਆਂ ਨੂੰ ਮੁੱਖ ਰੱਖ ਕੇ ਅਸਤਿਤਵੀ ਸੰਕਟ ਦੇ ਕਾਰਨਾਂ ਦੇ ਉਦੇਸ਼ਾਂ ਦੀ ਪੂਰਤੀ ਲਈ ਕੀਤਾ ਗਿਆ ਖੋਜ ਕਾਰਜ ਹੈ। ਡਾ.ਪਰਮਜੀਤ ਸਿੰਘ ਜੱਜ ਨੇ ਪੰਜਾਬੀ ਨਾਵਲ ਸਾਹਿਤ ਨੂੰ ਆਪਣੀ ਕਲਮ ਵਿਚੋਂ ਹੁਣ ਤੱਕ ਪੰਜ ਨਾਵਲ ਦਿੱਤੇ ਹਨ। ਇਨ੍ਹਾਂ ਪੰਜਾਂ ਨਾਵਲਾਂ ਦੇ ਜ਼ਰੀਏ ਸਮਾਜ ਵਿੱਚ ਆਪਣਾ ਜੀਵਨ ਬਸਰ ਕਰ ਰਹੇ ਮਨੁੱਖ ਦੀਆਂ ਭਾਵਨਾਵਾਂ, ਉਨ੍ਹਾਂ ਦੇ ਸਮਾਜ ਨਾਲ ਵਰਤਾਓ ਢੰਗਾ, ਸਮਾਜ ਵਿੱਚ ਮਨੁੱਖ ਨੂੰ ਪੇਸ਼ ਆ ਰਹੀਆਂ ਕਠਨਾਈਆਂ ਅਤੇ ਮਨੁੱਖ ਦੁਆਰਾ ਸਮਾਜ ਨੂੰ ਦਿੱਤੀਆਂ ਕਠਨਾਈਆਂ ਉਚਿੱਤ ਪ੍ਰਸੰਗ ਪੇਸ਼ ਕੀਤਾ ਹੈ। ਇਨ੍ਹਾਂ ਪੰਜਾਂ ਨਾਵਲਾਂ ਵਿਚੋਂ ਡਾ.ਪਰਮਜੀਤ ਸਿੰਘ ਜੱਜ ਦੇ ਚੌਥੇ ਨਾਵਲ "ਪਛਾਣ ਬਦਲ ਗਈ ਜੋ ਸੰਨ 2010 ਵਿੱਚ ਉਨ੍ਹਾਂ ਨੇ ਸਮਾਜ ਦੇ ਸਨਮੁੱਖ ਕੀਤਾ ਉੱਤੇ ਇਹ ਹਥਲੇ ਕਾਰਜ ਕਰਨ ਦੀ ਇੱਕ ਛੋਟੀ ਜਿਹੀ ਕੋਸ਼ਿਸ਼ ਕੀਤੀ ਗਈ ਹੈ। ਅਸਤਿਤਵੀ ਸੰਕਟ ਦੇ ਝਰੋਖੇ ਵਿੱਚ ਰੱਖ ਕੇ ਇਸ ਨਾਵਲ ਵਿੱਚ ਪੇਸ਼ ਪਾਤਰਾਂ ਅਤੇ ਪ੍ਰਸਥਿਤੀਆਂ ਦਾ ਮੁਲਾਂਕਣ ਇਸ ਖੋਜ ਕਾਰਜ ਦੇ ਉਦੇਸ਼ਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ। ਇਸ ਨਾਵਲ ਨੂੰ ਚੁਣਨ ਲਈ ਖੋਜ-ਕਰਤਾ ਵੱਲੋਂ ਪੰਜਾਬੀ ਨਾਵਲ ਸਾਹਿਤ ਵਿੱਚ ਹੁਣ ਤੱਕ ਲਿਖੇ ਜਾ ਚੁੱਕੇ ਨਾਵਲਾਂ ਵਿਚੋਂ ਕੁੱਝ ਨਾਵਲਾਂ ਨੂੰ ਨੀਝ ਲਾ ਕੇ ਪੜ੍ਹਨ ਉਪਰੰਤ ਇਸ ਨਾਵਲ ਦੀ ਖੋਜ ਕੀਤੀ ਗਈ ਹੈ। ਇਸ ਅਧਿਐਨ ਨੂੰ ਮੁੱਖ ਰੂਪ ਵਿੱਚ ਇਸ ਲਈ ਬਣਾਏ ਗਏ ਉਦੇਸ਼ਾਂ ਨੂੰ ਧਿਆਨ ਵਿੱਚ ਰੱਖ ਕੇ ਚਾਰ ਅਧਿਆਇ ਵਿੱਚ ਵੰਡਿਆ ਗਿਆ ਹੈ। ਜਿਸ ਵਿੱਚ ਪਹਿਲਾਂ ਅਧਿਆਇ-'ਸਿਧਾਂਤਕ ਪਿੱਠ ਭੂਮੀ' ਜਿਸ ਵਿੱਚ ਇਸ ਹਥਲੇ ਖੋਜ ਕਾਰਜ ਲਈ ਬਣਾਏ ਗਏ ਉਦੇਸ਼ਾਂ ਅਤੇ ਹੁਣ ਤੱਕ ਕੀਤੇ ਜਾ ਚੁੱਕੇ ਅਸਤਿਤਵੀ ਸੰਕਟ ਲਈ ਖੋਜ ਕਾਰਜ ਮੁੱਖ ਹਨ। ਇਨ੍ਹਾਂ ਹੋ ਚੁੱਕੇ ਖੋਜ ਕਾਰਜਾਂ ਵਿਚੋਂ ਚੁਣ ਕੇ ਅਸਤਿਤਵੀ ਸੰਕਟ ਦੇ ਮੁੱਖ ਵਿਸ਼ਿਆਂ ਨੂੰ ਮੁੱਖ ਰੱਖ ਕੇ ਨਾਵਲ ਪਛਾਣ ਬਦਲ ਗਈ ਨੂੰ ਅਧਿਐਨ ਕਾਰਜ ਲਈ ਚੁਣਿਆ ਗਿਆ ਹੈ। ਇਸ ਅਧਿਆਇ ਵਿੱਚ ਅਸਤਿਤਵਵਾਦ ਦੇ ਨਿਕਾਸ ਅਤੇ ਵਿਕਾਸ ਬਾਰੇ ਗੱਲ ਕੀਤੀ ਗਈ ਹੈ। ਨਾਵਲ ਦਾ ਸਿਧਾਂਤਕ ਪੱਖ ਇਸ ਅਧਿਆਇ ਦਾ ਅੰਗ ਹੈ। ਇਸ ਉਪਰੰਤ ਇਸ ਖੋਜ ਕਾਰਜ ਦੇ ਲਈ ਬਣਾਏ ਗਏ ਉਦੇਸ਼ ਦੀ ਪੂਰਤੀ ਲਈ ਦੂਸਰਾ ਅਧਿਆਇ- 'ਅਸਤਿਤਵੀ ਸੰਕਟ ਉਪਜਣ ਦੇ ਕਾਰਨਾਂ ਦਾ ਅਧਿਐਨ ਕਰਨਾ ਹੈ' ਜਿਸ ਨੂੰ ਸੰਪੂਰਨ ਰੂਪ ਵਿੱਚ ਕਰਨ ਲਈ ਅਸਤਿਤਵੀ ਸੰਕਟ ਦੀਆਂ ਵਿਧੀਆਂ ਦਾ ਪ੍ਰਯੋਗ ਕਰਕੇ ਸਮਾਜ ਅੰਦਰ ਇਕ ਦੂਸਰੇ ਤੋਂ ਪਿੱਛੇ ਨਾ ਰਹਿ ਜਾਣ ਦਾ ਡਰ, ਆਧੁਨਿਕ ਜੀਵਨ ਜਾਂਚ ਕਾਰਨ ਮਨੁੱਖ ਅੰਦਰ ਨਿਰਾਸ਼ਾ, ਆਪਣਾ ਅਸਤਿਤਵ ਸੰਕਟ ਵਿਚ ਮਹਿਸੂਸ ਹੋਣਾ, ਘੁਟਨ, ਇਕੱਲਤਾ, ਅਕੇਵਾਂ, ਪਦਾਰਥੀਕਰਨ, ਅਗਲਾਉ, ਆਦਿ ਵਿਸੰਗਤੀਆਂ ਨੂੰ ਮੁੱਖ ਰੱਖ ਕੇ ਇਸ ਨਾਵਲ ਦੇ ਪ੍ਰਸੰਗ ਵਿਚੋਂ ਅਸਤਿਤਵੀ ਸੰਕਟ ਦੇ ਮੁੱਖ ਕਾਰਨ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ।ਨਾਵਲ ਪਛਾਣ ਬਦਲ ਗਈ ਵਿੱਚ ਨਾਵਲਕਾਰ ਦੁਆਰਾ ਦਰਸਾਏ ਗਏ ਵਿਸ਼ਿਆਂ ਦੇ ਵਾਰਤਾਲਾਪ ਨੂੰ ਅਸਤਿਤਵੀ ਚਿੰਤਕਾਂ ਦੇ ਵਿਚਾਰਾ ਦੀ ਪਰਖ ਸ਼ਕਤੀ ਦੇ ਨਾਲ ਪਰਖਣ ਦਾ ਕਾਰਜ ਕੀਤਾ ਗਿਆ ਹੈ। ਹਥਲੇ ਖੋਜ ਕਾਰਜ ਦੇ ਬਣਾਏ ਤੀਸਰੇ ਅਧਿਆਇ- 'ਅਸਤਿਤਵ ਦੀ ਪਛਾਣ ਅਤੇ ਸੰਘਰਸ਼' ਵਿੱਚ ਇਨ੍ਹਾਂ ਅਸਤਿਤਵੀ ਸੰਕਟ ਦੇ ਕਾਰਨਾਂ ਨੂੰ

ਧਿਆਨ ਵਿੱਚ ਰੱਖ ਕੇ ਨਾਵਲ ਪਛਾਣ ਬਦਲ ਗਈ ਵਿਚੋਂ ਅਜਿਹੇ ਬਹੁਤ ਸਾਰੇ ਪਾਤਰਾਂ ਦੀ ਅਸਤਿਤਵਵਾਦੀ ਚਿੰਤਕਾਂ ਦੁਆਰਾ ਪੇਸ਼ ਕੀਤੀ ਸੰਘਰਸ਼ ਦੀਆਂ ਹਾਲਤਾਂ ਨਾਲ ਪਰਖਣ ਦਾ ਜਤਨ ਕੀਤਾ ਗਿਆ ਹੈ।ਇਹ ਅਧਿਆਇ ਇਸ ਹਥਲੇ ਖੋਜ ਕਾਰਜ ਦੇ ਤੀਸਰੇ ਉਦੇਸ਼ ਦੀ ਪੂਰਤੀ ਲਈ ਕੀਤਾ ਗਿਆ ਹੈ।ਇਸ ਅਧਿਐਨ ਦੇ ਚੌਥੇ ਅਧਿਆਇ-'ਅਸਤਿਤਵੀ ਸੰਕਟ ਦੇ ਸਮਾਜ ਅਤੇ ਵਿਅਕਤਿਤਵ ਉੱਪਰ ਪ੍ਰਭਾਵ ਦਾ ਅਧਿਐਨ' ਕੀਤਾ ਗਿਆ ਹੈ। ਚੌਥੇ ਅਧਿਆਇ ਵਿੱਚ ਅਧਿਆਇ ਪਹਿਲੇ, ਦੂਸਰੇ ਅਤੇ ਤੀਸਰੇ ਅਧਿਆਇ ਵਿਚੋਂ ਪ੍ਰਾਪਤ ਅੰਕੜਿਆਂ ਜੋ ਅਸਤਿਤਵੀ ਸੰਕਟ ਦੇ ਕਾਰਨਾਂ ਅਤੇ ਅਸਤਿਤਵ ਦੀ ਪਛਾਣ ਅਤੇ ਸੰਘਰਸ਼ ਦੇ ਅਸਤਿਤਵਵਾਦੀਆਂ ਦੇ ਚਿੰਤਕਾਂ ਦੀਆਂ ਵਿਧੀਆਂ ਦੇ ਦੁਆਰਾ ਪੇਸ਼ ਕੀਤੇ ਪ੍ਰਭਾਵਾਂ ਨੂੰ ਅਧਾਰ ਬਣਾ ਕੇ ਸਮਾਜ ਅਤੇ ਵਿਅਕਤਿਤਵ ਉੱਪਰ ਪੈਂਦੇ ਪ੍ਰਭਾਵ ਅਤੇ ਪੈਦਾ ਹੋ ਰਹੀਆਂ ਵਿਸੰਗਤੀਆਂ ਅਤੇ ਸਮਾਜ ਮਾਰੂ ਤੱਤਾ ਦਾ ਅਧਿਐਨ ਕੀਤਾ ਗਿਆ ਹੈ। ਇਹ ਸਾਰਾ ਹਥਲਾ ਖੋਜ ਕਾਰਜ ਨਾਵਲ ਪਛਾਣ ਬਦਲ ਗਈ ਦੇ ਅਧਿਐਨ ਕਾਰਜ ਅਸਤਿਤਵੀ ਸੰਕਟ ਦੇ ਉਪਜਣ ਕਾਰਨਾਂ ਅਤੇ ਇਸ ਦੇ ਨਾਲ ਸਮਾਜ ਉੱਤੇ ਪੈਂਦੇ ਪ੍ਰਭਾਵਾਂ ਬਾਰੇ ਇਸ ਖੋਜ ਕਾਰਜ ਵਿੱਚ ਤੱਥਾਂ ਦੇ ਅਧਾਰ 'ਤੇ ਵਿਚਾਰ ਚਰਚਾ ਕੀਤੀ ਗਈ ਹੈ। ਇਨ੍ਹਾਂ ਸਭ ਉਦੇਸ਼ਾਂ ਦੇ ਆਧਾਰ ਤੇ ਨਾਵਲ ਪਛਾਣ ਬਦਲ ਗਈ ਦਾ ਅਸਤਿਤਵੀ ਸੰਕਟ ਅਧਿਐਨ ਕੀਤਾ ਗਿਆ ਅਤੇ ਨਿਸ਼ਕਰਸ਼ ਇਸ ਅਧਿਐਨ ਕਾਰਜ ਦੇ ਆਖ਼ਰ ਵਿੱਚ ਕੱਢਣ ਦੀ ਕੋਸ਼ਿਸ਼ ਕੀਤੀ ਗਈ ਹੈ।

ਗੱਦ ਜਾਂ ਵਾਰਤਕ ਪੰਜਾਬੀ ਸਾਹਿਤ ਦਾ ਮਹੱਤਵਪੂਰਨ ਰੂਪ ਹੈ। ਇਸ ਦਾ ਸਬੰਧ ਵਧੇਰੇ ਕਰਕੇ, ਦਿਮਾਗ਼ ਨਾਲ ਹੈ।ਭਾਵੇਂ ਇਸ ਵਿੱਚ ਕਾਵਿ-ਸਾਹਿਤ ਵਰਗੀ ਰਵਾਨਗੀ ਤੇ ਮਿਠਾਸ ਨਹੀਂ ਹੁੰਦੀ, ਪਰ ਫਿਰ ਵੀ ਇਹ ਸਾਡੀ ਬੁੱਧੀ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਜੇਕਰ ਕਵਿਤਾ ਅਨੰਦ ਤੇ ਰਸ ਦੀ ਵਸਤੂ ਹੈ ਤਾਂ ਗੱਦ ਵਿੱਚ ਜੀਵਨ ਦੀ ਵਾਸਤਵਿਕਤਾ ਦੇ ਦਰਸ਼ਨ ਹੁੰਦੇ ਹਨ। ਗੱਦ-ਰਚਨਾ ਵਿੱਚ ਲੇਖਕ ਸੁਤੰਤਰ ਰਹਿੰਦਾ ਹੈ ਪਰੰਤੂ ਉਸ ਨੂੰ ਬਹੁਤ ਸਾਵਧਾਨ ਵੀ ਰਹਿਣਾ ਪੈਂਦਾ ਹੈ, ਕਿਉਂਕਿ ਇੱਥੇ ਵਿਆਕਰਨਿਕ ਅਸ਼ੁੱਧੀਆਂ ਦੀ ਗੁੰਜਾਇਸ਼ ਨਹੀਂ ਹੁੰਦੀ। ਅਸਲ ਵਿੱਚ ਗਿਆਨ ਪ੍ਰਾਪਤੀ ਦਾ ਸਭ ਤੋਂ ਵੱਡਾ ਸਾਧਨ ਗੱਦ ਸਾਹਿਤ ਹੀ ਹੈ। ਗੱਦ ਵਿੱਚ ਸਾਹਿਤ ਦੇ ਅਨੇਕ ਰੂਪ, ਜਿਵੇਂ ਕਹਾਣੀ, ਨਾਵਲ, ਨਿਬੰਧ, ਨਾਟਕ, ਇਕਾਂਗੀ, ਆਲੋਚਨਾ, ਰੇਡੀਉ ਨਾਟਕ, ਜੀਵਨੀ, ਰੇਖਾ ਚਿੱਤਰ, ਵਿਆਕਰਨ, ਪੱਤਰ ਆਦਿ ਆ ਜਾਂਦੇ ਹਨ। ਇਨ੍ਹਾਂ ਰੂਪਾਂ ਵਿੱਚੋਂ ਹਥਲਾ ਖੋਜ ਕਾਰਜ ਪੰਜਾਬ ਸਾਹਿਤ ਦੇ ਗੱਦ ਰੂਪ ਨਾਵਲ ਦੇ ਰੂਪ ਨੂੰ ਲੈ ਕੇ ਕੀਤਾ ਗਿਆ ਅਧਿਐਨ ਕਾਰਜ ਹੈ।

ਡਾ.ਪਰਮਜੀਤ ਸਿੰਘ ਜੱਜ ਦੇ ਨਾਵਲ ਵਿੱਚ ਕੀਤੇ ਗਏ ਇਸ ਖੋਜ ਕਾਰਜ ਤੋਂ ਪਹਿਲਾਂ ਵੀ ਪੰਜਾਬੀ ਸਾਹਿਤ ਦੀਆਂ ਬਹੁਤ ਸਾਰੀਆਂ ਵਿਧਾਵਾਂ ਤੇ ਅਸਤਿਤਵਵਾਦ ਦੇ ਵੱਖ-ਵੱਖ ਵਿਸ਼ਿਆਂ ਨੂੰ ਅਧਾਰ ਬਣਾ ਕਹਾਣੀਆਂ, ਕਵਿਤਾਵਾਂ, ਨਾਵਲ ਲਿਖੇ ਜਾ ਚੁੱਕੇ ਹਨ ਇਸੇ ਤਰ੍ਹਾਂ ਡਾ.ਪਰਮਜੀਤ ਸਿੰਘ ਜੱਜ ਦੁਆਰਾ ਰਚਿਤ ਨਾਵਲ ਪਛਾਣ ਬਦਲ ਗਈ ਵੀ ਅਸਤਿਤਵਵਾਦੀ ਸੰਦਰਭ ਦੇ ਪ੍ਰਭਾਵ ਨੂੰ ਉਜਾਗਰ ਕਰਦਾ ਹੈ।

"ਅਸਤਿਤਵੀ ਸੰਕਟ ਦਾ ਅਧਿਐਨ ਵਿਧੀ ਸਮਕਾਲੀ ਚਿੰਤਨ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ। ਇਹ ਵਿਧੀ ਦੂਸਰੇ ਗਿਆਨ ਅਨੁਸ਼ਾਸਨਾਂ ਦੀਆਂ ਸਿਧਾਂਤਕ ਧਾਰਨਾਵਾਂ ਨੂੰ ਅੰਤਰ ਅਨੁਸ਼ਾਸਨੀ ਪ੍ਰਸੰਗ ਪ੍ਰਦਾਨ ਕਰਦੀ ਹੈ। ਇਹ ਵਿਧੀ ਆਪਣੀਆਂ ਸਮਕਾਲੀਨ ਅਤੇ ਪੂਰਵ ਪ੍ਰਚਲਿਤ ਅਧਿਐਨ ਵਿਧੀਆਂ ਤੋਂ ਇਸ ਬੁਨਿਆਦੀ ਤਰਕ ਵਾਲ ਭਿੰਨਤਾ ਸਿਰਜ

ਲੈਂਦੀ ਹੈ ਕਿ ਜਿੱਥੇ ਦੂਸਰੀਆਂ ਅਧਿਐਨ ਵਿਧੀਆਂ ਹਰ ਵਰਤਾਰੇ ਦਾ ਅਧਿਐਨ ਪੂਰਵ ਸਥਾਪਤ ਸਿਧਾਂਤਕ ਚੌਖਟੇ ਦੇ ਨਾਲ ਕਰਦੀਆਂ ਹਨ, ਉੱਥੇ ਇਹ ਵਿਧੀ ਹਰ ਵਰਤਾਰੇ ਦਾ ਅਧਿਐਨ ਸਮਕਾਲੀਨ ਸਮਾਜਕ, ਇਤਿਹਾਸਕ, ਆਰਥਿਕ ਅਤੇ ਸਭਿਆਚਾਰ ਸੰਦਰਭ ਵਿੱਚ ਬਿਨਾਂ ਕਿਸੇ ਪੂਰਵ ਪ੍ਰਚਲਿਤ ਸਿਧਾਂਤਾਂ ਤੋਂ ਕਰਦੀ ਹੈ। ਇਸ ਵਿਧੀ ਦਾ ਨਿਕਾਸ ਤੇ ਵਿਕਾਸ ਭਾਵੇਂ ਪੱਛਮ ਵਿੱਚ ਹੀ ਹੋਇਆ ਹੈ ਪਰ ਇਸ ਵਿਧੀ ਨੇ ਸੰਸਾਰ ਦੇ ਭਿੰਨ-ਭਿੰਨ ਖ਼ਿੱਤਿਆਂ ਵਿੱਚ ਪ੍ਰਚਲਿਤ ਹੋ ਕੇ ਖ਼ਿੱਤੇ ਵਿਸ਼ੇਸ਼ ਦੇ ਸੰਦਰਭ ਵਿੱਚ ਮੌਜੂਦ ਵਰਤਾਰਿਆਂ ਨੂੰ ਸਮਝਣ ਦਾ ਯਤਨ ਕੀਤਾ ਹੈ। ਇਹ ਪਹੁੰਚ ਵਿਧੀ ਸਾਂਸਕ੍ਰਿਤਿਕ ਸਿਰਜਣਾਵਾਂ ਅਤੇ ਸਾਹਿਤਕ ਪਾਠਾਂ ਵਿੱਚ ਵਿਦਵਾਨ ਮਨੁੱਖੀ ਹੋਂਦ ਦੇ ਸੰਕਟ 'ਤੇ ਅਨੇਕ ਡੂੰਘੇ ਅਤੇ ਲੁਪਤ ਪੱਖਾ ਨੂੰ ਉਜਾਗਰ ਕਰਨ ਅਤੇ ਉਨ੍ਹਾਂ ਦੇ ਸਹੀਂ ਸੁਭਾਅ ਨੂੰ ਸਮਝਣ ਲਈ ਅਧਿਕ ਪ੍ਰਮਾਣਿਕ, ਵਿਗਿਆਨਕ ਅਤੇ ਉਪਯੋਗੀ ਸਿੱਧ ਹੋਈ ਹੈ।

ਬੇਸ਼ੱਕ ਪੱਛਮੀ ਗਲਪ ਆਲੋਚਨਾ ਵਿੱਚ ਇਹ ਪਹੁੰਚ ਵਿਧੀ ਦੀ ਵਰਤੋਂ ਬਹੁਤ ਹੋਈ ਹੈ ਇਸ ਦਾ ਕਾਰਨ ਇਹ ਹੈ ਕਿ ਪੱਛਮ ਵਿੱਚ ਅਸਤਿਤਵਵਾਦ ਦੇ ਪ੍ਰਭਾਵ ਅਧੀਨ ਕਾਫ਼ੀ ਸਾਹਿਤ ਰਚਿਆ ਗਿਆ ਹੈ। ਪੰਜਾਬੀ ਭਾਸ਼ਾ ਵਿੱਚ ਇਸ ਵਿਧੀ ਸਬੰਧੀ ਕੰਮ ਘੱਟ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਪੰਜਾਬੀ ਸਾਹਿਤ ਵਿੱਚ ਅਸਤਿਤਵਵਾਦੀ ਵਿਸ਼ਿਆਂ ਦਾ ਪ੍ਰਗਟਾਓ ਹੀ ਨਹੀਂ ਹੋਇਆ। ਪੰਜਾਬੀ ਸਾਹਿਤ ਵਿੱਚ ਆਦਿ ਕਾਲ ਤੋਂ ਹੀ ਅਸਤਿਤਵੀ ਵਿਸ਼ਿਆਂ ਦੀ ਪੇਸ਼ਕਾਰੀ ਹੁੰਦੀ ਰਹੀ ਹੈ। ਆਧੁਨਿਕ ਕਵਿਤਾ, ਨਾਵਲ, ਨਾਟਕ, ਕਹਾਣੀ ਆਦਿ ਵਿੱਚ ਅਸਤਿਤਵੀ ਵਿਸ਼ਿਆਂ ਦਾ ਕਾਫ਼ੀ ਪ੍ਰਗਟਾਵਾ ਹੋਇਆ ਹੈ। ਪੰਜਾਬੀ ਨਾਵਲ ਵਿੱਚ ਅਸਤਿਤਵਵਾਦੀ ਵਿਸ਼ਿਆਂ ਦਾ ਪ੍ਰਗਟਾਓ ਸੁਚੇਤ ਤੇ ਅਚੇਤ ਰੂਪ ਵਿੱਚ ਹੋਇਆ ਹੈ।

ਪੰਜਾਬੀ ਸਾਹਿਤ ਵਿੱਚ ਅਸਤਿਤਵਵਾਦ ਦੀ ਗੱਲ ਤਾਂ ਬਾਬਾ ਫ਼ਰੀਦ ਦੇ ਕਾਲ ਤੋਂ ਹੁੰਦੀ ਆ ਰਹੀ ਹੈ। ਇਸ ਤੋਂ ਇਲਾਵਾ ਗੁਰਮਤਿ ਕਾਵਿ ਧਾਰਾ, ਸੂਫ਼ੀ ਧਾਰਾ, ਅਤੇ ਬੀਰ ਕਾਵਿ ਧਾਰਾ ਵਿੱਚ ਅਸਤਿਤਵਵਾਦ ਦੀ ਗੱਲ ਕੀਤੀ ਜਾ ਚੁੱਕੀ ਹੈ। ਫ਼ਰੀਦ ਬਾਣੀ ਵਿੱਚ ਦੁੱਖ, ਨਾਸ਼ਮਾਨਤਾ, ਮੌਤ ਆਦਿ ਵਿਸ਼ਿਆਂ ਨੂੰ ਅਧਾਰ ਬਣਾ ਕੇ ਬਾਬਾ ਫ਼ਰੀਦ ਜੀ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਹਨ।ਫ਼ਰੀਦ ਬਾਣੀ ਵਿੱਚ ਅਸਤਿਤਵੀ ਸੰਕਟ ਦੇ ਸੰਤਾਪ ਨੂੰ ਪੇਸ਼ ਕਰਦੀ ਦੁੱਖ ਦੀ ਸਮੱਸਿਆ ਕੁੱਝ ਵਧੇਰੇ ਹੈ। ਅਸਤਿਤਵਵਾਦ ਦਾ ਇਹ ਪ੍ਰਭਾਵ ਡਾ.ਪਰਮਜੀਤ ਸਿੰਘ ਦੇ ਨਾਵਲ "ਪਛਾਣ ਬਦਲ ਗਈ" ਵਿੱਚ ਵੀ ਪੇਸ਼ ਹੈ। ਜਿਸ ਨੂੰ ਮੁੱਖ ਰੱਖ ਕੇ ਅਸਤਿਤਵੀ ਸੰਕਟ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

# ਅਧਿਆਇ-ਪਹਿਲਾ

# ਸਿਧਾਂਤਕ ਪਿੱਠ ਭੂਮੀ

1.1 ਸਮੱਸਿਆ ਕਥਨ:- ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਹਰ ਮਨੁੱਖ ਦੀ ਇਹ ਦਿਲੀ ਇੱਛਾ ਹੈ ਕਿ ਉਸ ਦੇ ਸਮਾਜ ਵਿੱਚ ਉਸ ਦੀ ਆਪਣੀ ਇੱਕ ਪਛਾਣ ਹੋਵੇ, ਉਸ ਦਾ ਕੋਈ ਅਸਤਿਤਵ ਹੋਵੇ। ਕਈ ਵਾਰ ਇਹ ਸੰਭਵ ਹੁੰਦਾ ਹੈ ਅਤੇ ਕਈ ਵਾਰ ਅਜਿਹਾ ਨਹੀਂ ਹੁੰਦਾ ਜਾਂ ਇੰਝ ਕਹਿ ਲਿਆ ਜਾਂਦਾ ਕਿ ਇਕ ਸਮਾਜਕ ਸਮੂਹ ਵਿੱਚ ਕੁੱਝ ਲੋਕ ਆਪਣੀ ਪਛਾਣ, ਆਪਣਾ ਅਸਤਿਤਵ ਬਣਾਉਣ ਵਿੱਚ ਸਫਲ ਹੋ ਜਾਂਦੇ ਹਨ ਅਤੇ ਕੁੱਝ ਚਾਹੁੰਦਿਆਂ ਹੋਇਆ ਵੀ ਨਹੀਂ ਬਣਾ ਪਾਉਦੇ। ਅਜਿਹੀ ਸਥਿਤੀ ਵਿੱਚ ਉਨ੍ਹਾਂ ਅੰਦਰ ਇਕ ਸਮੱਸਿਆ, ਇਕ ਬੇਚੈਨੀ ਪੈਦਾ ਹੋ ਜਾਂਦੀ ਹੈ ਜਿਸ ਨੂੰ ਚਿੰਤਕਾਂ ਨੇ ਅਸਤਿਤਵੀ ਸੰਕਟ ਦਾ ਨਾਮ ਦਿੱਤਾ ਹੈ।ਜੱਦੋ ਮਨੁੱਖ ਇਸ ਅਸਤਿਤਵੀ ਸੰਕਟ ਵਿੱਚ ਘਿਰ ਜਾਂਦਾ ਹੈ ਤਾਂ ਉਹ ਨਾਲ ਹੀ ਅਨੇਕਾਂ ਹੋਰ ਸਮੱਸਿਆਵਾਂ ਦਾ ਸ਼ਿਕਾਰ ਹੋ ਜਾਂਦਾ ਹੈ।ਭਾਵ ਅਸਤਿਤਵੀ ਸੰਕਟ ਸਮਾਜ ਵਿੱਚ ਮਨੁੱਖ ਦਾ ਅਨੇਕਾਂ ਪ੍ਰਕਾਰ ਦੀਆਂ ਹੋਰ ਸਮੱਸਿਆਵਾਂ ਪੈਦਾ ਕਰਨ ਕਾਰਨ ਬਣਦਾ ਹੈ। ਜਿਸ ਕਾਰਨ ਮਨੁੱਖ ਦੀ ਪਛਾਣ ਪ੍ਰਭਾਵਿਤ ਹੁੰਦੀ ਹੈ। ਮਨੁੱਖ ਦੁਆਰਾ ਹੀ ਪੈਦਾ ਹੋਈਆਂ ਸਮੱਸਿਆਵਾਂ ਮਨੁੱਖ ਦੇ ਕਾਰ-ਵਿਵਹਾਰ, ਰਹਿਣ-ਸਹਿਣ, ਉਸ ਦੇ ਸੋਚ-ਵਿਚਾਰ ਨੂੰ ਪ੍ਰਭਾਵਿਤ ਕਰਦਾ ਹੈ ਜਿਸ ਕਾਰਨ ਕਈ ਵਾਰ ਸਮਾਜ ਵਿੱਚ ਵੀ ਕਈ ਪ੍ਰਕਾਰ ਦੇ ਸੰਕਟ ਆਉਦੇ ਹਨ। ਜਿਨ੍ਹਾਂ ਤੇ ਠੱਲ੍ਹ ਪਾਉਣਾ ਉਨ੍ਹਾਂ ਹੀ ਮੁਸ਼ਕਲ ਹੈ ਜਿਨ੍ਹਾਂ ਗਰਮ ਤੇਲ ਦੀ ਕੜਾਹੀ ਵਿੱਚੋਂ ਹੱਥ ਪਾਕੇ ਪੂਰੀ (ਪੂੜੀ) ਕੱਢਣਾ ਹੁੰਦਾ ਹੈ।ਮਨੁੱਖ ਦੀ ਅਸਲ ਪਛਾਣ ਤੋਂ ਲੈ ਕੇ ਉਸ ਦੇ ਜੀਵਨ ਦੀਆਂ ਸਮੱਸਿਆਵਾਂ ਨੂੰ ਦੇਖਣਾ ਅਸਲ ਅਸਤਿਤਵੀ ਸੰਕਟ ਹੈ। ਹਥਲਾ ਖੋਜ ਕਾਰਜ ਮਨੁੱਖ ਦੇ ਇਸੇ ਅਸਤਿਤਵੀ ਸੰਕਟ ਨੂੰ ਇਕ ਸਮੱਸਿਆ ਦੇ ਤੋਰ ਤੇ ਦੇਖਦੇ ਹੋਏ, ਇਸ ਦੇ ਕਾਰਨ ਅਤੇ ਇਸ ਤੋਂ ਬਚਣ ਲਈ ਕੁਝ ਸੁਝਾਅ ਪੇਸ਼ ਕਰਨ ਦਾ ਯਤਨ ਹੈ।

1.2 ਖੋਜ ਕਾਰਜ ਦੀ ਪ੍ਰਸੰਗਿਕਤਾ:-

ਭਾਰਤੀ ਸਮਾਜ ਸ਼ੁਰੂ ਤੋਂ ਹੀ ਜਾਤਾਂ-ਪਾਤਾਂ, ਧਰਮਾਂ ਵਿਚ ਵੰਡਿਆ ਹੋਇਆ ਹੈ ਜਿਸ ਕਾਰਨ ਇੱਕ ਜਾਤੀ ਦੂਜੀ ਜਾਤੀ ਅਤੇ ਇੱਕ ਧਰਮ ਦੂਜੇ ਧਰਮ ਤੇ ਹਮੇਸ਼ਾ ਹਾਵੀ ਹੋਣ ਲਈ ਆਪਣੇ ਆਪ ਦੀ ਪਛਾਣ ਬਦਲ ਕੇ ਧਰਮ, ਜਾਤੀ, ਰਾਜਨੀਤਕ ਦਲਾਂ ਅਨੁਸਾਰ ਆਪਣੀ ਪਛਾਣ ਬਦਲ ਲੈਂਦੇ ਹਨ ਜਿਸ ਦਾ ਵੱਡਾ ਕਾਰਨ ਦੰਗੇ, ਫ਼ਸਾਦ, ਲੁੱਟਾਂ-ਖੋਹਾਂ ਤੇ ਬਰਬਾਦੀ ਵਰਗੀਆਂ ਸਮੱਸਿਆਵਾਂ ਬਣਦੀਆਂ ਹਨ।ਜਿਸ ਦਾ ਪ੍ਰਮੁੱਖ ਕਾਰਨ ਖ਼ਾਸ ਕਰ ਉਹ ਮਨੁੱਖ ਹੁੰਦੇ ਹਨ ਜੋ ਆਪਣੀ ਸਮਾਜ ਅੰਦਰ ਉਹ ਪਹਿਚਾਣ ਨਹੀਂ ਬਣਾ ਪਾਉਂਦੇ ਜੋ ਚਾਹੁੰਦੇ ਹਨ। ਜਿਸ ਕਾਰਨ ਉਹ ਆਪਣੀ ਪਛਾਣ ਨੂੰ ਬਣਾਉਣ ਲਈ ਕਈ ਵਾਰ ਅਜਿਹੇ ਹੱਥ ਕੰਡੇ ਅਪਣਾਉਂਦੇ ਹਨ ਜੋ ਸਮਾਜ ਅਤੇ ਉਸ ਵਿਅਕਤੀ ਲਈ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣਦੇ ਹਨ।ਇਸ ਕਾਰਨ ਉਸ ਮਨੁੱਖ ਅੰਦਰ ਡਰ, ਬੇਚੈਨੀ ਹਮੇਸ਼ਾ ਬਣਿਆ ਰਹਿੰਦਾ ਹੈ ਜੋ ਉਸ ਦੇ ਅਸਤਿਤਵ ਲਈ ਇੱਕ ਵੱਡੇ ਸੰਕਟ ਦਾ ਕਾਰਨ ਬਣਦੀ ਹੈ। ਹਰ ਮਨੁੱਖ ਆਪਣੇ ਆਪ ਦਾ ਨਾਮ ਬਣਾਉਣ ਦੀ ਦੋੜ ਵਿੱਚ ਬਿਨਾਂ ਕੁਝ ਸੋਚੇ ਪਤਾ ਨਹੀਂ ਕਿੰਨੀਆਂ ਮੁਸ਼ਕਲਾਂ ਨਾਲ ਜੂਝਣਾ ਪੈਂਦਾ ਹੈ ਫੇਰ ਚਾਹੇ ਉਹ ਅਲੱਗ ਦਿੱਖ ਲਈ ਕਿਸੇ ਦੂਸਰੇ ਇਨਸਾਨ ਦਾ

ਕਤਲ ਤੱਕ ਨਾ ਕਰਵਾ ਦੇਵੇ ਉਸ ਵਿਅਕਤੀ ਅੰਦਰ ਚੱਲ ਰਹੀ ਇਹ ਕਸ਼ਮਕਸ਼ ਉਸ ਅੰਦਰ ਪਤਾ ਨਹੀਂ ਕਿੰਨੀਆਂ ਸਮੱਸਿਆਵਾਂ ਦੀ ਬਹੁਤਾਤ ਪੈਦਾ ਕਰ ਦਿੰਦੀਆਂ ਹਨ ਜੋ ਅਸਤਿਤਵੀ ਸੰਕਟ ਦੇ ਘੇਰੇ ਵਿੱਚ ਆਉਂਦੀਆਂ ਆਉਂਦੀਆਂ ਹਨ। ਇਸ ਪ੍ਰਸੰਗ ਵਿੱਚ ਅਜੋਕੇ ਸਮਾਜ ਵਿਚ ਵਿਚਰ ਰਹੇ ਸਮਾਜਕ ਪ੍ਰਾਣੀਆਂ ਦੀ ਪ੍ਰਤੀਨਿਧਤਾ ਕਰਨ ਵਾਲੇ ਸਾਹਿਤਕਾਰ ਦੇ ਨਾਵਲ ਪਛਾਣ ਬਦਲ ਗਈ ਰਾਹੀ ਸਮੁੱਚੇ ਮਨੁੱਖੀ ਵਰਤਾਰੇ ਦੇ ਬਦਲ ਰਹੇ ਅਸਤਿਤਵੀ ਸੰਕਟ ਅਤੇ ਅਨੁਭਵ ਦਾ ਅਧਿਐਨ ਕਰਨਾ ਹੈ। ਇਹੀ ਹੀ ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਹੈ ਅਤੇ ਅਜੋਕੇ ਸਮਾਜਿਕ ਪ੍ਰਸੰਗ ਵਿਚ ਅਸਤਿਤਵਵਾਦ ਦ੍ਰਿਸ਼ਟੀ ਦਾ ਅਧਿਐਨ ਕਰਨ ਦੇ ਕਾਰਨਾਂ ਨਾਲ ਮਨੁੱਖ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਨ ਅਤੇ ਸਮਾਜ ਵਿੱਚ ਚੇਤਨਾ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ।

1.3 ਉਦੇਸ਼:-

ਕੋਈ ਵੀ ਰਚਨਾ ਉਦੇਸ਼ ਰਹਿਤ ਨਹੀਂ ਹੁੰਦੀ। ਇਹ ਉਦੇਸ਼ ਹੀ ਹੈ ਜਿਹੜਾ ਕਿਸੇ ਰਚਨਾ ਪ੍ਰਕਿਰਿਆ ਨੂੰ ਪ੍ਰੇਰਨਾ-ਨਾਇਕ ਬਣਾਉਂਦਾ ਹੈ। ਇਸ ਕਰਕੇ ਉਦੇਸ਼ ਨਿਡੋਲ ਤੇ ਮਜ਼ਬੂਤ ਹੋਣੇ ਚਾਹੀਦੇ ਹਨ। ਕੋਈ ਵੀ ਰਚਨਾ ਉਦੋਂ ਹੀ ਸੰਪੂਰਨ ਹੁੰਦੀ ਜਦੋਂ ਉਸ ਦਾ ਉਦੇਸ਼ ਸਾਫ਼ ਤੇ ਸਪਸ਼ਟ ਹੋਵੇ ਤੇ ਉਦੇਸ਼ ਦੀ ਪੂਰਤੀ ਹੋਵੇ। ਇਸ ਕਰਕੇ ਰਚਣ ਹਾਰੇ ਨੂੰ ਅਜਿਹੇ ਹੀ ਉਦੇਸ਼ਾਂ ਨੂੰ ਧਿਆਨ ਵਿਚ ਰੱਖ ਕੇ ਰਚਨਾ ਕਰਨੀ ਚਾਹੀਦੀ ਹੈ ਜਿਸ ਦੀ ਪੂਰਤੀ ਹੋ ਸਕੇ।

1. ਪਰਮਜੀਤ ਸਿੰਘ ਜੱਜ ਦੁਆਰਾ ਨਾਵਲ ਪਛਾਣ ਬਦਲ ਗਈ ਵਿੱਚ ਪੇਸ਼ ਅਸਤਿਤਵੀ ਸੰਕਟ ਦੇ ਕਾਰਨਾਂ ਦੀ ਤਲਾਸ਼ ਕਰਨੀ।

2. ਪਛਾਣ ਬਦਲ ਗਈ ਨਾਵਲ ਦੇ ਆਧਾਰ 'ਤੇ ਅਸਤਿਤਵੀ ਸੰਕਟ ਕਾਰਨ ਮਨੁੱਖੀ ਸੁਭਾਅ ਵਿੱਚ ਆਈਆਂ ਤਬਦੀਲੀਆਂ ਦੀ ਤਲਾਸ਼ ਕਰਨੀ।

3. ਪਛਾਣ ਬਦਲ ਗਈ ਨਾਵਲ ਵਿਚ ਅਸਤਿਤਵ ਨੂੰ ਬਚਾਉਣ ਲਈ ਕੀਤੇ ਜਾਂਦੇ ਸੰਘਰਸ਼ ਦਾ ਮੁਲਾਂਕਣ ਕਰਨਾ।

4. ਪਛਾਣ ਬਦਲ ਗਈ ਨਾਵਲ ਵਿਚ ਦਰਸਾਏ ਅਸਤਿਤਵੀ ਸੰਕਟ ਦੇ ਸਮਾਜ ਅਤੇ ਵਿਅਕਤਿਤਵ ਉੱਪਰ ਪਏ ਪ੍ਰਭਾਵਾਂ ਦਾ ਮੁਲਾਂਕਣ ਕਰਨਾ।

1.4 ਖੋਜ ਵਿਧੀ:-

ਕਿਸੇ ਵੀ ਰਚਨਾ ਦੇ ਅੰਤਰਗਤ ਖੋਜ ਕਾਰਜ ਕਰਨ ਲਈ ਕੁਝ ਵਿਧੀਆਂ ਦੀ ਵਰਤੋਂ ਕਰਨੀ ਪੈਂਦੀ ਹੈ। ਜਿਸ ਨਾਲ ਉਹ ਖੋਜ ਕਾਰਜ ਮੁਸ਼ਕਲ ਹੁੰਦਾ ਹੈ। ਵਿਸ਼ੇ ਦੇ ਆਧਾਰ ਤੇ ਅਲੱਗ-ਅਲੱਗ ਖੋਜ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਪੰਜਾਬੀ ਨਾਵਲ ਦਾ ਅਸਤਿਤਵਵਾਦੀ ਦ੍ਰਿਸ਼ਟੀ ਅਧਿਐਨ ਵਿਸ਼ੇ ਦੇ ਆਧਾਰ ਤੇ ਖੋਜ ਕਰਨ ਲਈ ਅਸਤਿਤਵਵਾਦੀ ਵਿਧੀ ਦੀ ਵਰਤੋਂ ਕੀਤੀ ਗਈ ਹੈ।ਅਸਤਿਤਵਵਾਦੀ ਵਿਧੀ ਸਮਕਾਲੀ ਚਿੰਤਨ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ।ਇਹ ਵਿਧੀ ਦੂਸਰੇ ਵਿਗਿਆਨ ਅਨੁਸ਼ਾਸਨਾਂ ਦੀਆਂ ਸਿਧਾਂਤਕ ਧਾਰਨਾਵਾਂ ਨੂੰ ਆਪਣੇ ਵਿੱਚ ਸਮਿਲਤ ਕਰਦੀ ਹੋਈ ਆਪਣੇ ਅਧਿਐਨ ਮਾਡਲ ਨੂੰ ਅੰਤਰ ਅਨੁਸ਼ਾਸਨੀ ਪ੍ਰਸੰਗ ਪ੍ਰਦਾਨ ਕਰਦੀ ਹੈ।ਇਹ ਖੋਜ ਵਿਧੀ ਆਪਣੀਆਂ ਪੂਰਵ ਅਤੇ ਸਮਕਾਲੀ ਪ੍ਰਚਲਿਤ ਅਧਿਐਨ ਵਿਧੀਆਂ ਤੋਂ ਇਸ ਬੁਨਿਆਦੀ ਤਰਕ ਨਾਲ ਭਿੰਨਤਾ ਸਿਰਜ ਲੈਂਦੀ ਹੈ ਕਿ ਜਿੱਥੇ ਦੂਸਰੀਆਂ ਅਧਿਐਨ ਵਿਧੀਆਂ ਹਰ ਇਕ ਵਰਤਾਰੇ ਦਾ ਅਧਿਐਨ ਪੂਰਵ ਸਥਾਪਤ ਸਿਧਾਂਤਕ ਵਰਤਾਰੇ ਦੇ ਨਾਲ ਕਰਦੀਆਂ ਹਨ, ਉੱਥੇ ਇਹ ਵਿਧੀ ਹਰ ਵਰਤਾਰੇ ਦਾ ਅਧਿਐਨ ਸਮਕਾਲੀਨ ਸਮਾਜਿਕ, ਇਤਿਹਾਸਕ, ਆਰਥਿਕ, ਅਤੇ ਸਭਿਆਚਾਰਕ ਸੰਦਰਭ ਵਿੱਚ ਬਿਨਾਂ ਕਿਸੇ ਪੂਰਵ ਪ੍ਰਚਲਿਤ ਸਿਧਾਂਤ ਤੋਂ ਕਰਦੀ ਹੈ।ਇਸ ਅਧਿਐਨ ਵਿਧੀ ਦਾ ਨਿਕਾਸ ਤੇ ਵਿਕਾਸ ਭਾਵੇਂ ਪੱਛਮ ਵਿੱਚ ਹੀ ਹੋਇਆ ਹੈ ਪਰ ਇਸ ਵਿਧੀ ਨੇ ਸੰਸਾਰ ਦੇ ਭਿੰਨ-ਭਿੰਨ ਖ਼ਿੱਤਿਆਂ ਵਿੱਚ ਪ੍ਰਚਲਿਤ ਹੋ ਕੇ ਖ਼ਿੱਤੇ ਵਿਸ਼ੇਸ਼ ਦੇ ਸੰਦਰਭ ਵਿੱਚ ਮੌਜੂਦ ਵਰਤਾਰਿਆਂ ਨੂੰ ਸਮਝਣ ਦਾ ਯਤਨ ਕੀਤਾ ਹੈ।ਇਹ ਪਹੁੰਚ ਵਿਧੀ ਸਾਂਸਕ੍ਰਿਤਿਕ ਸਿਰਜਣਾਵਾਂ ਅਤੇ ਸਾਹਿੱਤਿਕ ਪਾਠਾਂ ਵਿੱਚ ਵਿਦਵਾਨ ਮਨੁੱਖੀ ਹੋਂਦ ਦੇ ਸੰਕਟ ਦੇ ਅਨੇਕਾਂ ਡੂੰਘੇ ਅਤੇ ਲੁਪਤ ਪੱਖਾਂ ਨੂੰ ਉਜਾਗਰ ਕਰਨ ਅਤੇ ਉਨ੍ਹਾਂ ਦੇ ਸਹੀ ਸੁਭਾਅ ਨੂੰ ਸਮਝਣ ਲਈ ਅਧਿਕ ਪ੍ਰਮਾਣਿਕ, ਵਿਗਿਆਨਕ, ਅਤੇ ਉਪਯੋਗੀ ਸਿੱਧ ਹੋਈ ਹੈ।

1.5 ਪਰਿਕਲਪਨਾ:-

ਹਥਲੇ ਖੋਜ ਕਾਰਜ ਨੂੰ ਮੁਕੰਮਲ ਕਰਨ ਲਈ ਕੁਝ ਉਦੇਸ਼ ਸਿਰਜੇ ਜਾਂਦੇ ਹਨ ਜਿਨ੍ਹਾਂ ਦੀ ਪੂਰਤੀ ਕਰਨੀ ਲਾਜ਼ਮੀ ਹੁੰਦੀ ਹੈ।

1. ਪਰਮਜੀਤ ਸਿੰਘ ਜੱਜ ਦੁਆਰਾ ਨਾਵਲ ਪਛਾਣ ਬਦਲ ਗਈ ਵਿੱਚ ਪੇਸ਼ ਅਸਤਿਤਵੀ ਸੰਕਟ ਦੇ ਕਾਰਨ ਸਪਸ਼ਟ ਹੋਣਗੇ।

2.ਪਛਾਣ ਬਦਲ ਗਈ ਨਾਵਲ ਦਾ ਅਧਾਰ 'ਤੇ ਅਸਤਿਤਵੀ ਸੰਕਟ ਕਾਰਨ ਮਨੁੱਖੀ ਸੁਭਾਅ ਵਿੱਚ ਆਈਆਂ ਤਬਦੀਲੀਆਂ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ।

3.ਪਛਾਣ ਬਦਲ ਗਈ ਨਾਵਲ ਵਿੱਚ ਅਸਤਿਤਵ ਨੂੰ ਬਚਾਉਣ ਲਈ ਕੀਤੇ ਜਾਂਦੇ ਸੰਘਰਸ਼ ਦਾ ਮੁਲਾਂਕਣ ਹੋਵੇਗਾ।

4.ਪਛਾਣ ਬਦਲ ਗਈ ਨਾਵਲ ਵਿੱਚ ਦਰਸਾਏ ਅਸਤਿਤਵੀ ਸੰਕਟ ਦੇ ਸਮਾਜ ਅਤੇ ਵਿਅਕਤਿਤਵ ਉੱਪਰ ਪਏ ਪ੍ਰਭਾਵਾਂ ਦਾ ਮੁਲਾਂਕਣ ਹੋਵੇਗਾ।

1.6 ਪੂਰਵ ਖੋਜ ਕਾਰਜ ਦਾ ਮੁਲਾਂਕਣ:-

ਕਿਸੇ ਵੀ ਵਿਸ਼ੇ ਨੂੰ ਲਿਖਣ ਤੋਂ ਪਹਿਲਾ ਵਿਸ਼ੇ ਨਾਲ ਸਬੰਧਿਤ ਸਮਗਰੀ ਦਾ ਰਿਵਿਊ ਕਰਨਾ ਬਹੁਤ ਜ਼ਰੂਰੀ ਹੈ ਇਸ ਨਾਲ ਕਿਸੇ ਸਮੱਸਿਆ ਨੂੰ ਬੜੇ ਹੀ ਧਿਆਨ ਨਾਲ ਦੇਖਿਆ ਜਾਂਦਾ ਹੈ ਲਿਟਰੇਚਰ ਰਿਵਿਊ ਨਾਲ ਪਤਾ ਲੱਗ ਜਾਂਦਾ ਹੈ ਕਿ ਵਿਸ਼ੇ ਨਾਲ ਸਬੰਧਿਤ ਕਿਸ ਤਰ੍ਹਾਂ ਦਾ ਕੰਮ ਕਰਨਾ ਹੈ ਇਸ ਲਈ ਸਭ ਤੋਂ ਪਹਿਲਾ ਵਿਸ਼ੇ ਵਿਚ ਪੂਰੀ ਤਰ੍ਹਾਂ ਦਿਲਚਸਪੀ ਹੋਣੀ ਹੋਣੀ ਚਾਹੀਦੀ ਹੈ ਅਤੇ ਵਿਸ਼ੇ ਉੱਪਰ ਪੂਰੀ ਤਰ੍ਹਾਂ ਪਕੜ ਹੋਣੀ ਚਾਹੀਦੀ ਹੈ। ਜਦ ਲਿਟਰੇਚਰ ਰਿਵਿਊ ਕਰਦੇ ਹਾਂ ਤਾਂ ਮਨ ਵਿੱਚ ਕਈ ਸਵਾਲ ਆਉਂਦੇ ਹਨ ਜਿਨ੍ਹਾਂ ਨੂੰ ਖੋਜ ਦੇ ਦੌਰਾਨ ਪੂਰਾ ਕੀਤਾ ਜਾਂਦਾ ਹੈ।ਇਸ ਤੋਂ ਇਲਾਵਾ ਲਿਟਰੇਚਰ ਰਿਵਿਊ ਕੀਤਾ ਜਾਂਦਾ ਹੈ ਤਾਂ ਸਟੱਡੀ ਬੈਕਗਰਾਊਂਡ ਦਾ ਪਤਾ ਚਲਦਾ ਹੈ ਕਿ ਕਿਹੜਾ ਕਿਹੜਾ ਕੰਮ ਹੋ ਚੁੱਕਾ ਹੈ ਅਤੇ ਕਿਹੜੇ ਕਿਹੜੇ ਅਤੇ ਕਿਹੜਾ ਕੰਮ ਹੋਣ ਵਾਲਾ ਹੈ ਅਤੇ ਕਿਸ ਤਰਾਂ ਦਾ ਹੋਰ ਕੰਮ ਕਰ ਸਕਦੇ ਹਾਂ ਕੀ ਕੁਝ ਨਵਾਂ ਕੱਢ ਸਕਦੇ ਹਾਂ। ਜੇਕਰ ਲਿਟਰੇਚਰ ਰਿਵਿਊ ਨਹੀਂ ਕੀਤਾ ਜਾਂਦਾ ਤਾਂ ਰਿਸਰਚ ਸਮੱਸਿਆਵਾਂ ਪਤਾ ਨਹੀਂ ਲੱਗੇਗਾ ਅਤੇ ਜੇਕਰ ਲਿਟਰੇਚਰ ਰਿਵਿਊ ਕਰਦੇ ਹਾਂ ਤਾਂ ਵਿਸ਼ੇ ਦੇ ਖੇਤਰ ਨੂੰ ਚੰਗੀ ਤਰ੍ਹਾਂ ਸਮਝ ਲੈਂਦੇ ਹਾਂ ਅਤੇ ਪਤਾ ਚਲਦਾ ਕੀ ਸਿੱਖਣ ਨੂੰ ਮਿਲਿਆ ਅਤੇ ਕੀ ਨਵਾਂ ਨਿਕਲਿਆ ਉਹ ਕਿਹੜੇ ਕਿਹੜੇ ਗੈਪ ਹਨ ਜਿਨ੍ਹਾਂ ਨੂੰ ਭਰਿਆ ਜਾ ਸਕਦਾ ਹੈ।

1 ਰਿਸਰਚ ਸਮੱਸਿਆ ਸਪਸ਼ਟ ਹੋ ਜਾਂਦੀ ਹੈ।

2 ਕਿਸ ਢੰਗ ਨਾਲ ਰਿਸਰਚ ਕਰਨੀ ਕਿਹੜੀ ਵਿਧੀ ਨਾਲ ਕਰਨੀ ਇਸ ਬਾਰੇ ਵੀ ਸਪਸ਼ਟ ਹੋ ਜਾਂਦਾ ਹੈ

3 ਰਿਸਰਚ ਖੇਤਰ ਦੀ ਜਾਣਕਾਰੀ ਵਧਦੀ ਹੈ।

4 ਰਿਸਰਚ ਬੈਕਗਰਾਊਂਡ ਦਾ ਪਤਾ ਚਲਦਾ ਹੈ ਕੀ ਨਵਾਂ ਕਰਨਾ ਹੈ।

ਲਿਟਰੇਚਰ ਰਿਵਿਊ ਕਰਨ ਦੇ ਚਾਰ ਪੜਾਅ ਹਨ

1 ਸਭ ਤੋਂ ਪਹਿਲਾ ਵਿਸ਼ੇ ਨਾਲ ਸਬੰਧਿਤ ਖੇਤਰ ਨੂੰ ਨਿਰਧਾਰਿਤ ਕਰਨਾ

2 ਰਿਵਿਊ ਕਰਨ ਲਈ ਲਿਟਰੇਚਰ ਨੂੰ ਚੁਣਨਾ

3 ਇਸ ਤੋਂ ਬਾਅਦ ਇਕ ਖ਼ਾਕਾ ਤਿਆਰ ਕਰਨਾ ਕਿ ਕਿਸ ਕਿਸ ਵਿਸ਼ੇ ਤੇ ਕੰਮ ਹੋ ਚੁੱਕਾ ਹੈ।

**ਅਸਤਿਤਵਵਾਦ ਉੱਤੇ ਐਮ.ਫਿੱਲ. ਪੱਧਰ ਦਾ ਖੋਜ-ਕਾਰਜ (ਪੂਰਾ ਹੋ ਚੁੱਕਾ ਖੋਜ-ਕਾਰਜ):**

ਰਾਕੇਸ਼ ਕੁਮਾਰ, ਆਧੁਨਿਕ ਪੰਜਾਬੀ ਕਵਿਤਾ ਤੇ ਅਸਤਿਤਵਵਾਦ ਦਾ ਪ੍ਰਭਾਵ, ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ, ਨਿਗਰਾਨ: ਡਾ. ਅਤਰ ਸਿੰਘ (ਇਹ ਖੋਜ ਕਾਰਜ 1982 ਵਿਚ ਪੂਰਾ ਹੋਇਆ ਹੈ)
ਆਧੁਨਿਕ ਪੰਜਾਬੀ ਕਵਿਤਾ ਨੂੰ ਅਧਾਰ ਬਣਾ ਕੇ ਕਵੀਆਂ ਦੀਆਂ ਕਵਿਤਾਵਾਂ ਨੂੰ ਮੁੱਖ ਰੱਖ ਕੇ ਪੇਸ਼ ਕੀਤਾ ਗਿਆ ਹੈ।

**ਅਸਤਿਤਵਵਾਦ ਉੱਤੇ ਪੀ. ਐਚ. ਡੀ. ਪੱਧਰ ਦਾ ਖੋਜ-ਕਾਰਜ**

ਮਨਜਿੰਦਰ ਸਿੰਘ, ਗੁਰਦਿਆਲ ਸਿੰਘ ਦੇ ਨਾਵਲਾਂ ਦਾ ਅਸਤਿਤਵਵਾਦੀ ਮਾਨਵ ਵਿਗਿਆਨ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ (2000)
ਇਸ ਖੋਜਾਰਥੀ ਨੇ ਆਪਣੇ ਖੋਜ ਕਾਰਜ ਨੂੰ ਅੱਠਾਂ ਅਧਿਆਵਾਂ ਵਿਚ ਵੰਡ ਕੇ ਆਪਣਾ ਖੋਜ ਕਾਰਜ ਪੂਰਾ ਕੀਤਾ ਹੈ- ਅਧਿਆਇ ਪਹਿਲਾ:1 ਗੁਰਦਿਆਲ ਸਿੰਘ ਦੇ ਨਾਵਲਾਂ ਬਾਰੇ ਪ੍ਰਾਪਤ ਅਲੋਚਨਾ ਦਾ ਅਧਿਐਨ, ਅਧਿਆਇ ਦੂਜਾ: 2 ਅਸਤਿਤਵਵਾਦੀ ਮਾਨਵ ਵਿਗਿਆਨ: ਸਿਧਾਂਤਕ ਪਰਿਪੇਖ, ਅਧਿਆਇ ਤੀਜਾ: 3 ਨਾਵਲ ਦਾ ਅਧਿਐਨ ਪੈਰਾਡਾਈਮ: ਅਸਤਿਤਵਵਾਦੀ ਮਾਨਵ ਵਿਗਿਆਨ ਅਧਿਐਨ, ਅਧਿਆਇ ਚੌਥਾ: 4 ਮੜ੍ਹੀ ਦਾ ਦੀਵਾ: ਅਲਗਾਉ ਤੇ ਬਦਨੀਤੀ ਦੀ ਸਮੱਸਿਆ, ਅਧਿਆਇ ਪੰਜਵਾਂ: ਅਣਹੋਏ: ਮਨੁੱਖੀ ਹੋਂਦ ਦੀ ਸਦੀਵੀ ਤਲਾਸ਼, ਸੁਤੰਤਰ ਸੋਚ ਤੇ ਮਨੁੱਖ ਦੇ ਹੋਰ ਮਨੁੱਖਾ ਨਾਲ ਸੰਬੰਧਾਂ ਦੀ ਸਮੱਸਿਆ, ਅਧਿਆਇ ਛੇਵਾਂ:- ਅੱਧ ਚਾਨਣੀ ਰਾਤ: ਅਸਤਿਤਵ ਦੀ ਪੂਰਨਤਾ ਲਈ ਸੰਘਰਸ਼ ਤੇ ਇਸ ਵਿਚੋਂ ਉਪਜੇ ਸੰਕਟ ਦੀ ਸਮੱਸਿਆ, ਅਧਿਆਇ ਸੱਤਵਾਂ: ਅੰਨ੍ਹੇ ਘੋੜੇ ਦਾ ਦਾਨ: ਮਨੁੱਖੀ ਅਸਤਿਤਵ ਦੀ ਸਮਾਜਕ ਪ੍ਰੰਸਗਿਕਤਾ ਲਈ ਘਰ ਅਤੇ ਵਸੇਬੇ ਦੀ ਤਾਂਘ ਦੀ ਸਮੱਸਿਆ, ਅਧਿਆਇ ਅੱਠਵਾਂ: ਪਰਸਾ: ਪ੍ਰਮਾਣਿਕ ਅਸਤਿਤਵ ਦੀ ਤਲਾਸ਼ ਲਈ ਸੰਘਰਸ਼ ਦੀ ਗਾਥਾ, ਨਿਸ਼ਕਰਸ਼, ਸਹਾਇਕ ਪੁਸਤਕ ਸੂਚੀ।

ਗੁਰਦਿਆਲ ਸਿੰਘ ਦੇ ਨਾਵਲ ਜਿਵੇਂ:- 'ਮੜ੍ਹੀ ਦਾ ਦੀਵਾ', 'ਅਣਹੋਏ', 'ਕੁਵੇਲਾ', 'ਰੇਤ ਦੀ ਇਕ ਮੁੱਠੀ', 'ਅੱਧ ਚਾਨਣੀ ਰਾਤ', 'ਅੰਨ੍ਹੇ ਘੋੜੇ ਦਾ ਦਾਨ' ਅਤੇ 'ਪਰਸਾ' ਨਾਵਲ ਵਿਚ ਪੇਸ਼ ਵਿਸ਼ਿਆਂ ਦਾ ਅਸਤਿਤਵੀ ਮਾਨਵ ਵਿਗਿਆਨਕ ਅਧਿਐਨ ਕੀਤਾ ਹੈ। ਮਨਜਿੰਦਰ ਸਿੰਘ ਨੇ ਗੁਰਦਿਆਲ ਸਿੰਘ ਦੇ ਨਾਵਲਾਂ ਵਿਚਲੇ ਪਾਤਰਾਂ ਅਤੇ ਉਨ੍ਹਾਂ ਦੇ ਬਿਰਤਾਂਤਿਕ ਪਰਿਪੇਖ ਦੁਆਰਾ ਪੇਸ਼ ਸਮਾਜਿਕ ਜੀਵਨ ਅਤੇ ਸਮਾਜ ਵਿਚ ਪੇਸ਼ ਆ ਰਹੇ ਮਨੁੱਖ ਦੀ ਹੋਂਦ ਦੇ ਸੰਦਰਭ ਵਿਚ ਮਨੁੱਖ ਦਾ ਅਸਤਿਤਵੀ ਮਾਨਵ ਵਿਗਿਆਨਕ ਪੱਖ ਤੋਂ ਅਧਿਐਨ ਕੀਤਾ ਹੈ।
ਬਲਜੀਤ ਕੌਰ, ਆਧੁਨਿਕ ਪੰਜਾਬੀ ਕਵਿਤਾ (1960-1983) ਵਿਚ ਮਨੁੱਖ ਦੇ ਅਸਤਿਤਵਵਾਦੀ ਸੰਕਟ ਦੀ ਪੇਸ਼ਕਾਰੀ ਦਾ ਅਧਿਐਨ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2005

ਇਸ ਵਿਸ਼ੇ ਵਿਚ ਮਨੁੱਖੀ ਅਸਤਿਤਵ ਦੇ ਸੰਕਟ ਨੂੰ ਪੇਸ਼ ਕਰਦੇ ਹੋਏ ਇਸ ਨੂੰ ਇਤਿਹਾਸਕ ਪਰਿਪੇਖ ਵਿਚ ਰੱਖ ਕੇ ਪੇਸ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ ਵੱਖ-ਵੱਖ ਕਵੀਆਂ ਦੀਆਂ ਕਵਿਤਾਵਾਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ ਅਤੇ ਇਹਨਾਂ ਕਵੀਆਂ ਦੀਆਂ ਕਵਿਤਾਵਾਂ ਨੂੰ ਮੱਧਕਾਲੀਨ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਅਸਤਿਤਵਵਾਦੀ ਸੰਕਟ ਵਿਚ ਪਰਖਿਆ ਗਿਆ ਹੈ।

ਨੀਲਮ ਸ਼ਰਮਾ, ਬਲਵੰਤ ਗਾਰਗੀ, ਸੁਰਜੀਤ ਸਿੰਘ ਸੇਠੀ ਅਤੇ ਅਜਮੇਰ ਸਿੰਘ ਔਲਖ ਦੇ ਪ੍ਰਮੁੱਖ ਨਾਟਕਾਂ ਦਾ ਅਸਤਿਤਵ-ਵਾਦੀ ਅਧਿਐਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2006

ਨੀਲਮ ਸ਼ਰਮਾ ਨੇ ਆਪਣੇ ਅਧਿਐਨ ਕਾਰਜ ਵਿਚ ਵਿਧਾ ਨਾਟਕ ਦੇ ਰਾਹੀ ਅਸਤਿਤਵੀ ਸੰਕਟ ਦੀ ਪੇਸ਼ਕਾਰੀ ਕੀਤੀ ਹੈ। ਨੀਲਮ ਸ਼ਰਮਾ ਦੇ ਅਧਿਐਨ ਕਾਰਜ ਵਿਚ;-

(ੳ).'ਬਲਵੰਤ ਗਾਰਗੀ' ਦੇ ਨਾਟਕ 'ਬੂਹੇ ਬੈਠੀ ਧੀ'(1914), ਧੂਣੀ ਦੀ ਅੱਗ'(1968), ਸੁਲਤਾਨ ਰਜ਼ੀਆ'(1973),

(ਅ). 'ਸੁਰਜੀਤ ਸਿੰਘ ਸੇਠੀ' ਦੇ ਨਾਟਕ 'ਕੱਚਾ ਘੜਾ', 'ਕਾਦਰਯਾਰ', 'ਕਿੰਗ', 'ਮਰਦ ਮਰਦ ਨਹੀਂ -ਤੀਵੀਂ ਤੀਵੀਂ ਨਹੀਂ',

(ੲ). 'ਅਜਮੇਰ ਸਿੰਘ ਔਲਖ' ਦੇ ਨਾਟਕ 'ਇਸ਼ਕ ਜਿਨ੍ਹਾਂ ਦੇ ਹੱਡੀ ਰਚਿਆ'(1972), ਅਰਬਦ ਨਰਬਦ ਧੰਦੂਧਾਰਾ'(1978), ਬਗਾਨੇ ਬੋਹੜ ਦ ਛਾਂ (1981),ਅੰਨ੍ਹੇ ਨਿਸ਼ਾਨਚੀ' (1983), ਵਿਚ ਪੇਸ਼ ਕਿਸਾਨੀ ਵਿਸ਼ੇ ਨੂੰ ਆਧਾਰ ਬਣਾ ਕੇ ਇਨ੍ਹਾਂ ਨਾਟਕਾਂ ਦਾ ਅਸਤਿਤਵ-ਵਾਦੀ ਅਧਿਐਨ ਕੀਤਾ ਹੈ।

ਰਜਨੀ, ਨਿਰਮਲ ਵਰਮਾ ਕੇ ਉਪਨਿਆਸ ਮੇ ਅਸਤਿਤਵੀ ਚੇਤਨਾ ਏਵਮ ਸਰੋਕਾਰ ਕਾ ਅਧਿਐਨ, ਪੰਜਾਬੀ ਯੂਨੀਵਰਸਿਟੀ, 2012, (ਭਾਸ਼ਾ ਹਿੰਦੀ)

ਰਜਨੀ ਦੁਆਰਾ ਨਿਰਮਲ ਵਰਮਾ ਦੇ ਨਾਵਲਾਂ ਵਿਚ ਅਸਤਿਤਵੀ ਚੇਤਨਾ ਅਤੇ ਸਰੋਕਾਰਾਂ ਦਾ ਅਧਿਐਨ ਹਿੰਦੀ ਭਾਸ਼ਾ ਵਿਚ ਕੀਤਾ ਹੈ ਜਿਸ ਦੀ ਅਧਿਆਇ ਵੰਡ ਨੂੰ ਉਸ ਨੇ ਛੇ ਭਾਗਾਂ ਵਿਚ ਵੰਡਿਆਂ ਹੈ।

ਅਧਿਆਇ ਪਹਿਲਾ:- ਅਸਤਿਤਵਵਾਦ ਦੇ ਅਰਥ, ਸਵਰੂਪ ਵਿਸ਼ਲੇਸ਼ਣ, ਚਿੰਤਕਾਂ ਦੇ ਵਿਚਾਰ, ਮਾਨਵ ਅਸਤਿਤਵਵਾਦ ਦੀ ਪਰਿਭਾਸ਼ਾ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਹੈ।

ਅਧਿਆਇ ਦੂਸਰਾ:- ਅਸਤਿਤਵਵਾਦ ਦਰਸ਼ਨ ਦੀ ਪਿੱਠ-ਭੂਮੀ: - ਵਿਅਕਤੀਗਤ, ਵਿਅਕਤੀਗਤ ਦੀ ਸਾਹਿਤਕ ਜਾਣ-ਪਛਾਣ, ਬਾਰੇ ਗੱਲ ਕੀਤੀ ਹੈ।

ਅਧਿਆਇ ਤੀਜਾ:- ਸਾਹਿਤ ਵਿਚ ਪੇਸ਼ ਅਸਤਿਤਵ, ਮਨੋ ਦਿਸ਼ਾਵਾਂ ਅਤੇ ਉਨ੍ਹਾਂ ਦੀ ਪੇਸ਼ਕਾਰੀ, ਅਜਨਬੀਕਰਨ, ਸੁਤੰਤਰਤਾ ਦਾ ਅਨੁਭਵ ਪੇਸ਼ ਕੀਤਾ ਹੈ।

ਅਧਿਆਇ ਚੌਥਾ:-ਮਾਨਵ ਅਸਤਿਤਵ ਅਤੇ ਉਸ ਦੇ ਸੰਬੰਧੀ ਧਾਰਨਾਵਾਂ, ਮਾਨਵੀ ਸਵਤੰਤਰਤਾ।

ਅਧਿਆਇ ਪੰਜਵਾਂ:- ਸਾਹਿਤ ਵਿਚ ਅਸਤਿਤਵੀ ਚਿੰਤਨ ਦਾ ਵਿਸ਼ਲੇਸ਼ਣ।

ਅਧਿਆਇ ਛੇਵਾਂ:- ਵਿਚ ਮਾਨਵ ਅਸਤਿਤਵ ਨੂੰ ਪ੍ਰਭਾਵਿਤ ਕਰਨ ਵਾਲੇ ਸਰੋਕਾਰ:- ਸਮਾਜਕ ਸਰੋਕਾਰ, ਮਨੋਵਿਗਿਆਨਕ ਚੇਤਨਾ,ਰਾਜਨੀਤਕ ਸੰਦਰਭ, ਧਾਰਮਿਕ ਸੰਦਰਭ।

ਅਸਤਿਤਵਵਾਦ ਦੇ ਸੰਦਰਭ ਵਿਚ ਬਹੁਤਾ ਖੋਜ ਕਾਰਜ ਨਹੀਂ ਹੋਇਆ ਕਿਉਂਕਿ ਇਹ ਇਕ ਨਿਵੇਕਲਾ ਵਿਸ਼ਾ ਹੈ। ਜਿਸ ਨੂੰ ਖੋਜ ਕਰਤਾ ਨੇ ਆਪਣਾ ਵਿਸ਼ਾ ਬਣਾਇਆ ਹੈ।

1.7 ਅਸਤਿਤਵਵਾਦ-:

ਮਨੁੱਖ ਦਾ ਸੰਸਾਰ ਵਿਚ ਰਹਿੰਦਿਆਂ ਸਵੈ-ਚੇਤਨ ਨਿਰਨੇ ਕਰਨ ਅਤੇ ਅਰਥ ਲੱਭਣ ਦੀ ਲਾਲਸਾ ਨੂੰ ਬਿਆਨ ਕਰਨ ਦੀ ਪ੍ਰਕਿਰਿਆ ਅਸਤਿਤਵਵਾਦ ਹੈ। ਇਸ ਅਨੁਸਾਰ ਜੀਵਨ ਬੁਨਿਆਦੀ ਤੌਰ ਤੇ ਅਰਥਹੀਣ ਹੈ ਇਸ ਨੂੰ ਬੁਨਿਆਦੀ ਉਦੇਸ਼ ਅਤੇ ਯਤਨ ਪ੍ਰਦਾਨ ਕਰਨੇ ਅਰਥਹੀਣ ਹਨ। ਪਰ ਮਨੁੱਖ ਜੀਵਨ ਨੂੰ ਅਰਥਪੂਰਨ ਬਣਾਉਣ ਦੇ ਲਈ ਕੁਝ ਨਾ ਕੁਝ ਉਪਰਾਲਾ ਜ਼ਰੂਰ ਕਰਦਾ ਹੈ। ਅਸਤਿਤਵਵਾਦ ਇਹ ਮੰਨਦਾ ਹੈ ਕਿ ਮਨੁੱਖ ਆਪਣੇ ਕਰਮਾਂ ਲਈ ਆਪ ਜ਼ਿੰਮੇਵਾਰ ਹੈ। ਸਾਰਤਰ ਇਹ ਮੰਨਦਾ ਹੈ ਕਿ ਹੋਂਦ ਸਾਰ ਤੋਂ ਪਹਿਲਾ ਮੌਜੂਦ ਹੈ। ਉਸ ਦੇ ਕਹਿਣ ਦਾ ਭਾਵ ਇਹ ਹੈ ਕਿ ਦੂਜੇ ਵਿਅਕਤੀ ਦੇ ਵਿਹਾਰ ਦੇ ਅਧਾਰ ਤੇ ਕਿਸੇ ਨਤੀਜੇ ਤੇ ਨਹੀਂ ਪਹੁੰਚਿਆਂ ਜਾ ਸਕਦਾ। ਉਸ ਦਾ ਸਾਰ ਇਸ ਗੱਲ ਵਿਚ ਹੈ ਕਿ ਮਨੁੱਖ ਖ਼ੁਦ ਕੀ ਕਰਦਾ ਹੈ। ਅਸਤਿਤਵਵਾਦ ਦੇ ਅਨੁਸਾਰ ਮਨੁੱਖ ਆਪਣੇ ਹਰ ਸੋਚ ਅਤੇ ਕਰਮ ਦੇ ਅਨੁਸਾਰ ਆਪਣਾ ਜੀਵਨ ਵਿਗਾੜਦਾ ਹੈ। ਅਸਤਿਤਵਵਾਦ ਦੇ ਅਨੁਸਾਰ ਮਨੁੱਖ ਏਨਾ ਚੰਗਾ ਪ੍ਰਾਣੀ ਨਹੀਂ ਹੈ ਜਿੰਨਾ ਚੰਗਾ ਅਸੀਂ ਉਸ ਨੂੰ ਸਮਝਦਾ ਹਾਂ। ਅਸਤਿਤਵਵਾਦ ਸਾਨੂੰ ਆਪਣੇ ਸੁਭਾਅ ਨੂੰ ਪ੍ਰਵਾਨ ਕਰਨ ਦੀ ਪ੍ਰੇਰਨਾ ਦਿੰਦਾ ਹੈ। ਮਨੁੱਖ ਸਮਾਜਿਕ ਪ੍ਰਾਣੀ ਹੋਣ ਕਰਕੇ ਸਮਾਜ ਦੇ ਰੂਪਾਂ ਅਤੇ ਨਿਯਮਾਂ ਨੂੰ ਗ੍ਰਹਿਣ ਕਰਕੇ ਚਲਦਾ ਹੈ ਅਤੇ ਆਪਣੀ ਹੋਂਦ ਨੂੰ ਸਾਰਥਿਕ ਬਣਾਉਂਦਾ ਹੈ। ਵਿਕਾਸਸ਼ੀਲ ਪ੍ਰਾਣੀ ਹੋਣ ਕਰਕੇ ਮਨੁੱਖ ਸ਼ੁਰੂ ਤੋਂ ਆਪਣੀ ਹੋਂਦ ਦਾ ਅਹਿਸਾਸ ਸੰਸਾਰ ਦੀਆਂ ਦੂਜੀਆਂ ਵਸਤੂਆਂ ਨਾਲ ਤੁਲਨਾ ਰਾਹੀਂ ਕਰਦਾ ਹੈ ਅਤੇ ਉਹ ਆਪਣੇ ਅਸਤਿਤਵ ਪ੍ਰਤੀ ਹਮੇਸ਼ਾ ਚਿੰਤਨ ਰਹਿੰਦਾ ਹੈ। "ਸਭ ਤੋਂ ਪਹਿਲਾ ਮਨੁੱਖ ਅਸਤਿਤਵ ਗ੍ਰਹਿਣ ਕਰਦਾ ਹੈ, ਜੂਝਦਾ ਹੈ ਅਤੇ ਦੁਨੀਆਂ ਵਿਚ ਆਪਣੀ ਥਾਂ ਬਣਾਉਂਦਾ ਹੈ"।[1]

ਅਸਤਿਤਵਵਾਦ 1943 ਈ. ਵਿਚ ਇਕ ਵਾਦ ਦੇ ਰੂਪ ਵਿਚ ਸਾਹਮਣੇ ਆਇਆ। ਅਸਤਿਤਵਵਾਦ ਨੇ 20 ਸਦੀ ਦੇ ਦਹਾਕੇ ਵਿਚ ਸਾਹਿਤ ਉੱਪਰ ਵਧੇਰੇ ਪ੍ਰਭਾਵ ਪਾਇਆ। ਅਰਥਾਤ ਅਸਤਿਤਵਵਾਦ 20ਵੀ ਸਦੀ ਦਾ ਦਾਰਸ਼ਨਿਕ ਹੋ ਕਿਰਕੇਗਾਰਦ ਅਤੇ ਨੀਤਸ਼ੇ ਕਰਕੇ ਵਿਕਸਿਆ ਅਤੇ ਫਰਾਂਸ ਵਿਚ ਸਾਰਤਰ ਕਰਕੇ ਫੈਲਿਆ। ਇਹ ਵਾਦ ਕਾਰਨ ਨਾਲੋਂ ਮਨੁੱਖੀ ਇਰਾਦੇ ਦੀ ਸ਼ਮੂਲੀਅਤ ਤੇ ਬਲ ਦਿੰਦੇ ਅਤੇ ਸੰਘਰਸ਼ਸੀਲ ਹੋਣ ਲਈ ਉਤੇਜਿਤ ਕਰਦਾ ਹੈ। ਸੰਸਾਰ ਵਿਚ ਮਨੁੱਖ ਹੀ ਚਿੰਤਨਸ਼ੀਲ ਪ੍ਰਾਣੀ ਹੈ ਜੋ ਆਪਣੇ ਅਸਤਿਤਵ ਪ੍ਰਤੀ ਚਿੰਤਨ ਰਹਿੰਦਾ ਹੈ। ਉਸ ਦੀ ਮੈਂ ਉਸ ਨੂੰ ਬਾਕੀ ਜਗਤ ਨਾਲੋਂ ਵੱਖ ਕਰਦੀ ਹੈ। ਹੋਰ ਵਸਤੂਆਂ ਦੀ ਸ਼ਕਤੀ ਉਸ ਨੂੰ ਆਪਣੇ ਅਸਤਿਤਵ ਬਾਰੇ ਚੇਤਨ ਨਹੀਂ ਕਰਦੀ। ਅਸਤਿਤਵਵਾਦ ਮਨੁੱਖੀ ਜੀਵਨ ਨਾਲ ਸਬੰਧ ਰੱਖਦਾ ਹੈ ਇਹ ਵਿਅਕਤੀਗਤ ਜੀਵਨ ਦੇ ਅਸਤਿਤਵ ਦਾ ਦਰਸ਼ਨ ਹੈ

ਅਸਤਿਤਵਵਾਦ ਤੋਂ ਭਾਵ-:"ਅਸਤਿਤਵ ਤੋਂ ਭਾਵ ਮਨੁੱਖ ਦੀ ਸੰਸਾਰਿਕ ਹੋਂਦ ਤੋਂ ਹੈ। ਇਹ ਅੰਗਰੇਜ਼ੀ ਦੇ ਸ਼ਬਦ (Existentialism) ਦਾ ਪੰਜਾਬੀ ਰੂਪ ਹੈ। ਅੰਗਰੇਜ਼ੀ ਦੇ ਸ਼ਬਦ ਓਣਸਿਟ ਦੇ ਮੂਲ ਅਰਥ ਹਨ-ਪਿੱਠ-ਭੂਮੀ ਤੋਂ ਉੱਘੜਵੇਂ ਰੂਪ ਵਿਚ ਹੋਂਦ ਸ਼ੀਲ ਹੋਣਾ। ਸਾਡਾ ਅਸਤਿਤਵ ਦੁਨੀਆਂ ਵਿਚ ਸਾਡੇ ਜੀਵਨ ਦਾ ਅਪ੍ਰਤੀਬਿੰਬਕ ਅਨੁਭਵ ਹੈ"।[2]

ਅਸਤਿਤਵਵਾਦ ਅਜਿਹਾ ਵਾਦ ਹੈ ਜਿਸ ਨੇ ਜਿਸ ਨੇ ਦੂਜੇ ਮਹਾਂ ਯੁੱਧ ਤੋਂ ਬਾਅਦ ਤਤਕਾਲੀ ਬੌਧਿਕ ਫ਼ਿਜ਼ਾ ਨੂੰ ਬੇਹੱਦ ਪ੍ਰਭਾਵਿਤ ਕੀਤਾ। ਅਸਤਿਤਵਵਾਦੀਆਂ ਦੇ ਅਨੁਸਾਰ ਮਨੁੱਖ ਨੂੰ ਆਪਣੀਆਂ ਸੰਭਾਵਨਾਵਾਂ ਨੂੰ ਸਮਝਣ ਦੇ ਲਈ ਗਿਆਨ ਦੀ ਲੋੜ ਪੈਂਦੀ ਹੈ ਅਤੇ ਇਹ ਗਿਆਨ ਵੀ ਦੋ ਤਰ੍ਹਾਂ ਦਾ ਮੰਨਿਆਂ ਹੈ ਇਕ ਤਾਂ ਉਹ ਗਿਆਨ ਜੋ ਸਾਡੀਆਂ ਗਿਆਨ ਇੰਦਰੀਆਂ ਵਿਚ ਪਹਿਲਾਂ ਤੋਂ ਹੀ ਮੌਜੂਦ ਹੁੰਦਾ ਹੈ ਅਤੇ ਦੂਸਰਾ ਜਿਸ ਨੂੰ ਅਸੀਂ ਆਪਣੇ ਦਿਮਾਗ਼ ਦੇ ਰਾਹੀ ਪ੍ਰਾਪਤ ਕਰਦੇ ਹਾਂ। "ਗਿਆਨ ਪ੍ਰਾਪਤ ਕਰਨਾ ਵੀ ਇਕ ਪ੍ਰਕਾਰ ਦੀ ਹੋਂਦ ਹੈ ਜਿਸ ਦਾ ਸਬੰਧ ਸੰਸਾਰਿਕ ਹੋਂਦ ਨਾਲ ਹੈ।"ਮਨੁੱਖ ਆਪਣੀ ਸੰਸਾਰਿਕ ਹੋਂਦ ਦੇ ਰਾਹੀ ਸੰਸਾਰ ਵਿਚ ਭਾਗ ਲੈਂਦਾ ਹੈ ਕਿਉਂਕਿ ਜੇ ਮਨੁੱਖ ਦੀ ਸੰਸਾਰਿਕ ਹੋਂਦ ਹੋਵੇਗੀ ਤਾਂ ਹੀ ਉਹ ਸੰਸਾਰ ਦੇ ਵਿਚ ਵਿਚਰ ਸਕਦਾ ਹੈ। ਆਪਣੀ ਸਰੀਰਕ ਹੋਂਦ ਦੇ ਨਾਲ ਹੀ ਉਹ ਸਮਾਜ ਨੂੰ ਸਮਝ ਸਕਦਾ ਹੈ ਲੋਕਾਂ ਦੇ ਨਾਲ ਵਿਵਹਾਰ ਕਰ ਸਕਦਾ ਹੈ। ਇਸ ਦੇ ਨਾਲ ਹੀ ਮਨੁੱਖ ਦੂਜਿਆਂ ਦੇ ਸੰਪਰਕ ਵਿਚ ਆਉਂਦਾ ਹੈ ਉਨ੍ਹਾਂ ਨੂੰ ਛੂੰਹਦਾ ਹੈ, ਮਹਿਸੂਸ ਕਰਦਾ ਹੈ, ਸੰਚਾਰ ਕਰਦਾ ਹੈ ਅਤੇ ਦੂਜਿਆਂ ਦੇ ਪ੍ਰਤੀ ਸੁਚੇਤ ਰਹਿੰਦਾ ਹੈ। ਇਹ ਸਭ ਕੁਝ ਮਨੁੱਖ ਦੀ ਸਰੀਰਕ ਹੋਂਦ ਦੇ ਦੁਆਰਾ ਹੀ ਸੰਭਵ ਹੈ। ਮਨੁੱਖ ਆਪਣੀ ਹੋਂਦ ਦੇ ਪ੍ਰਤੀ ਹਮੇਸ਼ਾ ਤੋਂ ਹੀ ਚਿੰਤਤ ਰਿਹਾ ਹੈ ਅਤੇ ਆਪਣੀ ਹੋਂਦ ਨੂੰ ਬਚਾਈ ਰੱਖਣ ਦੇ ਲਈ ਅਨੇਕਾਂ ਹੀ ਤਰ੍ਹਾਂ ਦੇ ਹੱਥਕੰਡੇ ਅਪਣਾਉਂਦਾ ਹੈ।ਇਸ ਵਾਦ ਦਾ ਬਾਨੀ ਕਿਰਕੇਗਾਰਦ ਡੈਨਮਾਰਕ ਦਾ ਇਕ ਇਸਾਈ ਸੀ। ਜਰਮਨ ਦਾਰਸ਼ਨਿਕ ਫਰੈਡਰਿਕ ਨੀਤਸ਼ੇ ਪੁਰਾ ਨਾਸਤਿਕ ਸੀ। ਮਾਰਟਿਨ ਬੂਬਰ ਯਹੂਦੀ ਸੀ। ਐਲਬੇਅਰ ਕਾਮੂ ਅਤੇ ਕਾਰਲ ਜੈਸਪਰਸ ਦੋਵੇਂ ਉਦਾਰਵਾਦੀ ਸਨ। ਹਾਈਡਿਗਰ ਤਾਂ ਨਾਜ਼ ਪਾਰਟੀ ਦਾ ਮੈਂਬਰ ਰਹਿ ਚੁੱਕਾ ਸੀ। ਨਿਕੋਲਸ ਬਰਦੀਏਵ, ਜਕ ਮੇਰੀਟੇਨ, ਬੁਲਟਮਾਨ ਅਤੇ ਪਾਲ ਟਿੱਲਿਕ ਆਦਿ ਸਾਰੇ ਧਾਰਮਿਕ ਸਨ। ਅਜਿਹੀਆਂ ਵਿਭਿੰਨਤਾਵਾਂ ਦੇ ਕਾਰਨ ਅਸਤਿਤਵਵਾਦ ਦਾ ਸਾਂਝਾ ਸੂਤਰ ਪ੍ਰਾਪਤ ਕਰਨਾ ਕਠਨ ਹੈ ਪਰ ਤਾਂ ਵੀ ਜਾਂ ਪਾਲ ਸਾਰਤਰ ਨੇ ਇੱਕ ਸਾਂਝਾ ਸੂਤਰ ਲੱਭ ਹੀ ਲਿਆ ਜਿਸ ਤੇ ਲਗਭਗ ਸਾਰੇ ਹੀ ਅਸਤਿਤਵਵਾਦੀ ਚਿੰਤਕ ਸਹਿਮਤ ਹਨ, ਇਹ ਸੂਤਰ ਹੈ:

"ਅਸਤਿਤਵ ਸਾਰ ਤੋਂ ਪਹਿਲਾ ਹੈ ਇਸ ਦੇ ਉਲਟ ਵਿਚਾਰ ਹਨ।[3]ਸਾਰ ਅਸਤਿਤਵ ਤੋਂ ਪਹਿਲਾ ਹੈ ਇਨ੍ਹਾਂ ਦੋਹਾਂ ਸੂਤਰਾਂ ਨੂੰ ਸਮਝਣ ਦੇ ਲਈ ਸਾਰਤਰ ਨੇ ਆਪਣੇ ਵਿਚਾਰ Existentialism and Human Emotions ivc ਵਿਚ ਦਿੱਤੇ ਹਨ। ਸਾਰਤਰ ਅਸਤਿਤਵ ਨੂੰ ਸਾਰ ਤੋਂ ਪਹਿਲਾ ਸਪਸ਼ਟ ਕਰਦਿਆਂ ਲਿਖਦਾ ਹੈ ਕਿ ਬੰਦੇ ਦੀ ਹੋਂਦ ਪਹਿਲਾ ਹੈ। ਉਹ ਸੰਸਾਰ-ਦ੍ਰਿਸ਼ ਤੇ ਪ੍ਰਗਟ ਹੁੰਦਾ ਹੈ ਅਤੇ ਬਾਅਦ ਵਿਚ ਆਪਣੇ ਸਵੈ ਨੂੰ ਪਰਿਭਾਸ਼ਿਤ ਕਰਦਾ ਹੈ। ਉਹ ਕੁਝ ਬਣਨ ਲਈ ਚੋਣ ਕਰਦਾ ਹੈ ਅਤੇ ਇੰਜ ਆਪਣੇ ਅਸਤਿਤਵ ਨੂੰ ਉਜਾਗਰ ਕਰਦਾ ਹੈ। ਅਸਤਿਤਵਵਾਦ ਨੂੰ ਸਮਝਣ ਦੇ ਲਈ ਮੋਟੀ ਜਿਹੀ ਗੱਲ ਇਹ ਹੈ ਕਿ ਅਸੀਂ ਸਾਰੇ ਸੰਸਾਰ ਵਿਚ ਰਹਿੰਦੇ ਹੋਏ ਵੀ ਅੰਦਰੋਂ ਇਕੱਲੇ ਹਾਂ। ਆਪਣੀਆਂ ਖ਼ੁਸ਼ੀਆਂ, ਗ਼ਮੀਆਂ, ਉਮੀਦਾਂ, ਨਿਰਾਸ਼ਾਵਾਂ, ਭੈਅ ਅਤੇ ਚਿੰਤਾਵਾਂ ਨੂੰ ਆਪਣੇ ਅੰਦਰੀਂ ਮਹਿਸੂਸ ਕਰਦੇ ਹਾਂ। ਦੂਜੇ ਕੋਈ ਸਾਡੀ ਇਸ ਅਵਸਥਾ ਨੂੰ ਇੰਨ ਬਿੰਨ ਨਹੀਂ ਜਾਣ ਸਕਦਾ। ਉਹ ਸਾਨੂੰ ਬਾਹਰੋਂ ਜੀ ਜਾਣ ਸਕਦੇ ਹਨ ਅਸੀਂ ਉਨ੍ਹਾਂ ਨੂੰ ਬਾਹਰੋਂ ਹੀ ਜਾਣ ਸਕਦੇ ਹਾਂ ਅੰਦਰੋਂ ਨਹੀਂ।

ਇਸੇ ਲਈ ਅਸਤਿਤਵਵਾਦੀ ਕਹਿੰਦੇ ਹਨ ਕਿ ਅਸਤਿਤਵ ਨੂੰ ਆਤਮਪਰਕ ਵਿਧੀ ਰਾਹੀ ਹੀ ਜਾਣਿਆ ਜਾ ਸਕਦਾ ਹੈ ਵਸਤੂਪੂਰਕ ਵਿਧੀ ਰਾਹੀ ਨਹੀਂ। ਅਸਤਿਤਵਵਾਦੀਆਂ ਦੇ ਚਿੰਤਨ ਵਿਚ ਵੀ ਅਜਿਹੀਆਂ ਹੀ ਗੱਲਾਂ ਹਨ ਜਿਵੇਂ- ਮੈਂ ਕੀ ਹਾਂ, ਕਿਉਂ ਹਾਂ, ਕਿਵੇਂ ਹਾਂ, ਮੇਰੇ ਹੋਣ ਦਾ ਅਰਥ ਕੀ ਹੈ? ਇਵੇਂ ਅਸਤਿਤਵਵਾਦੀ ਮੌਤ ਨੂੰ ਹਮੇਸ਼ਾਂ ਹੀ ਚੇਤੇ ਰੱਖਦੇ ਹਨ।ਸਾਡੀ ਅੱਜ ਦੀ ਹੋਂਦ ਦੇ ਨਾਲ ਸਾਡੀ ਅਣਹੋਂਦ ਨਿਸ਼ਚਿਤ ਹੈ ਜਿਸ ਨੂੰ ਟਾਲਿਆ ਨਹੀਂ ਜਾ ਸਕਦਾ। ਫ਼ਰੀਦ ਜੀ ਇਸੇ ਬੰਨੇ ਸੰਕੇਤ ਕਰਦੇ ਹੈ:

"ਫ਼ਰੀਦ ਦਰੀਆਵੈ ਕੰਨੇ ਬਗੁਲਾ ਬੈਠਾ ਕੇਲ ਕਰੇ।
ਕੇਲ ਕਰੇਂਦੇ ਹੰਝ ਨੂੰ ਅਚਿੰਤੇ ਬਾਜ ਪਏ
ਫ਼ਰੀਦ ਦੂਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ।
ਗੜੂ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ।" [4]

ਇਸੇ ਨੂੰ ਅਸਤਿਤਵਵਾਦੀ ਨਿਰਾਰਥਕ ਅਣਹੋਂਦ ਕਹਿੰਦੇ ਹਨ। ਮੌਤ ਨੂੰ ਉਹ ਸੁਚੇਤ ਅਤੇ ਅਚੇਤ ਦੋਨਾਂ ਰੂਪਾਂ ਵਿਚ ਚਿਤਾਰਦੇ ਹਨ। ਇਸੇ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅਸਤਿਤਵਵਾਦੀ ਆਸਤਿਕ ਵੀ ਹਨ ਤੇ ਨਾਸਤਿਕ ਵੀ। ਇੱਥੇ ਅਸੀਂ ਸਭ ਤੋਂ ਪਹਿਲਾਂ ਆਸਤਿਕ ਅਸਤਿਤਵਵਾਦੀਆ ਦੀ ਗੱਲ ਕਰਾਂਗੇ

ਪੱਛਮੀ ਚਿੰਤਕਾਂ ਦੇ ਵਿਚਾਰ

ਆਸਤਿਕ ਅਸਤਿਤਵਵਾਦੀ

ਕਿਰਕੇਗਾਰਦ(1813-1885): ਜਿਸ ਨੂੰ ਹੋਂਦਵਾਦ ਦਾ ਮੋਢੀ ਕਿਹਾ ਜਾ ਸਕਦਾ ਹੈ, ਨੇ ਹੋਂਦ ਦੀ ਫ਼ਿਲਾਸਫ਼ੀ ਦਿੱਤੀ। ਕਿਰਕੇਗਾਰਦ ਨੇ ਅਸਤਿਤਵਵਾਦ ਦੇ ਪ੍ਰਚਾਰ ਤੇ ਪ੍ਰਸਾਰ ਦੇ ਲਈ ਉਪਰਾਲੇ ਕੀਤੇ। ਉਸ ਨੇ ਇਸਾਈ ਬਣਨ ਦੇ ਲਈ ਰਸਤਾ ਲੱਭਿਆ। ਕਿਰਕੇਗਾਰਦ ਨੇ ਅਸਤਿਤਵਵਾਦ ਦੀਆਂ ਚਾਰ ਵਿਸ਼ੇਸ਼ਤਾਈਆਂ ਦੱਸੀਆਂ ਹਨ ਪਹਿਲੀ ਜੇ ਵਿਅਕਤੀ ਆਪਣੇ ਸਵੈ ਵਿਚ ਰੁਚੀ ਰੱਖਦਾ ਹੈ, ਦੂਸਰਾ ਜੋ ਹਮੇਸ਼ਾ ਹੀ ਇਹ ਅਨੁਭਵ ਰੱਖਦਾ ਹੈ ਕਿ ਮਨੁੱਖ ਦਾ ਅਸਤਿਤਵ ਕਿਰਿਆਸ਼ੀਲ ਰਹਿਣ ਦੀ ਸਥਿਤੀ ਵਿਚ ਹੈ, ਤੀਸਰਾ ਅਸਤਿਤਵਵਾਦੀ ਵਿਅਕਤੀ ਹਮੇਸ਼ਾ ਪ੍ਰੇਰਨਾ ਸੰਪੰਨ ਹੁੰਦਾ ਹੈ, ਚੌਥਾ ਇਹ ਭਾਵ ਹੀ ਅਸਤਿਤਵਵਾਦੀ ਚਿੰਤਕ ਨੂੰ ਚੇਤਨਾ ਪ੍ਰਦਾਨ ਕਰਦਾ ਹੈ। ਕਿਰਕੇਗਾਰਦ ਨੇ ਇਸ ਨੂੰ ਸੁਤੰਤਰ ਭਾਵ ਆਖਿਆ ਹੈ। ਉਸ ਨੇ ਪਰਮਾਤਮਾ ਦੇ ਅਸਤਿਤਵ ਨੂੰ ਸਿੱਧ ਕਰਨ ਵਾਲੇ ਨੂੰ ਅਸਤਿਤਵੀ ਪਦ ਨੂੰ ਨਾ ਸਮਝਣ ਵਾਲਾ ਕਿਹਾ ਹੈ ਕਿਉਂਕਿ ਪਰਮਾਤਮਾ ਤਾਂ ਧਾਰਮਿਕ ਚੇਤਨਾ ਵਿਚ ਵਿਦਮਾਨ ਹੁੰਦਾ ਹੈ। ਕਿਰਕੇ ਗਾਰਦ ਦੇ ਅਨੁਸਾਰ "ਅਸਤਿਤਵ ਦਾ ਅਰਥ ਹੈ ਵਿਅਕਤੀਗਤ ਮਾਨਵ ਦੀ ਸਮੂਰਤ ਹੋਂਦ ਹੈ। ਧਰਤੀ ਉੱਤੇ ਦਿਖਾਈ ਦੇ ਰਹੇ ਸਾਰੇ ਜੀਵਾਂ ਵਿਚੋਂ ਕੇਵਲ ਮਨੁੱਖ ਹੀ ਉੱਭਰਵੇਂ ਰੂਪ ਵਿਚ ਸਾਹਮਣੇ ਆਉਂਦਾ ਹੈ ਜਿਹੜਾ ਨਾ ਕੇਵਲ ਆਪਣੀ ਹੋਂਦ ਬਾਰੇ ਬਾਰੇ ਸੁਚੇਤ ਹੈ ਸਗੋਂ ਭਵਿੱਖ ਬਾਰੇ ਵੀ ਚੇਤੰਨ ਹੈ।[5]

ਕੀਰਕੇਗਾਰਦ ਨੇ ਅਸਤਿਤਵਵਾਦ ਦੇ ਬਾਰੇ ਜੋ ਸੰਕਲਪ ਦਿੱਤੇ ਹਨ ਇਸ ਪ੍ਰਕਾਰ ਹਨ- ਵਿਵਸਥਾ, ਤਰਕ ਵਿੱਦਿਆ, ਇਕਾਗਰਤਾ, ਵਸਤੂਪਰਕਤਾ। ਇਸ ਤੋਂ ਉਪਰੰਤ ਉਸ ਨੇ ਸੰਸਾਰ ਵਿਰੁੱਧ ਬਗ਼ਾਵਤ ਕਰ ਦਿੱਤੀ। ਉਨਸ ਨੇ ਬੰਦੇ ਨੂੰ ਇਕ ਕਲਪਨਾਤਮਿਕ ਹੋਂਦ ਮੰਨਿਆਂ ਹੈ।

ਮਾਰਟਿਨ ਬੂਬਰ (1878-1965): ਮਾਰਟਿਨ ਬੂਬਰ ਯਹੂਦੀਆਂ ਦਾ ਪ੍ਰਸਿੱਧ ਧਾਰਮਿਕ ਦਾਰਸ਼ਨਿਕ ਸੀ। ਉਸ ਦੀਆ ਮੁੱਢਲੀਆਂ ਲਿਖਤਾਂ ਉੱਪਰ ਰਹੱਸਵਾਦ ਦਾ ਵਧੇਰੇ ਪ੍ਰਭਾਵ ਸੀ। ਬੂਬਰ ਦੇ ਅਨੁਸਾਰ ਵਿਅਕਤੀ ਦਾ ਵਾਤਾਵਰਨ ਅਤੇ ਆਪਣੇ ਅਨੁਭਵ ਨਾਲ ਦੂਹਰਾ ਸਬੰਧ ਹੈ। ਉਸ ਦੇ ਅਨੁਸਾਰ ਸਥਿਤੀ ਗਿਆਨ ਬਾਹਰਮੁਖੀ ਵਤੀਰਾ ਹੈ ਅਤੇ ਸਾਕਾਰ ਕਰਨ ਦੁਆਰਾ ਜੀਵਨ ਦੇ ਅੰਤਰੀਵੀ ਅਰਥ ਪੈਦਾ ਹੁੰਦੇ ਹਨ। ਬੂਬਰ ਦੇ ਮੁੱਖ ਸੰਕਲਪ- ਸੰਵਾਦ, ਪਰਿਵਰਤਨ ਸਮਾਂ, ਸ਼ਬਦ, ਜ਼ਿੰਮੇਵਾਰੀ, ਬੰਦਾ ਅਤੇ ਰੱਬ, ਪ੍ਰਕਿਰਤੀ, ਸੱਚ, ਧਰਮ ਅਤੇ ਰੱਬ, ਨਿਲੰਬਿਤ ਨੈਤਿਕਤਾ ਆਦਿ। ਬੂਬਰ ਦੀਆਂ ਨਜ਼ਰਾਂ ਵਿਚ ਸਾਰੀ ਵਾਸਤਵਿਕ ਹੋਂਦ ਮਿਲਾਪ ਹੀ ਹੈ। ਇਕ ਦੂਜੇ ਨਾਲ ਸਬੰਧ ਦੈਵੀ ਸਬੰਧਾਂ ਦਾ ਅਹਿਸਾਸ ਕਰਵਾਉਂਦੇ ਹਨ। ਮਿਲਾਪ ਵਿਚੋਂ ਹੀ ਪ੍ਰਮਾਣਿਤ ਅਸਤਿਤਵ ਹੋਂਦ ਗ੍ਰਹਿਣ ਕਰਦਾ ਹੈ। ਮੈਂ-ਤੂੰ ਦੇ ਸਬੰਧਾਂ ਦੇ ਨਾਲ ਹੀ ਅਸੀਂ ਬਣਦੇ ਹਾਂ।

ਜਕ ਮੇਰੀਟੇਨ: (1882-1973):ਮੇਰੀਟੇਨ ਦਾ ਅਸਤਿਤਵਵਾਦ ਕੀਰਕੇਗਾਰਦ, ਮਾਰਸ਼ਲ ਅਤੇ ਪਾਲ ਸਾਰਤਰ ਤੋਂ ਭਿੰਨ ਸੀ। ਮੇਰੀਟੇਨ ਉਨ੍ਹਾਂ ਦਾਰਸ਼ਨਿਕਾਂ ਦਾ ਵਿਰੋਧ ਕਰਦਾ ਹੈ ਜੋ ਕਹਿੰਦੇ ਹਨ ਕਿ ਸਾਰ ਪੈਦਾ ਕੀਤਾ ਜਾਂਦਾ ਹੈ ਅਤੇ ਫਿਰ ਅਸਤਿਤਵ ਹੋਂਦ ਵਿਚ ਆਉਂਦਾ ਹੈ। ਅਸਤਿਤਵ ਸਾਰ ਦਾ ਹਿੱਸਾ ਨਹੀਂ ਹੁੰਦਾ। ਇਹ ਸਾਰ ਦੁਆਰਾ ਨਿਰਧਾਰਿਤ ਨਹੀਂ ਹੁੰਦਾ। ਉਹ ਇਸ ਗੱਲ ਦਾ ਸਮਰਥਕ ਹੈ ਕਿ ਸਾਰ ਅਸਤਿਤਵ ਤੋਂ ਪਹਿਲਾਂ ਹੈ। ਉਸ ਦੇ ਅਨੁਸਾਰ ਪਿਆਰ ਦੇ ਰਾਹੀ ਅਸਤਿਤਵ ਆਪਣੀ ਹੋਂਦ ਨੂੰ ਉੱਚਿਆਂਦਾ ਹੈ। ਪਿਆਰ ਦੀ ਅਧਿਆਤਮ ਹੋਂਦ ਅਸਤਿਤਵ ਦਾ ਸਰਵੋਤਮ ਪ੍ਰਗਟਾਵਾ ਹੈ।

ਗੈਬੀਰਲ ਮਾਰਸ਼ਲ (1889-1973):ਗੈਬੀਰਲ ਮਾਰਸ਼ਲ ਕਿਰਕੇਗਾਰਦ ਦੀ ਤਰ੍ਹਾਂ ਧਾਰਮਿਕ ਅਸਤਿਤਵਵਾਦੀ ਸੀ। ਉਹ ਫ਼ਰਾਂਸ ਦੇ ਅਮੀਰ ਘਰਾਣੇ ਵਿਚ ਜੰਮਿਆ ਸੀ। ਉਸ ਨੇ ਧਾਰਮਿਕ ਅਸਤਿਤਵਵਾਦੀ ਖੇਤਰ ਵਿਚ ਆਪਣਾ ਥਾਂ ਨਿਸ਼ਚਿਤ ਕਰ ਲਿਆ ਸੀ। ਉਸ ਦਾ ਦਰਸ਼ਨ ਪ੍ਰਤੀਬਿੰਬ ਦਾ ਪ੍ਰਤੀਬਿੰਬ ਹੈ। ਉਸ ਨੇ ਅਮੂਰਤ ਦੀ ਥਾਂ ਸਮੂਰਤ ਦੀ ਸਮਝ ਉੱਤੇ ਜ਼ੋਰ ਦਿੱਤਾ। ਮਾਰਸ਼ਲ ਦੇ ਅਨੁਸਾਰ ਬੰਦੇ ਦੀਆਂ ਸਮੱਸਿਆਵਾਂ ਦਾ ਕੋਈ ਬੌਧਿਕ ਅਤੇ ਬੁਨਿਆਦੀ ਹੱਲ ਨਹੀਂ ਕੱਢਿਆ ਜਾ ਸਕਦਾ

ਨਿਕੋਲਸ ਬਰਦੀਏਵ (1874-1948): ਨਿਕੋਲਸ ਕੀਵ ਵਿਚ 19 ਮਾਰਚ 1874 ਨੂੰ ਪੈਦਾ ਹੋਇਆ ਸੀ। ਸ਼ੁਰੂ ਵਿਚ ਉਸ ਦਾ ਮਾਰਕਸਵਾਦੀਆਂ ਦੇ ਨਾਲ ਮੇਲ ਰਿਹਾ ਪਰ ਬਾਅਦ ਦੇ ਵਿਚ ਉਹ ਇਹ ਸਾਥ ਤੋੜ ਗਿਆ। ਆਪਣੇ ਸਾਰੇ ਜੀਵਨ ਵਿਚ ਉਹ ਇਕੱਲਾਪਣ ਮਹਿਸੂਸ ਕਰਦਾ ਰਿਹਾ। ਇੱਕ ਪਵਿੱਤਰ ਇਕਾਗਰਤਾ, ਚੇਤਨ, ਬੰਦਾ ਮਿਸ਼ਰਨ ਹੈ ਸੁਤੰਤਰਤਾ, ਸ਼ਖ਼ਸੀਅਤ, ਮਾਲਕ, ਦਾਸ ਅਤੇ ਸੁਤੰਤਰ ਮਨੁੱਖ ਉਸ ਦੇ ਮੁੱਖ ਸੰਕਲਪ ਹਨ। ਉਸ ਦੀ ਸਿਰਜਣਾ ਅਜਿਹਾ ਰਹੱਸ ਹੈ ਜਿਸ ਦੇ ਅਨੁਸਾਰ ਮਾਨਵ-ਵਿਗਿਆਨੀ ਅਤੇ ਬ੍ਰਹਿਮੰਡ ਵਿਗਿਆਨੀ ਰਹੱਸ ਦਾ ਪ੍ਰਗਟਾਵਾ ਕਰਦਾ ਹੈ। ਂਉਸ ਦੇ ਅਨੁਸਾਰ ਰੱਬ ਹੈ ਮਨੁੱਖੀ ਸੁਤੰਤਰਤਾ ਨੇ ਰੱਬ ਦੀ ਸਿਰਜਣਾ ਕੀਤੀ ਹੈ। ਰੂਹ ਦੇ ਧਰਮ, ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਮਨੁੱਖਤਾ ਦਾ ਨਵਾਂ ਭਾਈਚਾਰਾ ਹੋਂਦ ਗ੍ਰਹਿਣ ਕਰੇਗਾ। ਭੌਤਿਕ ਖੋਜਾਂ ਨੇ ਉਸ ਦੀ ਆਤਮਾ ਨੂੰ ਰੱਬ ਤੋਂ ਦੂਰ ਕਰ ਦਿੱਤਾ ਹੈ।

ਪਾਲ ਟਿੱਲਿਕ (1886-1965): ਪਾਲ ਟਿੱਲਿਕ ਧਰਮ ਸ਼ਾਸਤਰੀ ਸੀ; ਉਸ ਦਾ ਜਨਮ 1886 ਵਿਚ ਹੋਇਆ ਸੀ। ਪਾਲ ਕਹਿੰਦਾ ਹੈ ਕਿ ਸਾਨੂੰ ਜੀਵਨ ਦੇ ਯਥਾਰਥ ਦਾ ਸਾਹਮਣਾ ਕਰਨਾ ਪੈਂਦਾ ਹੈ। ਧਰਮ ਦਾ ਯਥਾਰਥ ਨਾਲ ਟੱਕਰ ਲੈਣ ਤੋਂ ਭਾਵ ਅਸਤਿਤਵ ਦਾ ਯਥਾਰਥ ਨਾਲ ਸਰੋਕਾਰ ਹੈ। ਉਸ ਦੇ ਅਨੁਸਾਰ ਅਸਤਿਤਵ ਅਤੇ ਸਾਰ ਦਾ ਅਧਿਐਨ ਮਨੁੱਖ ਨੂੰ ਕੇਂਦਰ ਵਿੱਚ ਰੱਖ ਕੇ ਹੀ ਕੀਤਾ ਜਾ ਸਕਦਾ ਹੈ। ਅਸਤਿਤਵਵਾਦੀ ਮਨੁੱਖੀ ਸਥਿਤੀ ਤੇ ਧਿਆਨ ਇਕਾਗਰ ਕਰਦੇ ਹਨ। ਅਸਤਿਤਵਵਾਦੀ ਬਾਹਰਮੁਖੀ ਦ੍ਰਿਸ਼ਟੀ ਦੀ ਥਾਂ ਅੰਤਰਮੁਖੀ ਦ੍ਰਿਸ਼ਟੀ ਅਨੁਸਾਰ ਕਾਰਜਸ਼ੀਲ ਹੁੰਦਾ ਹੈ। ਅਸਤਿਤਵਵਾਦੀ ਸੁਰੱਖਿਆ/ਅਸੁਰੱਖਿਆ ਦੀ ਚਿੰਤਾ ਦਾ ਵਿਸ਼ਾ ਹੈ ਜਿਸ ਦਾ ਸਬੰਧ ਬੰਦੇ ਦੀ ਹੋਂਦ ਨਾਲ ਸਬੰਧ ਰੱਖਦਾ ਹੈ।

ਰੁਡੋਲਫ ਕਾਰਲ ਬੁਲਟਮਾਨ (1884-1976): ਬੁਲਟਮਾਨ ਵੀਹਵੀਂ ਸਦੀ ਦਾ ਧਾਰਮਿਕ ਅਸਤਿਤਵਵਾਦੀ ਹੋਇਆ ਹੈ ਜਿਸ ਨੇ ਈਸਾਈ ਧਰਮ ਨੂੰ ਮਿੱਥਾਂ ਤੋਂ ਬਚਾ ਕੇ ਸਮਝਣ ਤੇ ਜ਼ੋਰ ਦਿੱਤਾ ਹੈ। ਉਸ ਨੇ ਬਾਈਬਲ ਦੀ ਮਿੱਥ ਭਾਸ਼ਾ ਨੂੰ ਸਮਝਣ ਹਿਤ ਵਿਗਿਆਨ ਦੀ ਥਾਂ ਅਸਤਿਤਵਵਾਦੀ ਦਰਸ਼ਨ ਦਾ ਸਹਾਰਾ ਲਿਆ ਹੈ। ਬੁਲਟਮਾਨ ਹਾਈਡਿਗਰ ਤੋਂ ਪ੍ਰਭਾਵਿਤ ਸੀ ਅਤੇ ਉਸ ਦੀ ਅਸਤਿਤਵਵਾਦੀ ਵਿਚਾਰਧਾਰਾ ਨੂੰ ਹੀ ਉਸ ਨੇ ਈਸਾਈ ਧਰਮ ਦੀ ਸਮਝ ਲਈ ਪ੍ਰਯੋਗ ਵਿਚ ਲਿਆਂਦਾ।ਬੁਲਟਮਾਨ ਦਾ ਵਿਚਾਰ ਹੈ ਕਿ ਰੱਬੀ ਅਧਾਰ ਤੋਂ ਬਿਨਾਂ ਬੰਦੇ ਦਾ ਕੋਈ ਸੰਸਾਰ ਨਹੀਂ ਹੈ। ਇਸ ਲਈ ਰੱਬੀ ਅਧਾਰ ਨੂੰ ਨਵੀਂ ਦਿਸ਼ਾ ਦੇਣੀ ਹੋਵੇਗੀ। ਇਸ ਲਈ ਰੱਬੀ ਮਿਹਰ ਨੂੰ ਸਮਝਣਾ ਹੋਵੇਗਾ। ਇਸ ਸਬੰਧੀ ਉਹ ਈਸਾ ਦੀ ਸੂਲੀ ਵਾਲੀ ਘਟਨਾ ਦੀ ਉਦਾਹਰਨ ਦਿੰਦਾ ਹੈ। ਇੱਥੋਂ ਹੀ ਸਮਝ ਪੈਂਦੀ ਹੈ ਕਿ ਬੰਦੇ ਦਾ ਅਸਤਿਤਵ ਉਸ ਦਾ ਆਪਣਾ ਨਹੀਂ ਸਗੋਂ ਇਹ ਤਾਂ ਰੱਬੀ ਤੋਹਫ਼ਾ ਹੈ। ਈਸਾ ਦੀ ਸ਼ਹੀਦੀ ਇਸ ਗੱਲ ਦਾ ਸੰਕੇਤ ਕਰਦੀ ਹੈ ਕਿ ਮੌਤ ਬੰਦੇ ਦੇ ਵੱਸ ਦੀ ਗੱਲ ਨਹੀਂ ਹੈ। ਬੁਲਟਮਾਨ ਆਖਦਾ ਹੈ ਕਿ ਬੰਦੇ ਨੂੰ ਆਪਣੀ ਅਸਤਿਤਵੀ ਹੋਂਦ ਨੂੰ ਸਮਝਣਾ ਚਾਹੀਦਾ ਹੈ। ਰੱਬ ਨੇ ਬੰਦੇ ਨੂੰ ਇਕ ਜ਼ਿੰਮੇਵਾਰ ਵਿਅਕਤੀ ਵਜੋਂ ਸਿਰਜਿਆ ਹੈ ਅਤੇ ਆਪਣੇ ਅਸਤਿਤਵ ਨੂੰ ਪ੍ਰਮਾਣਿਕ ਅਤੇ ਅਪ੍ਰਮਾਣਿਕ ਬਣਾਉਣ ਦੀ ਸੰਭਾਵਨਾ ਦਿੱਤੀ ਹੈ। ਬੰਦਾ ਆਪਣੇ ਗੁਨਾਹਾਂ ਕਰਕੇ ਅਜਿਹੀਆਂ ਸੰਭਾਵਨਾਵਾਂ ਵਿਚ ਫਸ ਜਾਂਦਾ ਹੈ ਕਿ ਉਹ ਆਪਣੇ ਅਸਤਿਤਵ ਨੂੰ ਪ੍ਰਮਾਣਿਕ ਨਹੀਂ ਬਣਾ ਸਕਦਾ। ਅਜਿਹੀ ਸਥਿਤੀ ਵਿਚ ਬੰਦੇ ਦਾ ਬਾਹਰ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ।

ਨਾਸਤਿਕ ਅਸਤਿਤਵਵਾਦੀ:

ਐਡਮੰਡ ਹੁਸਰਲ (1859-1938) ਐਡਮੰਡ ਜਰਮਨ ਦਾ ਦਾਰਸ਼ਨਿਕ ਸੀ ਅਸਤਿਤਵਵਾਦੀ ਅਧਿਐਨ ਦੇ ਲਈ ਉਸ ਦੀ ਪ੍ਰਮੁੱਖ ਘਟਨਾ ਕਿਰਿਆ ਜਾਂ ਦ੍ਰਿਸ਼ ਵਿਗਿਆਨ ਵੀ ਕਿਹਾ ਜਾ ਸਕਦਾ ਹੈ। ਉਸ ਦੀ ਵਿਧੀ ਇਹ ਸੀ ਕਿ ਅਨੁਭਵ ਹੋ ਚੁੱਕੇ ਸੰਸਾਰ ਨੂੰ ਬਰੈਕਟ ਮਾਰ ਦਿੰਦਾ ਸੀ ਅਤੇ ਆਪਣੀ ਚੇਤਨਾ ਨੂੰ ਉਸ ਨਾਲੋਂ ਵੱਖ ਕਰ ਦਿੰਦਾ ਸੀ। ਘਟਨਾ ਕਿਰਿਆ ਵਿਗਿਆਨ ਉਸ ਦਾ ਮੁੱਖ ਸੰਕਲਪ ਹੈ।

ਫਰੈਡਿਕ ਨੀਤਸ਼ੇ-: (1844-1900)ਨੀਤਸ਼ੇ ਨੇ ਮਹਾਂ ਮਾਨਵ ਦਾ ਸੰਕਲਪ ਪੇਸ਼ ਕੀਤਾ ਹੈ।ਨੀਤਸ਼ੇ ਕਿਰਕੇਗਾਰਦ ਦੇ ਨੇੜੇ ਵੀ ਦੂਰ ਹੈ ਅਤੇ ਨੇੜੇ ਵੀ। ਨੇੜੇ ਇਸ ਕਰਕੇ ਦੋਵੇਂ ਹੀ ਇਸਾਈ ਧਰਮ ਵਿਚ ਪਲੇ ਹਨ। ਦੂਰ ਇਸ ਕਰਕੇ ਕਿਉਂਕਿ ਕਿਰਕੇਗਾਰਦ ਈਸਾਈ ਧਰਮ ਅਪਣਾਉਣਾ ਚਾਹੁੰਦਾ ਸੀ ਅਤੇ ਨੀਤਸ਼ੇ ਈਸਾਈਅਤ ਤੋਂ ਦੂਰ ਰਹਿੰਦਾ ਸੀ। ਨੀਤਸ਼ੇ ਨੇ ਰੱਬ ਦੀ ਮੌਤ ਦੇ ਬਾਰੇ ਆਪਣੇ ਹੀ ਵਿਚਾਰ ਪ੍ਰਗਟ ਕੀਤੇ ਹਨ। ਉਹ ਆਖਦਾ ਹੈ ਕਿ ਰੱਬ ਮਰ ਚੁੱਕਾ ਹੈ, ਅਸਾਂ ਰੱਬ ਨੂੰ ਮਾਰ

ਦਿੱਤਾ ਹੈ, ਜੇ ਰੱਬ ਹੁੰਦਾ ਤਾਂ ਮੈਂ ਰੱਬ ਹੋਣ ਸੋ ਕਿਵੇਂ ਵਾਂਝਾ ਰਹਿ ਸਕਦੇ ਹਾਂ, ਸੋ ਰੱਬ ਨਹੀਂ ਹੈ।ਸਰ ਨੀਤਸ਼ੇ ਨੇ ਵੀ ਰੱਬ ਦੀ ਮੌਤ ਦਾ ਐਲਾਨ ਕੀਤਾ ਅਤੇ ਮਨੁੱਖੀ ਹੋਂਦ ਨੂੰ ਦਾਰਸ਼ਨਿਕ ਕੈਟਾਗਰੀ ਦਾ ਨਾਂਅ ਦਿੱਤਾ। ਹੋਂਦ ਲਈ ਰੱਬ ਪਹਿਲੇ ਕਾਰਕ ਵਜੋਂ ਨਹੀਂ ਸੀ। ਜ਼ਿੰਦਗੀ ਹਕੀਕਤ ਹੋਣ ਦੇ ਨਾਲ ਨਾਲ ਇਕ ਫ਼ੈਸਲਾ ਵੀ ਹੁੰਦੀ ਹੈ, ਇਹ ਮਹਿਸੂਸ ਕੀਤਾ ਜਾਣ ਲੱਗਾ। ਮਨੁੱਖ ਸਮਾਜਕ ਜੀਵ ਹੋਣ ਤੋਂ ਪਹਿਲਾਂ ਦੇ ਬਾਵਜੂਦ ਇਕ ਵਿਅਕਤੀ ਹੈ, ਇਸ ਲਈ ਉਹ ਇਕੱਲਾ ਹੈ। ਇਸ ਦੇ ਨਾਲ ਹੀ ਰੱਬ ਦੇ ਸੰਕਲਪ ਦੀ ਮੌਤ ਦੇ ਨਾਲ ਮਨੁੱਖ ਹੋਰ ਵੀ ਇਕੱਲਾ ਹੋ ਗਿਆ ਹੈ।

ਕਾਰਲ ਜੈਸਪਰਸ (1883-1969): ਕਾਰਲ ਜੈਸਪਰਸ ਜਰਮਨ ਦਾ ਇਕ ਅਸਤਿਤਵਵਾਦੀ ਚਿੰਤਕ ਸੀ। ਉਸ ਨੇ ਵਕਾਲਤ ਦੀ ਸਿੱਖਿਆ ਪ੍ਰਾਪਤ ਕੀਤੀ। ਰਾਜਨੀਤਿਕ ਕਾਰਨਾਂ ਕਰਕੇ ਉਸ ਨੂੰ ਨੌਕਰੀ ਵਿਚੋਂ ਕੱਢ ਦਿੱਤਾ ਗਿਆ ਸੀ। ਉਸ ਦਾ ਵਿਚਾਰ ਸੀ ਕਿ ਫ਼ਿਲਾਸਫ਼ੀ ਫ਼ਿਲਾਸਫ਼ਰ ਦੇ ਅਸਤਿਤਵ ਤੋਂ ਅਰੰਭ ਹੁੰਦੀ ਹੈ। ਬੰਦੇ ਦਾ ਅਸਤਿਤਵ ਉਸ ਦੀ ਸੰਸਾਰ ਵਿੱਚ ਸਥਿਤੀ ਤੋਂ ਪ੍ਰਭਾਵਿਤ ਹੁੰਦਾ ਹੈ। ਇਹ ਕਿਸੇ ਨਾਲ ਵੰਡਿਆਂ ਨਹੀਂ ਜਾ ਸਕਦਾ। ਇਸ ਨੂੰ ਅੰਦਰੋਂ ਹੀ ਸਮਝਿਆ ਜਾ ਸਕਦਾ ਹੈ। ਬੇਸ਼ੱਕ ਬੰਦੇ ਦੀ ਸੰਸਾਰਿਕ ਸਥਿਤੀ ਲਗਭਗ ਨਿਸ਼ਚਿਤ ਹੁੰਦੀ ਹੈ ਪਰ ਉਸ ਦੀ ਚੇਤਨਾ ਅੱਗੇ ਕੁਝ ਬਣਨ ਲਈ ਅਨੇਕਾਂ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ। ਬੰਦੇ ਦੇ ਸਵੈ ਨੇ ਆਪਣੀ ਸਥਿਤੀ ਵਿਚ ਜਿਹੜੀ ਚੋਣ ਕੀਤੀ ਹੈ ਉਹ ਉਸ ਦੀ ਆਪਣੀ ਹੋਵੇਗੀ। ਇਹ ਚੋਣ ਹੀ ਅੱਗੇ ਵਧਦੀ ਹੈ। ਜਦੋਂ ਬੰਦੇ ਵਿਚ ਸਵੈ ਚੇਤਨਾ ਜਾਗਦੀ ਹੈ ਤਾਂ ਉਹ ਉਸ ਦੀ ਸੁਤੰਤਰਤਾ ਹੁੰਦੀ ਹੈ।

ਕਾਰਲ ਜੈਸਪਰਸ ਨੇ ਅਸਤਿਤਵ ਬਾਰੇ ਤਿੰਨ ਮੂਲ ਨੁਕਸ ਉਭਾਰੇ ਹਨ:

ਅਸਤਿਤਵ ਨਿਰੀ-ਪੂਰੀ ਹੋਂਦ ਦੀ ਕੋਈ ਕਿਸਮ ਨਹੀਂ ਹੈ ਸਗੋਂ ਇਹ ਸ਼ਕਤੀਸ਼ਾਲੀ ਹੋਂਦ ਹੈ।

ਅਸਤਿਤਵ ਆਜ਼ਾਦੀ ਦਾ ਦੂਜਾ ਨਾਮ ਹੈ। ਇਹ ਆਜ਼ਾਦੀ ਮਨੁੱਖ ਨੂੰ ਪਾਰਗਾਮੀ ਬਣਾਉਂਦੀ ਹੈ।

ਅਸਤਿਤਵ ਵਿਅਕਤੀਗਤ ਹੋਂਦ ਹੈ ਜੋ ਅਬਦਲ ਹੈ ਜਿਸ ਨੂੰ ਕਿਸੇ ਹੋਰ ਨਾਲ ਵਟਾਇਆ ਨਹੀਂ ਜਾ ਸਕਦਾ।[6]

ਹਾਈਡਿਗਰ (1889-1976): ਹਾਈਡਿਗਰ ਨੇ ਮੌਤ ਦੇ ਡਰ ਤੇ ਬਲ ਦਿੱਤਾ ਹੈ। ਉਸ ਨੇ ਮਨੁੱਖ ਦਾ ਸਬੰਧ ਸੰਸਾਰ ਦੇ ਸਾਰੇ ਪ੍ਰਾਣੀਆਂ ਨਾਲ ਦਰਸਾਇਆ ਹੈ। ਉਸ ਦੀ ਪੁਸਤਕ ਭਇਨਿਗ ਓਨਦ ਟਮਇ ਬਹੁਤ ਪ੍ਰਸਿੱਧ ਹੋਈ। ਹਾਈਡਿਗਰ ਅਨੁਸਾਰ ਅਸਤਿਤਵਵਾਦੀ ਮਨੁੱਖ ਦਾ ਹੀ ਇਤਿਹਾਸ ਹੀ ਹੈ ਪ੍ਰਕਿਰਤੀ ਦੀ ਕੋਈ ਹੋਂਦ ਨਹੀਂ ਹੈ।"ਅਸਤਿਤਵ ਦੇ ਸੰਕਟ ਅਤੇ ਮੌਤ ਦੇ ਡਰ ਵਿਚ ਗ੍ਰਸੇ ਹੋਏ ਮਨੁੱਖ ਨੂੰ ਸਭ ਕੁਝ ਵਿਅਰਥ ਅਤੇ ਰਸ-ਹੀਣ ਲੱਗਦਾ ਹੈ। ਮਨੁੱਖ ਵਿਆਕੁਲ ਰਹਿੰਦਾ ਹੈ 'ਕੁਝ ਨਹੀਂ' ਦੇ ਅਹਿਸਾਸ ਵਿਚ ਗ੍ਰਸਿਆ ਰਹਿੰਦਾ ਹੈ। ਮੌਤ ਦੇ ਡਰ ਕਾਰਨ ਮਨੁੱਖ ਨੂੰ ਇਹ ਚਿੰਤਾ ਲੱਗੀ ਰਹਿੰਦੀ ਹੈ ਕਿ ਉਸ ਦੀਆਂ ਆਪਣੇ ਅਸਤਿਤਵ ਦੇ ਨਿਰਮਾਣ ਲਈ ਜਿਹੜੀਆਂ ਇੱਛਾਵਾਂ ਅਤੇ ਸੰਭਾਵਨਾਵਾਂ ਹਨ ਕੀ ਪਤਾ ਉਹ ਪੂਰੀਆਂ ਹੋਣ ਜਾਂ ਨਾ। ਇਹ ਚਿੰਤਾ ਵਿਚ ਗ੍ਰਸੇ ਹੋਏ ਮਨੁੱਖ ਨੂੰ ਸਭ ਕੁਝ ਤੁੱਛ ਦਿਖਾਈ ਦਿੰਦਾ ਹੈ। ਮਨੁੱਖ ਨੂੰ ਇਸ ਤੁੱਛਤਾ ਦਾ ਅਹਿਸਾਸ ਦੋ ਤਰ੍ਹਾਂ ਦਾ ਹੁੰਦਾ ਹੈ- ਇਕ ਜਦੋਂ ਮਨੁੱਖ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਇਹ ਸੰਸਾਰ ਨਾਸ਼ਵਾਨ ਅਤੇ ਮੁੱਲ ਹੀਣ ਹੈ ਅਰਥਾਤ ਸੰਸਾਰ ਦੀਆਂ ਸਾਰੀਆਂ ਵਸਤਾਂ ਉਸ ਦੀ ਪਹੁੰਚ ਤੋਂ ਦੂਰ ਹਨ, ਸੰਸਾਰ ਦੀ ਕਿਸੇ ਵਸਤੂ ਉੱਤੇ ਉਸ ਦਾ ਕੋਈ ਅਧਿਕਾਰ ਹੈ ਕਿ ਨਹੀਂ। ਦੂਜਾ ਜਦੋਂ ਸੰਸਾਰ ਵਿਚ ਮਨੁੱਖ ਉਦਾਸ ਰਹਿਣ ਲੱਗਦਾ ਹੈ ਅਤੇ ਸਾਰੀਆਂ ਵਸਤੂਆਂ ਤੋਂ ਦੂਰ

ਭੱਜਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਮਨੁੱਖ ਦੋਹਾਂ ਸਥਿਤੀਆਂ ਵਿਚ ਕੁਝ ਨਹੀਂ ਦਾ ਅਨੁਭਵ ਕਰਦਾ ਹੈ।[7] ਹਾਈਡਿਗਰ ਜੀਵਨ ਦੇ ਪੂਰੇ ਵਿਸ਼ਲੇਸ਼ਣ ਲਈ ਯਤਨਸ਼ੀਲ ਹੈ।

ਮੌਰਿਸ ਮਰਲੀ-ਪੋਂਟੀ (1908-1961):ਮਰਲੀ ਪੋਂਟੀ ਸਾਰਤਰ ਦਾ ਸਾਥੀ ਸੀ। ਉਹ ਕਾਫ਼ੀ ਦਾਰਸ਼ਨਿਕ ਤੇ ਗੰਭੀਰ ਸੀ।ਇਹ ਫਰਾਂਸੀਸੀ ਅਸਤਿਤਵ ਬਾਰੇ ਜਾਣਕਾਰੀ ਦਿੰਦਾ ਹੈ। ਉਹ ਗੰਭੀਰ ਤਾਂ ਸੀ ਪਰ ਭਵਿੱਖ ਵਕਤਾ ਨਹੀਂ ਸੀ। ਉਸ ਦੇ ਪ੍ਰਮੁੱਖ ਸੰਕਲਪ ਵਿਵਹਾਰ, ਦੂਜਿਆਂ ਨਾਲ ਸਬੰਧ, ਮਨੋਂ ਭ੍ਰਾਂਤੀ, ਸ਼ੋਸ਼ਣ ਬਨਾਮ ਕ੍ਰਾਂਤੀ ਸੀ

ਜਾਂ ਪਾਲ ਸਾਰਤਰ (1905-1980)-:ਜੀਨ ਪਾਲ ਸਾਰਤਰ ਦਾ ਅਸਤਿਤਵਵਾਦ ਵਿਚ ਬਹੁਤ ਯੋਗਦਾਨ ਹੈ। ਸਾਰਤਰ ਵਿਚਾਰਧਾਰਾ ਦੇ ਪੱਖੋਂ ਨੀਤਸ਼ੇ ਦੇ ਨਜ਼ਦੀਕ ਹੈ। ਮਾਨਵੀ ਸੁਤੰਤਰ ਅਤੇ ਦੂਸਰਿਆਂ ਦਾ ਸਬੰਧ ਹੀ ਸਾਰਤਰ ਦੇ ਚਿੰਤਨ ਵਿਚ ਮਹੱਤਵਪੂਰਨ ਹੈ। ਸਾਰਤਰ ਆਖਦਾ ਹੈ ਕਿ ਰੱਬ-ਵਿਹੂਣੇ ਸੰਸਾਰ ਵਿਚ ਮਨੁੱਖ ਨੂੰ ਰੱਬ ਦਾ ਸਥਾਨ ਲੈਣਾ ਪੈਣਾ ਹੈ। ਉਸ ਦੀ ਅਜਿਹੀ ਸਥਿਤੀ ਉਸ ਨੂੰ ਚੈਨ ਦਿੰਦੀ ਹੈ। ਮਨੁੱਖ ਆਪਣੇ ਨਾਲ ਇਕੱਲ ਲੈ ਕੇ ਜੰਮਿਆ ਹੈ। ਇਕੱਲ ਉਸ ਦੀ ਮਰਜ਼ੀ ਦਾ ਹੀ ਰੂਪ ਹੈ। ਉਹ ਜੋ ਕੁਝ ਵੀ ਕਰਦਾ ਹੈ, ਮੰਨਦਾ ਹੈ ਜਾਂ ਧਾਰਨਾ ਬਣਾਉਂਦਾ ਹੈ, ਉਸ ਨੂੰ ਉਸ ਦੀ ਚੋਣ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਇੱਥੋਂ ਤੀਕ ਕਿ ਉਸ ਦਾ ਜਨਮ ਵੀ ਉਸ ਦੇ ਚੋਣ-ਖਿੱਸੇ ਤੋਂ ਬਾਹਰ ਨਹੀਂ ਜਾਂਦਾ ਕਿਉਂਕਿ ਮਨੁੱਖ ਆਪਣੀ ਜ਼ਿੰਦਗੀ ਨੂੰ ਇਕ ਬੋਲ ਦੇ ਰੂਪ ਵਿਚ ਜਾਂ ਖ਼ੁਸ਼ ਨਾਲ ਜਾਂ ਇਸ ਤੋਂ ਨਿਜਾਤ ਪਾਉਣ ਵਾਲਾ ਦ੍ਰਿਸ਼ਟੀਕੋਣ ਆਪਣਾ ਕੇ ਕਬੂਲ ਕਰ ਚੁੱਕਾ ਹੁੰਦਾ ਹੈ। ਮਨੁੱਖੀ ਹੋਣੀ ਦਾ ਇਹ ਲੱਛਣ ਹੈ ਕਿ ਇਹ ਕਿਸੇ ਬਹਾਨੇ ਦੀ ਮੁਹਤਾਜ ਨਹੀਂ ਹੁੰਦੀ। ਇਹ ਠੀਕ ਹੈ ਕਿ ਮਨੁੱਖ ਧਰਤੀ ਤੇ ਇਕੱਲਾ ਛੱਡ ਦਿੱਤਾ ਗਿਆ ਹੈ, ਪਰ ਇਸ ਦਾ ਭਾਵ ਇਹ ਨਹੀਂ ਕਿ ਉਹ ਦੁਸ਼ਮਣੀ ਭਰੇ ਬ੍ਰਹਿਮੰਡ ਵਿਚ ਇਸ ਤਰ੍ਹਾਂ ਆਵਾਰਾ ਰਹੇਗਾ ਉਸ ਨੇ ਆਪਣੀ ਹੋਂਦ ਆਪ ਚੁਣਨੀ ਹੁੰਦੀ ਹੈ ਅਤੇ ਆਪਣਾ ਵਜੂਦ ਅਤੇ ਮਨੋਰਥ ਆਪ ਲੱਭਣਾ ਹੁੰਦਾ ਹੈ। ਸਾਰਤਰ ਦੀ ਫ਼ਿਲਾਸਫ਼ੀ ਨਿਖੇਧ ਵਾਦ ਦਾ ਅਗਲਾ ਪੜ੍ਹਾ ਹੈ। ਕਾਮੂ ਦਾ ਐਬਸਰਡਵਾਦ ਵੀ ਇਸ ਦੇ ਕਰੀਬ ਸਫ਼ਰ ਕਰਦਾ ਹੈ। ਅਸਲ ਵਿਚ ਇਹ ਸਾਰੇ ਆਪਸ ਰਲਗੱਡ ਹੋ ਜਾਂਦੇ ਹਨ ਨੀਤਸ਼ੇ ਅਨੁਸਾਰ ਅਕੀਦੇ, ਵਿਚਾਰ ਤਾਂ ਕੇਵਲ ਮੂੰਹ-ਮੱਥਾ ਹੀ ਹਨ ਅਸਲ ਚੀਜ਼ ਤਾਂ ਉਸ ਦੀ ਸਫਲਤਾ ਹੀ ਉਸ ਦਾ ਸਵਾਰਥ ਹੈ। ਨਿਖੇਧ ਵਾਦ ਅਜਿਹੇ ਮਨੁੱਖ ਨੂੰ ਕਿਹਾ ਜਾਂਦਾ ਹੈ ਜੋ ਅਜਿਹੀ ਚੀਜ਼ ਨਾਲ ਜੂਝ ਰਿਹਾ ਹੋਵੇ ਜਿੱਥੇ ਉਸ ਦਾ ਵਿਸ਼ਵਾਸ ਨਾ ਹੋਵੇ ਪਰ ਵਿਸ਼ਵਾਸ ਹੋਣ ਦਾ ਬਹਾਨਾ ਕਰਦਾ ਹੈ। ਸਾਰਤਰ ਮਨੁੱਖੀ ਮਰਜ਼ੀ ਦੀਆਂ ਸ਼ਰਤਾਂ ਮਿੱਥ ਕੇ ਮਨੁੱਖੀ ਸੱਤਾ ਦੀ ਭਾਲ ਕਰਦਾ ਹੈ। ਆਤਮੁੱਖਤਾ ਹੀ ਉਸ ਦਾ ਮੁੱਖ ਧਰਾਤਲ ਬਣ ਸਕਦੀ ਹੈ। ਸਾਰਤਰ ਦੇ ਸਮੁੱਚੇ ਚਿੰਤਨ ਦੀ ਬੁਨਿਆਦ ਹੋਂਦ-ਸੰਕਟ ਵਿਚ ਘਿਰਿਆ ਹੋਇਆ ਮਨੁੱਖ ਹੈ। ਮਨੁੱਖ ਆਪਣੀ ਰਚਨਾ ਨੂੰ ਕਰਨ ਦੇ ਲਈ ਕਈ ਨਿੱਜੀ ਯਤਨ ਕਰਦਾ ਹੈ। ਸਾਰਤਰ ਨੇ ਮਨੁੱਖ ਦੀ ਸੁਤੰਤਰ ਹਸਤੀ ਦੇ ਉੱਪਰ ਜ਼ੋਰ ਦਿੱਤਾ ਹੈ ਇਸ ਸੁਤੰਤਰਤਾ ਨੂੰ ਮਨੁੱਖੀ ਜੀਵਨ ਦਾ ਮੁੱਖ ਲੱਛਣ ਮੰਨਿਆਂ ਹੈ ਸੁਤੰਤਰ ਮਨੁੱਖ ਹੀ ਸਭ ਕੁਝ ਕਰ ਸਕਦਾ ਹੈ। ਸਾਰਤਰ ਦੇ ਅਨੁਸਾਰ ਭਾਵੇਂ ਮਨੁੱਖ ਦਾ ਜਨਮ ਉਸ ਦੀ ਇੱਛਾ ਦੇ ਅਨੁਸਾਰ ਨਹੀਂ ਹੁੰਦਾ ਪਰ ਮਨੁੱਖ ਜਦੋਂ ਮਰਦਾ ਹੈ ਤਾਂ ਉਹ ਪੂਰਨ ਤੌਰ ਤੇ ਸੁਤੰਤਰ ਹੁੰਦਾ ਹੈ। "ਸੰਭਾਵਿਤ ਮੌਤ ਅਤੇ ਪੀੜਾ ਨਾਲ ਟਕਰਾ ਰਿਹਾ ਮਨੁੱਖ ਕੇਵਲ ਮਨੁੱਖ ਹੋਣ ਦੇ ਨਾਤੇ ਆਪਣੀਆਂ ਸਮੁੱਚੀਆਂ ਯੋਗਤਾਵਾਂ ਨੂੰ ਵਰਤਣ ਤੋਂ ਨਹੀਂ ਟਾਲ ਸਕਦਾ ਜਿਹੜੀਆਂ ਪ੍ਰਸਥਿਤੀਆਂ ਵਿਚ

ਉਹ ਆਪਣੇ ਆਪ ਨੂੰ ਪਾਉਂਦਾ ਹੈ ਉਹ ਅਜਿਹੀਆਂ ਹੁੰਦੀਆਂ ਹਨ ਕਿ ਉਸ ਨੂੰ ਇਨ੍ਹਾਂ ਦੇ ਵਿਰੋਧੀ ਸਿਰਿਆਂ-ਕਾਇਰਤਾ ਤੇ ਨਾਇਕਤਵ-ਵਿਚੋਂ ਕੇਵਲ ਇਕ ਨਾਲ ਪ੍ਰਤੀਬਿੰਬ ਹੋਣਾ ਪੈਂਦਾ ਹੈ।[8]

ਅਲਬਰਟ ਕਾਮੂ ਦਾ ਦਰਸ਼ਨ ਨਿਰਾਸ਼ਾ ਦਾ ਨਹੀਂ ਵਿਸ਼ਵਾਸ ਦਾ ਦਰਸ਼ਨ ਹੈ ਕਾਮੂ ਨੇ ਵਿਸੰਗਤੀਆਂ ਤੋਂ ਬਚਣ ਦੇ ਲਈ ਵਿਦਰੋਹ ਦਾ ਰਸਤਾ ਅਪਣਾਇਆ, ਉਸ ਨੇ ਇਸ ਮਾਰਗ ਨੂੰ ਸੋਚ ਦੇ ਨਜ਼ਦੀਕ ਦੱਸਿਆ ਹੈ। ਉਸ ਦੇ ਅਨੁਸਾਰ ਜ਼ਿੰਦਗੀ ਕੁਝ ਨਹੀਂ ਹੈ ਬੱਸ ਮੌਤ ਤੱਕ ਭੈਭੀਤ ਕਰਨ ਵਾਲੀ ਹੈ। ਅਸਤਿਤਵਵਾਦੀ ਕਵੀਆਂ ਦੇ ਅਨੁਸਾਰ ਵਿਅਕਤੀ ਆਪਣੇ ਆਪ ਨਾਲ ਹੀ ਅਲਗਾਉ ਵਾਲੀ ਸਥਿਤੀ ਵਿਚ ਰਹਿੰਦਾ ਹੈ। ਸਾਡਾ ਅੰਦਰੂਨੀ ਅਸਤਿਤਵ ਲਗਾਤਾਰ ਟਕਰਾਉਂਦੇ ਦਾਅਵਿਆਂ ਤੇ ਉਦੇਸ਼ ਹੇਠ ਤਣਾਅਪੂਰਨ ਰਹਿੰਦਾ ਹੈ। ਅਸਤਿਤਵਵਾਦੀ ਚਿੰਤਕ ਅਲਗਾਉ ਨੂੰ ਸਮਾਜਕ ਯਥਾਰਥਕ ਨਾਲ ਜੋੜਦੇ ਹਨ। ਸਾਰਤਰ, ਨੀਤਸ਼ੇ, ਹਾਈਡਿਗਰ,ਹਰਮਨ ਲੋਟੇਜ ਅਤੇ ਰੂਫੋਲਡ ਇਉਕਿਨ, ਕਾਮੂ ਆਦਿ ਪੱਛਮੀ ਚਿੰਤਕਾਂ ਨੇ ਅਸਤਿਤਵਵਾਦ ਵਿਚ ਹਿੱਸਾ ਪਾਇਆ ਅਤੇ ਪੰਜਾਬੀ ਸਾਹਿਤ ਲਈ ਇਨ੍ਹਾਂ ਨੇ ਮਾਰਗ ਦਾ ਕੰਮ ਕੀਤਾ।

ਅਸਤਿਤਵਵਾਦ ਦੀਆ ਵਿਸ਼ੇਸ਼ਤਾਵਾਂ:-

1:- ਅਸਤਿਤਵਵਾਦ ਦੀ ਪਹਿਲੀ ਵਿਸ਼ੇਸ਼ਤਾ ਇਸ ਦਾ ਫ਼ੌਰੀ, ਵਿਸਮਾਦੀ, ਪਾਰਗਾਮੀ ਤਿਲਕਵਾਂਪਨ ਹੈ।

2:- ਮਨੁੱਖੀ ਹੋਂਦ ਦਾ ਅਦੁੱਤੀ ਪਣ ਅਸਤਿਤਵ ਦੀ ਦੂਜੀ ਬੁਨਿਆਦੀ ਵਿਸ਼ੇਸ਼ਤਾ ਹੈ। ਮੈ, ਮੇਰਾ ਆਦਿ ਅਜਿਹੇ ਸ਼ਬਦ ਹਨ ਜਿਹੜੇ ਕਦੇ-ਕਦੇ ਇਹ ਚੇਤਨਤਾ ਪ੍ਰਗਟ ਕਰਨ ਲਈ ਵਰਤੇ ਜਾਂਦੇ ਹਨ ਕਿ ਮੇਰਾ ਅਸਤਿਤਵ ਬਾਕੀਆਂ ਨਾਲੋਂ ਵਿਲੱਖਣ ਤੇ ਅਦੁੱਤੀ ਹੈ। ਮੈ ਸਿਰਫ਼ ਆਦਮ-ਜਾਤ ਦਾ ਇਕ ਨਮੂਨਾ ਨਹੀਂ ਮੈ, ਮੈ ਹਾਂ। ਮਨੁੱਖੀ ਅਸਤਿਤਵ ਦਾ ਅਦੁੱਤੀਪਨ ਮਹਿਸੂਸ ਕੀਤੇ ਗਏ 'ਮੇਰੇ ਆਪਣੇ' ਵਿਚ ਨਿਹਿਤ ਹੈ।

3:- ਅਸਤਿਤਵਵਾਦ ਦੀ ਤੀਜੀ ਵਿਸ਼ੇਸ਼ਤਾ ਇਸ ਦੀ ਸਵੈ-ਸੰਬੰਧਤਾ ਹੈ ਜਦੋਂ ਅਸੀਂ ਆਪਣੇ ਸ੍ਵੈਤਵ ਦੀ ਪਛਾਣ ਵਲ ਰੁਚਿਤ ਹੁੰਦੇ ਹਾਂ ਤਾਂ ਉਸ ਸਮੇਂ ਅਸੀਂ ਆਪਣੇ ਸ੍ਵੈ ਨਾਲ ਇਕਮਿਕ ਹੋਣ ਦੀ ਸੰਭਾਵਨਾ ਨੂੰ ਮੁੱਖ ਰੱਖਦੇ ਹਾਂ। ਅਸਤਿਤਵ ਦਾ ਅਰਥ ਕੇਵਲ ਹੋਂਦ ਹੋਣਾ ਹੀ ਨਹੀਂ ਸਗੋਂ ਹੋਂਦ/ ਨਿਰਹੋਂਦ ਦੀ ਚੋਣ ਬਾਰੇ ਆਪ ਫ਼ੈਸਲਾ ਕਰਨਾ ਹੈ, ਆਪਣੇ ਅਸਤਿਤਵ ਨੂੰ ਜੋਬਨਵੰਤ/ ਨਿਰਜਿੰਦ ਰੂਪ ਵਿੱਚ ਵਿਕਸਿਤ/ ਅਵਿਕਸਿਤ ਕਰਨ ਦੀ ਚੋਣ ਬਾਰੇ ਨਿਰਨਾ ਕਰਨਾ ਹੈ।

## 1.8 ਪੰਜਾਬੀ ਨਾਵਲ ਦਾ ਨਿਕਾਸ ਅਤੇ ਵਿਕਾਸ

### ਨਾਵਲ ਦਾ ਸਿਧਾਂਤਕ ਪਰਿਪੇਖ:-

ਗਲਪ ਸਾਹਿਤ ਵਿਚ ਵੱਧ ਮਹੱਤਤਾ ਨਾਵਲ ਦੀ ਹੀ ਮੰਨੀ ਜਾਂਦੀ ਹੈ।ਨਾਵਲ ਇਕ ਲੰਮੀ ਬਿਰਤਾਂਤਿਕ ਅਤੇ ਗਲਪ ਮਈ ਰਚਨਾ ਹੈ, ਜਿਸ ਵਿਚ ਜ਼ਿੰਦਗੀ ਦੀ ਵਿਆਪਕ ਪੇਸ਼ਕਾਰੀ ਅਤੇ ਵਿਸ਼ਲੇਸ਼ਣ ਪਾਤਰਾਂ, ਘਟਨਾਵਾਂ, ਸਥਾਨਕ ਵੇਰਵਿਆਂ, ਵਾਰਤਾਲਾਪ ਅਤੇ ਭਾਸ਼ਾ ਦੁਆਰਾ ਵਿਲੱਖਣ ਵਿਸ਼ਵ ਦ੍ਰਿਸ਼ਟੀ ਰਾਹੀਂ ਕਥਾ ਸਿਰਜਣ ਦੀ ਵਿਧੀ ਦੇ ਰੂਪ ਵਿਚ ਕੀਤਾ ਜਾਂਦਾ

ਹੈ। ਇਹ ਅਜਿਹਾ ਗਲਪੀ ਸੰਸਾਰ ਸਿਰਜਦਾ ਹੈ ਜੋ ਸੱਚਾ ਸੰਸਾਰ ਨਾ ਹੁੰਦਿਆਂ ਵੀ ਅਸਲ ਪ੍ਰਤੀਤ ਹੁੰਦਾ ਹੈ।ਨਾਵਲੀ ਰਚਨਾ ਵਿਚ ਯਥਾਰਥ ਤੇ ਗਲਪ ਦਾ ਤਣਾਅ ਨਿਰੰਤਰ ਬਣਿਆ ਰਹਿੰਦਾ ਹੈ। ਜਿਸ ਕਰਕੇ ਇਕ ਪਾਸੇ ਇਸ ਦਾ ਸੰਬੰਧ ਸਮਕਾਲੀ ਜੀਵਨ ਦੇ ਯਥਾਰਥ ਨਾਲ ਦੂਜਾ ਕਾਲਪਨਿਕ ਗਲਪ ਸੰਸਾਰ ਵਿੱਚ ਪੇਸ਼ ਹੋਏ ਕਲਾ ਦੇ ਯਥਾਰਥ ਨਾਲ ਬਣਿਆ ਰਹਿੰਦਾ ਹੈ।[9]

ਕੋਸ਼ ਗਤ ਅਰਥ ਅਨੁਸਾਰ ਨਾਵਲ (NOVEL) ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮੂਲ ਲਾਤੀਨੀ ਭਾਸ਼ਾ ਦੇ Novella ਸ਼ਬਦ 'ਨਵੇਂ' ਦੇ ਅਰਥਾਂ ਵਜੋਂ ਵਰਤਿਆ ਜਾਂਦਾ ਹੈ। ਫਰਾਂਸੀਸੀ ਸ਼ਬਦ (Novellus) ਵੀ ਉਪਰੋਕਤ ਅਰਥਾਂ 'ਚ ਹੀ ਵਰਤਿਆ ਜਾਂਦਾ ਹੈ। ਅੰਗਰੇਜ਼ੀ ਵਿਚ ਨੋਵਇਲ ਸ਼ਬਦ ਛੋਟੀ ਕਹਾਣੀ ਲਈ ਵਰਤਿਆ ਜਾਂਦਾ ਹੈਂ Novel ਦਾ ਪ੍ਰਾਇਵਾਚੀ ਹਿੰਦੀ ਭਾਸ਼ਾ ਦਾ ਸ਼ਬਦ 'ਉਪਨਿਆਸ' ਹੈ ਉਪਨਿਆਸ ਸ਼ਬਦ ਦਾ ਮੂਲ ਸੰਸਕ੍ਰਿਤ ਭਾਸ਼ਾ ਵਿਚ ਹੈ। ਇਸ ਦਾ ਭਾਵ ਵੀ 'ਕਲਪਿਤ ਕਥਾ ' ਹੈ।ਸੋ ਅਸੀਂ ਨਾਵਲ ਅਤੇ ਉਪਨਿਆਸ ਨੂੰ ਮੂਲ ਭਾਵਾਂ ਅਨੁਸਾਰ ਇੰਝ ਪ੍ਰਗਟਾਅ ਸਕਦੇ ਹਾਂ ਕਿ ਜ਼ਿੰਦਗੀ ਦੀ ਲੰਮੀ ਕਹਾਣੀ ਨੂੰ ਨਾਵਾਂ, ਥਾਵਾਂ ਅਤੇ ਘਟਨਾਵਾਂ ਦੀ ਸਹਾਇਤਾ ਨਾਲ ਯੋਗ ਭਾਸ਼ਾ ਰਾਹੀਂ ਸਮਕਾਲੀ ਸਮਾਜ ਦੇ ਸੰਦਰਭ ਵਿੱਚ ਨਵੀਨਤਾ ਦੀ ਦ੍ਰਿਸ਼ਟੀ ਅਤੇ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ।[10]

ਪੰਜਾਬੀ ਨਾਵਲ ਦੇ ਜਨਮ ਬਾਰ ਇਹ ਗੱਲ ਨਿਰਵਿਵਾਦ ਮੰਨੀ ਜਾਂਦੀ ਹੈ ਕਿ ਇਸ ਦਾ ਅਰੰਭ ਅੰਗਰੇਜ਼ਾਂ ਦੇ ਪੰਜਾਬ ਉੱਪਰ ਕਬਜ਼ਾ ਅਤੇ ਇੱਥੇ ਆਪਣਾ ਨਿਜ਼ਾਮ ਕਾਇਮ ਕਰਨ ਤੋਂ ਬਾਅਦ ਹੀ ਹੁੰਦਾ ਹੈ।ਇਸ ਕਰਕੇ ਪੰਜਾਬੀ ਨਾਵਲ ਦੀ ਰੂਪਾਕਾਰ ਹੋਂਦ ਵਿਧੀ ਬਾਰੇ ਵਿਚਾਰ ਕਰਨ ਸਮੇਂ ਸਪਸ਼ਟ ਹੈ ਕਿ ਇਸ ਦਾ ਪੱਛਮੀ ਯੂਰਪ ਵਿਚ ਪ੍ਰਚਲਿਤ ਹੋਏ ਨਾਵਲਾਂ ਦੇ ਰੂਪਾਕਾਰ ਦੀ ਬਣਤਰ ਨਾਲ ਰਿਸ਼ਤਾ ਕਾਇਮ ਹੁੰਦਾ ਹੈ।ਭਾਵੇਂ ਇਹ ਗੱਲ ਬਿਲਕੁਲ ਦਰੁਸਤ ਹੈ, ਕਿ ਪੰਜਾਬੀ ਨਾਵਲ ਦੇ ਪੈਦਾ ਹੋਣ ਦੇ ਕਾਰਨ ਅਤੇ ਪ੍ਰਸੰਗ ਯੂਰਪੀ ਨਾਵਲ ਨਾਲੋਂ ਪੂਰੀ ਤਰ੍ਹਾਂ ਅਲੱਗ ਹੋਣ ਦੇ ਨਾਲ ਨਾਲ ਉਲਟ ਵੀ ਹਨ, ਪਰ ਪੰਜਾਬੀ ਨਾਵਲ ਨੂੰ ਪੱਛਮੀ ਨਾਵਲ ਨਾਲੋਂ ਤੋੜ ਕੇ ਵੇਖਣਾ ਕਿਸੇ ਵੀ ਤਰ੍ਹਾਂ ਉਚਿੱਤ ਨਹੀਂ ਹੈ।[11]

ਨਾਵਲ ਨੂੰ ਆਧੁਨਿਕ ਯੁੱਗ ਦਾ ਬਿਰਤਾਂਤ ਕਿਹਾ ਜਾਂਦਾ ਹੈ। ਇਕ ਪਾਸੇ ਤਾਂ ਇਹ ਆਧੁਨਿਕ ਯੁੱਗ ਦੀ ਸੰਵੇਦਨਾ ਨਾਲ ਜੁੜਦਾ ਹੈ ਅਤੇ ਨਵੇਂ ਦੌਰ ਦੇ ਪ੍ਰਤੱਖਣ ਪ੍ਰਬੰਧ ਅਨੁਸਾਰ ਅਜੋਕੇ ਯਥਾਰਥ ਦੇ ਲੁਕਵੇਂ ਅਤੇ ਦਿਸਣ ਹਾਰ ਪਸਾਰਾਂ ਨੂੰ ਆਪਣੀ ਰਚਨਾਤਮਿਕਤਾ ਦਾ ਆਧਾਰ ਬਣਾਉਂਦਾ ਹੈ।ਪੰਜਾਬੀ ਨਾਵਲ ਦਾ ਜਨਮ ਸਾਖੀਆਂ ਦਾ ਉੱਤਰਾਧਿਕਾਰੀ ਹੈ। ਪਰ ਇਹ ਗੱਲ ਠੀਕ ਨਹੀਂ ਕਿ ਜਨਮ ਸਾਖੀ ਸਾਹਿਤ ਅਤੇ ਨਾਵਲ ਸਾਹਿਤ ਦੀ ਪ੍ਰੇਰਨਾ ਦੇ ਸੋਮਾ ਇਕ ਨਹੀਂ।ਜਨਮ ਸਾਖੀ ਇਤਿਹਾਸ ਤੇ ਇਤਿਹਾਸਕ ਜੀਵਨੀ ਦੀ ਪੂਰਵਜ ਹੈ, ਨਾਵਲ ਦੀ ਨਹੀਂ।ਨਾਵਲ ਦੇ ਪਿਤਰ ਹੋਣ ਦਾ ਮਾਣ ਪੁਰਾਣੇ ਕਥਾ-ਸਾਹਿਤ ਨੂੰ ਹੀ ਦਿੱਤਾ ਜਾ ਸਕਦਾ ਹੈ, ਭਾਵੇਂ ਉਹ ਲੋਕ ਕਥਾਵਾਂ ਦੇ ਰੂਪ ਵਿਚ ਉਪਜਿਆ, ਭਾਵੇਂ ਦੇਵ ਮਾਲਾ ਅਤੇ ਭਾਵੇਂ ਕਿੱਸਿਆਂ ਦੀ ਸ਼ਕਲ ਵਿਚ ਪੰਜਾਬੀ ਨਾਵਲ ਦੇ ਵੱਡੇ ਵਡੇਰੇ ਅਸਲ ਵਿਚ ਪੰਜਾਬੀ ਕਿੱਸੇ ਹੀ ਹਨ।ਇਨ੍ਹਾਂ ਦੌਰਾਂ ਵਿਚੋਂ ਲੰਘਦਾ ਨਾਵਲ ਆਧੁਨਿਕ ਦੌਰ ਵਿਚ ਪਹੁੰਚਦਾ ਹੈ।[12]

ਪੰਜਾਬੀ ਨਾਵਲ ਦੀਆਂ ਪ੍ਰਮੁੱਖ ਪ੍ਰਵਿਰਤੀਆਂ:-

1.ਇਤਿਹਾਸ ਮੁੱਖ ਧਾਰਮਿਕ ਪ੍ਰਵਿਰਤੀ:- ਭਾਈ ਵੀਰ ਸਿੰਘ ਨੂੰ ਪੰਜਾਬੀ ਵਿਚ ਸਭ ਤੋਂ ਪਹਿਲੇ ਨਾਵਲ ਦੇ ਵਜੋਂ ਪ੍ਰਮੁੱਖਤਾ ਹਾਸਲ ਹੈ। ਉਸ ਦੀਆਂ ਰਚਨਾਵਾਂ ਇਤਿਹਾਸ ਮੁੱਖ ਪ੍ਰਵਿਰਤੀਆਂ ਦੇ ਅਧੀਨ ਆਉਂਦੀਆਂ ਹਨ। ਇਸ ਪ੍ਰਵਿਰਤੀ ਅਧੀਨ ਉਸ ਦੇ ਸਮਕਾਲੀ ਚਰਨ ਸਿੰਘ ਸ਼ਹੀਦ ਅਤੇ ਭਾਈ ਮੋਹਨ ਸਿੰਘ ਵੈਦ ਨੇ ਨਾਵਲ ਦੀ ਰਚਨਾ ਕੀਤੀ ਹੈ।ਅਜਿਹੇ ਮਾਹੌਲ ਵਿਚ ਇਸਾਈ ਪਾਦਰੀ ਦਾ ਵਿਵਹਾਰ, ਆਰੀਆ ਸਮਾਜ ਦਾ ਫ਼ਿਰਾਕ ਵਾਤਾਵਰਨ, ਸੰਘਰਸ਼ਮਈ ਸਿੱਖ ਦੌਰ ਆਦਿ ਪ੍ਰਵਿਰਤੀ ਪ੍ਰਮੁੱਖ ਹਨ।

2.ਮਾਨਵਵਾਦੀ ਅਤੇ ਸਮਾਜ ਸੁਧਾਰਵਾਦੀ ਪ੍ਰਵਿਰਤੀ:-ਇਸ ਪ੍ਰਵਿਰਤੀ ਅਧੀਨ ਨਾਨਕ ਸਿੰਘ ਨੇ 'ਅੱਗ ਦੀ ਖੇਡ ਦੇ ਸੋਹਲੇ, ਆਦਮਖ਼ੋਰ, ਗ਼ਰੀਬ ਦੀ ਦੁਨੀਆਂ, ਗੁੰਝਲਦਾਰ, ਅਤੇ ਚਿੱਤਰਕਾਰ, ਆਦਿ ਨਾਵਲ ਰਹੇ ਹਨ। ਸੁਰਿੰਦਰ ਸਿੰਘ ਨਰੂਲਾ ਨੇ 'ਦੀਨ ਤੇ ਦੁਨੀਆ, ਦਿਲ ਦਰਿਆ ਨਾਵਲ, ਕਰਤਾਰ ਸਿੰਘ ਦਾ ਨਾਵਲ'ਆਂਦਰਾਂ, ਅਤੇ ਨਹੁੰ ਤੇ ਮਾਸ, ਇਸ ਪ੍ਰਵਿਰਤੀ ਅਧੀਨ ਆਉਂਦੇ ਹਨ।

3.ਪੰਜਾਬੀ ਨਾਵਲ ਵਿਚ ਯਥਾਰਥਵਾਦੀ ਪ੍ਰਵਿਰਤੀ:- ਇਸ ਪ੍ਰਵਿਰਤੀ ਦੇ ਨਾਵਲਕਾਰ ਸੁਰਿੰਦਰ ਸਿੰਘ ਨਰੂਲਾ ਦਾ ਪ੍ਰਥਮ ਪੰਜਾਬੀ ਨਾਵਲ 'ਪਿਉ ਪੁੱਤਰ' ਮੰਨਿਅਾ ਜਾਂਦਾ ਹੈ।ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਕਰਮਜੀਤ ਸਿੰਘ ਕੁੱਸਾ ਨਾਵਲ'ਜ਼ਖਮੀ ਦਰਿਆ, ਜਸਵੰਤ ਸਿੰਘ ਕੰਵਲ ਅਤੇ ਗੁਰਦਿਆਲ ਸਿੰਘ ਦੋਹਾਂ ਦੇ ਇਕ-ਇਕ ਨਾਵਲ ਪ੍ਰਕਾਸ਼ਿਤ ਹੋਏ 'ਤੋਸ਼ਾਲੀ ਦੀ ਹੰਸੋ', ਅਤੇ 'ਪਰਸਾ'।ਯਥਾਰਥਵਾਦੀ-ਪ੍ਰਕਿਰਤੀਵਾਦੀ ਸ਼ੈਲੀ ਦੇ ਪ੍ਰਮੁੱਖ ਹਸਤਾਖ਼ਰ ਮੋਹਨ ਕਾਹਲੋਂ ਦੇ ਨਾਵਲ 'ਕਾਲੀ ਮਿੱਟੀ।

4.ਪ੍ਰਗਤੀਵਾਦੀ ਪ੍ਰਵਿਰਤੀ:- ਇਸ ਪ੍ਰਵਿਰਤੀ ਦੇ ਪ੍ਰਮੁੱਖ ਨਾਵਲਕਾਰ ਨਾਨਕ ਸਿੰਘ-ਕੰਵਲ 1960 ਤੋਂ ਪਹਿਲਾਂ ਦੇ ਨਾਵਲ ਵਿਚ ਮਨੁੱਖ ਦੀ ਇਕ ਚੰਗਾ ਸਮਾਜ ਸਥਾਪਿਤ ਕਰਨ ਦੀ ਸਦੀਵੀ ਖ਼ਾਹਿਸ਼ ਨੂੰ ਸੁਧਾਰਵਾਦੀ ਤੇ ਪ੍ਰਗਤੀਵਾਦੀ ਪ੍ਰਤਿਮਾਣਕ ਗਲਪ ਦ੍ਰਿਸ਼ਟੀ ਤੋਂ ਅੰਕਿਤ ਕੀਤਾ ਗਿਆ ਹੈ।ਬੂਟਾ ਸਿੰਘ ਸ਼ਾਦ ਰਚਿਤ 'ਅੱਧੀ ਰਾਤ ਪਹਿਰ ਦਾ ਤੜਕਾ', ਨਾਵਲ ਰਚਨਾ ਇਸ ਪ੍ਰਵਿਰਤੀ ਦੀ ਰਚਨਾ ਹੈ। ਇਸ ਵਿਚ ਰੁਮਾਂਚਕ-ਸੁਧਾਰ ਪ੍ਰਤਿਮਾਣਕ ਗਲਪ ਦ੍ਰਿਸ਼ਟੀ ਤੋਂ 'ਪਿੰਡ ਦੇ ਸੀਨ ਉੱਤੇ ਨਿੱਜੀ ਜਾਪਦਾ ਹੈ।ਨਾਨਕ ਸਿੰਘ ਦੀ ਸੁਧਾਰਕ ਗਲਪ ਦ੍ਰਿਸ਼ਟੀ ਤੋਂ ਕੰਵਲ ਦੀ ਰੁਮਾਂਚਕ ਗਲਪ ਦ੍ਰਿਸ਼ਟੀ ਨੂੰ 'ਅੱਧੀ ਰਾਤ ਪਹਿਰ ਦਾ ਤੜਕਾ ਵਿਚ ਇਕ ਦੂਜੀ ਨਾਲ ਅੰਤਰ ਸੰਬੰਧਿਤ ਹੋ ਕੇ ਕਾਰਜਸ਼ੀਲ ਹੁੰਦਿਆਂ ਵੇਖਿਆ ਜਾ ਸਕਦਾ ਹੈ।

5.ਆਲੋਚਨਾਤਮਿਕ ਯਥਾਰਥਵਾਦ ਦੀ ਪ੍ਰਵਿਰਤੀ:- ਆਲੋਚਨਾਤਮਿਕ ਯਥਾਰਥਵਾਦ ਦੀ ਇਸ ਪ੍ਰਵਿਰਤੀ ਦੇ ਨਾਵਲਕਾਰ ਗੁਰਚਰਨ ਸਿੰਘ 'ਵਗਦੀ ਸੀ ਰਾਵੀ' ਵਿਚ ਨਿਰੋਲ ਯਥਾਰਥਵਾਦੀ ਪ੍ਰਵਿਰਤੀ, ਨਾਨਕ ਸਿੰਘ ਦੇ ਨਾਵਲ ' ਮਿੱਠਾ ਮਹੁਰਾ',ਜਾਂ ਮਤਰੇਈ ਮਾਂ, ਫ਼ੌਲਾਦੀ ਫੁੱਲ,ਤੇ ਕਿਤੇ ਉਹ ਆਲੋਚਨਾਤਮਿਕ ਯਥਾਰਥ ਦੀ ਸਹਾਇਤਾ ਨਾਲ ਸਮਾਜ-ਪ੍ਰਬੰਧ ਦੇ ਅਨਿਆਂ ਨੂੰ ਵੀ ਰੌਸ਼ਨੀ ਵਿਚ ਲਿਆਉਂਦਾ ਹੈ।

6. ਮਨੋਵਿਗਿਆਨਕ ਪ੍ਰਵਿਰਤੀ:- ਅੰਮ੍ਰਿਤਾ ਪ੍ਰੀਤਮ ਦੇ ਨਾਵਲ ਦੇ ਵਿਸ਼ੇ ਮੁੱਖ ਰੂਪ ਵਿਚ ਮਨੋਵਿਗਿਆਨ ਪ੍ਰਵਿਰਤੀ ਦੀ ਝਲਕ ਨੂੰ ਪੇਸ਼ ਕਰਦੇ ਹਨ 'ਜੇਬ ਕਤਰੇ', 'ਯਾਤਰੀ' 'ਇਕ ਬੰਦ ਦਰਵਾਜ਼ਾ',ਇਹ ਸੱਚ ਹੈ', ਤੇਰ੍ਹਵਾਂ ਸੂਰਜ,ਆਦਿ ਪ੍ਰਮੁੱਖ ਹਨ।, ਕਿਰਪਾਲ ਸਿੰਘ ਕਸੇਲ 'ਵਾਰਡ ਨੂੰ:10, ਈਸਾਈ ਮਿਸ਼ਨਰੀ ਦਾ ਜੀਵਨ,ਡਾਕਟਰ ਤੇ ਨਰਸ ਦਾ ਕਿੱਤਾ, ਕੋਹੜੀ, ਆਦਿ ਕਈ ਨਾਵਲ ਇਸ ਪ੍ਰਵਿਰਤੀ ਦ ਦੇ ਅਧੀਨ ਆਉਂਦੇ ਹਨ। ਸੁਰਿੰਦਰ ਸਿੰਘ, ਨਰਿੰਦਰ ਪਾਲ ਸਿੰਘ ਆਦਿ ਹਨ।

7. ਇਤਿਹਾਸ ਪ੍ਰਵਿਰਤੀ:- ਕਰਤਾਰ ਸਿੰਘ ਦੁੱਗਲ'ਮਾਂ ਪਿਉ ਜਾਏ, ਸਰਦ ਪੁੰਨਿਆਂ ਦੀ ਰਾਤ,ਅਤੇ ਮਨ ਪਰਦੇਸੀ,ਪੰਜਾਬ ਦੀ ਬਹੁ ਧਰਮੀ ਸੰਸਕ੍ਰਿਤੀ ਦੀ ਸਾਂਝ ਨੂੰ ਦ੍ਰਿੜਾ ਕੇ ਉਸ ਦੀ ਇਤਿਹਾਸਕ ਤ੍ਰਾਸਦੀ ਨੂੰ ਮੂਰਤੀ ਮਾਨ ਕੀਤਾ ਹੈ।

ਪੰਜਾਬੀ ਨਾਵਲ ਵਿਚ ਪੈਦਾ ਹੋ ਰਹੇ ਨਾਵਲਕਾਰਾਂ ਦੇ ਮਸਲੇ ਜਿਸ ਦੇ ਸੰਦਰਭ ਵਿਚ ਵੱਖ-ਵੱਖ ਵਿਦਵਾਨਾਂ ਦੀ ਰਾਏ ਇਸ ਪ੍ਰਕਾਰ ਹੈ।ਪੰਜਾਬੀ ਨਾਵਲ ਦੇ ਆਰੰਭ ਬਾਰੇ ਕਿ ਪਹਿਲਾ ਨਾਵਲਕਾਰ ਕੌਣ ਹੈ? ਤੇ ਪੰਜਾਬੀ ਨਾਵਲ ਕਦੋਂ ਆਰੰਭ ਹੋਇਆ? ਬਾਰੇ ਵਿਦਵਾਨਾਂ ਵਿੱਚ ਮਤਭੇਦ ਹਨ। ਪ੍ਰੋ. ਕਿਰਪਾਲ ਸਿੰਘ ਕਸੇਲ, ਡਾ.ਸ਼ਰਨ ਸਿੰਘ ਨੂੰ ਪੰਜਾਬੀ ਦਾ ਪਹਿਲਾ ਨਾਵਲਕਾਰ ਮੰਨਦੇ ਹਨ। ਉਨ੍ਹਾਂ ਦਾ ਮਤ ਹੈ ਕਿ ਡਾ. ਸ਼ਰਨ ਸਿੰਘ ਦੇ ਨਾਵਲ 'ਜਗ ਮੜੌਲੀ' ਦੇ ਸਥਾਨ ਪੰਜਾਬੀ ਗਲਪਕਾਰੀ ਵਿਚ ਉਹੀ ਹੈ ਜੋ ਜਾਨ ਬਨੀਅਨਦੇ ਨਾਵਲ 'ਪਿਲਗ੍ਰਿਮਜ਼ ਪ੍ਰਾਗੈਸ' ਦਾ ਹੈ। ਪਰੰਤੂ ਈਸ਼ਰ ਸਿੰਘ ਤਾਂਘ , ਭਾਈ ਵੀਰ ਸਿੰਘ ਨੂੰ ਹੀ ਪੰਜਾਬੀ ਦਾ ਪਹਿਲਾ ਨਾਵਲਕਾਰ ਮੰਨਦੇ ਹਨ ਪਰ ਇਸ ਅਨੁਵਾਦਿਤ ਨਾਵਲ ਨੂੰ ਪਹਿਲਾ ਨਾਵਲ ਹੋਣ ਦਾ ਮਾਣ ਬਖ਼ਸ਼ਣਾ ਉਚਿੱਤ ਨਹੀਂ। 20 ਵੀਂ ਸਦੀ ਦੇ ਬੀਤਣ ਨਾਲ ਪੰਜਾਬੀ ਵਿਚ ਇਕ ਸਿਰਜਨਾਤਮਕ ਵਿਧਾ ਵਜੋਂ ਨਾਵਲ ਵੀ ਆਪਣੀ ਅਉਧ ਦੀ ਇਕ ਸਦੀ ਪੂਰੀ ਕਰ ਰਿਹਾ ਹੈ।ਪੰਜਾਬੀ ਦਾ ਆਮ ਤੌਰ 'ਤੇ ਪਹਿਲਾ ਮੰਨਿਆ ਜਾਂਦਾ ਨਾਵਲ ਭਾਈ ਵੀਰ ਸਿੰਘ ਰਚਿਤ ਨਾਵਲ 'ਸੁੰਦਰੀ' ਉਨੀਵੀਂ ਸਦੀ ਦੇ ਅੰਤ ਉੱਤੇ 1898ਈ. ਵਿਚ ਪ੍ਰਕਾਸ਼ਿਤ ਹੋਇਆ ਸੀ। ਇੰਝ ਇੱਕੀਵੀਂ ਸਦੀ ਦੇ ਪ੍ਰਵੇਸ਼ ਨਾਲ ਪੰਜਾਬੀ ਨਾਵਲ ਨੂੰ ਪੂਰੀ ਇਕ ਸਦੀ ਦੀ ਅਉਧ ਹੰਢਾਉਣ ਉਪਰੰਤ ਪ੍ਰੌਢ ਅਵਸਥਾ ਵਿਚ ਪੁੱਜੇ ਹੋਣ ਦਾ ਪ੍ਰਮਾਣ ਹੈ।ਵੀਹਵੀਂ ਸਦੀ ਸਮੁੱਚੇ ਸੰਸਾਰ ਵਿਚ ਅਤੇ ਜੀਵਨ ਦੇ ਹਰੇਕ ਖੇਤਰ ਵਿਚ ਵਾਪਰੀਆਂ ਵੱਡੀਆਂ ਤਬਦੀਲੀਆਂ ਵਾਲੀ ਸਦੀ ਵਜੋਂ ਆਪਣੀ ਪਛਾਣ ਬਣਾ ਚੁੱਕਾ ਹੈ।

ਇਹ ਤਾਂ ਅਵੱਸ਼ ਆਖਿਆ ਜਾ ਸਕਦਾ ਹੈ ਕਿ ਸਦੀ ਦੇ ਅੰਤ ਉੱਤੇ ਪੰਜਾਬੀ ਨਾਵਲ ਆਪਣੀ ਵੱਖ ਦਿੱਖ ਤੇ ਪਹੁੰਚ ਵਿਚ ਉਹ ਬਿਲਕੁਲ ਨਹੀਂ ਜੋ ਇਹ ਆਪਣੇ ਮੁੱਢਲੇ ਸਮੇਂ ਵਿਚ ਸੀ। ਭਾਈ ਵੀਰ ਸਿੰਘ ਤੋਂ ਮਗਰੋਂ ਨਾਨਕ ਸਿੰਘ ਅਤੇ ਉੱਤਰ ਨਾਨਕ ਕਾਲ ਦੇ ਵਿਭਿੰਨ ਪੜਾਵਾਂ ਵਿਚ ਇਹ ਉਦੇਸ਼ ਮੁੱਖ ਧਰਮਨਿਸ਼ਠ ਆਦਰਸ਼ਵਾਦ, ਨੈਤਿਕ-ਸਮਾਜਿਕ ਸੁਧਾਰਵਾਦ, ਰੁਮਾਂਸ-ਯੁਕਤ ਪ੍ਰੀਤ ਕਥਾ ਤੋਂ ਲੰਘਦਾ ਹੋਇਆ ਪੂੰਜੀਵਾਦ ਵਿਵਸਥਾ ਦੇ ਗੁੰਝਲਦਾਰ ਵਰਤਾਰੇ ਦੀਆਂ ਵਿਭਿੰਨ ਤਹਿਆਂ ਦਾ ਯਥਾਰਥਵਾਦ ਅਤੇ ਮਨੋਵਿਗਿਆਨਕ ਯਥਾਰਥਵਾਦ ਦੀ ਪਹੁੰਚ ਤੇ ਵਿਧੀ ਰਾਹੀਂ ਕਲਾਤਮਕ ਰੂਪਾਂਤਰਨ ਕਰਨ ਦੇ ਅਹਾਰ ਵਿਚ ਹੈ।ਸਦੀ ਦੇ ਬਦਲਣ ਨਾਲ ਵਿਗਿਆਨ ਅਤੇ ਤਕਨਾਲੋਜੀ ਦੇ ਆਗਮਨ ਨਾਲ ਭਾਰਤ ਵਿਚ ਸਥਿਤੀਆਂ ਵਿਚ ਬਦਲਾਅ ਆਉਣ ਲਗਾ ਜਿਸ ਨਾਲ ਨਾਵਲਾਂ ਦੇ ਵਿਸ਼ਿਆਂ ਵਿਚ ਵੀ ਪਰਿਵਰਤਨ ਆਉਣ ਲੱਗੇ।

"ਨਾਵਲ ਨੂੰ ਕਿਉਂਕਿ ਪੂੰਜੀਵਾਦੀ ਯੁੱਗ ਦਾ ਮਹਾਂਕਾਵਿ ਕਿਹਾ ਗਿਆ ਹੈ ਇਸ ਸਮੇਂ ਸਥਾਨਕ ਵਖਰੇਵਿਆਂ ਦੇ ਬਾਵਜੂਦ, ਸਮੁੱਚੇ ਰੂਪ ਵਿਚ ਪੂੰਜੀਵਾਦੀ ਵਿਵਸਥਾ ਆਪਣੇ ਚੜ੍ਹਾਅ ਉੱਤੇ ਹੈ, ਕਿਸੇ ਵੀ ਭਾਸ਼ਾ ਦੇ ਨਾਵਲ ਲਈ ਅਤਿ ਜ਼ਰੂਰੀ ਹੈ ਕਿ

ਉਹ ਪੂੰਜੀਵਾਦੀ ਯੁੱਗ ਦੇ ਸਮੁੱਚੇ ਚਰਿੱਤਰ ਦੇ ਵਿਭਿੰਨ ਪਸਾਰਾਂ ਦਾ ਕਲਾਤਮਕ ਰੂਪਾਂਤਰਨ ਕਰਨ ਦੇ ਸਮਰੱਥ ਹੋਵੇ।" [13]
"ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਦੀ ਯਾਨੀ ਨੱਬੇਵਿਆਂ ਦੀ ਨਾਵਲ-ਰਚਨਾ ਉੱਤੇ ਝਾਤ ਮਾਰੀਏ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨਾਵਲਕਾਰਾਂ ਵੱਲ ਧਿਆਨ ਜਾਂਦਾ ਹੈ ਜੋ ਸਾਡੀ ਜ਼ੁਬਾਨ ਵਿਚ ਇਸ ਵਿਧਾ ਦੇ ਪ੍ਰਮਾਣਿਕ ਹਸਤਾਖ਼ਰ ਪ੍ਰਵਾਨ ਕੀਤੇ ਗਏ ਹਨ।ਇਸ ਦਹਾਕੇ ਵਿਚ ਦੋ ਪ੍ਰਮੁੱਖ ਨਾਵਲਕਾਰ ਸਭ ਤੋਂ ਵੱਡਾ ਬਜ਼ੁਰਗ ਸੋਹਣ ਸਿੰਘ ਸੀਤਲ ਅਤੇ ਸਭ ਤੋਂ ਛੋਟੀ ਉਮਰ ਦਾ ਕਰਮਜੀਤ ਸਿੰਘ ਕੁੱਸਾ ਨਾਵਲ'ਜ਼ਖਮੀ ਦਰਿਆ", 'ਅਕਾਲ ਪੁਰਖੀ', ਇਸ ਸੰਸਾਰ ਤੋਂ ਵਿਧਾ ਹੋ ਚੁੱਕੇ ਹਨ।ਨਰਿੰਦਰਪਾਲ ਸਿੰਘ ਨਾਵਲ 'ਜਹਾਂ-ਪਨਾਹ', ਸੱਖਣੇ 'ਧਰਤ ਆਕਾਸ਼', ਸੁਰਿੰਦਰ ਸਿੰਘ ਨਰੂਲਾ ਨਾਵਲ ਇਸ ਦਹਾਕੇ ਦੇ ਪ੍ਰਮੁੱਖ ਨਾਵਲਕਾਰ ਹੋਏ ਹਨ।

ਜਸਵੰਤ ਸਿੰਘ ਕੰਵਲ ਅਤੇ ਗੁਰਦਿਆਲ ਸਿੰਘ ਦੋਹਾਂ ਦੇ ਇਕ-ਇਕ ਨਾਵਲ ਪ੍ਰਕਾਸ਼ਿਤ ਹੋਏ 'ਤੋਸ਼ਾਲੀ ਦੀ ਹੰਸੋ', ਅਤੇ 'ਪਰਸਾ'।ਯਥਾਰਥਵਾਦੀ-ਪ੍ਰਕਿਰਤੀਵਾਦੀ ਸ਼ੈਲੀ ਦੇ ਪ੍ਰਮੁੱਖ ਹਸਤਾਖ਼ਰ ਮੋਹਨ ਕਾਹਲੋਂ ਦੇ ਨਾਵਲ 'ਕਾਲੀ ਮਿੱਟੀ। ਦਲੀਪ ਕੋਰ ਟਿਵਾਣਾ, ਰਾਮ ਸਰੂਪ ਅਣਖੀ,ਅਤੇ ਨਿਰੰਜਣ ਤਸਨੀਮ ਤਿੰਨੋਂ ਨਾਵਲਕਾਰਾਂ ਵਜੋਂ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਸਿਰਜਕ ਵਧੇਰੇ ਸਰਗਰਮ ਰਹੇ ਹਨ।ਤਸਨੀਮ ਨੂੰ ਨਾਵਲ 'ਗੁਆਚੇ ਅਰਥ' ਉੱਤੇ ਇਸ ਵਰ੍ਹੇ ਹੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ।ਦਲੀਪ ਕੌਰ ਟਿਵਾਣਾ ਦੇ ਨਾਵਲ 'ਕਥਾ ਕੁਕਨਸ' ਅਤੇ ਦੂਨੀ ਸੁਹਾਵਾ ਬਾਗ', ਵੱਡੇ ਅਕਾਰੀ ਨਾਵਲ 'ਕਥਾ ਕਹੋ ਉਰਵਸ਼ੀ' ਪ੍ਰਮੁੱਖ ਹਨ। ਰਾਮ ਸਰੂਪ ਅਣਖੀ ਦੇ ਨਾਵਲ 'ਕੋਠੇ ਖੜਕ ਸਿੰਘ'ਤੇ 'ਪਰਤਾਪੀ' ਦੀ ਆਪਣੀ ਨਿਰੋਲ ਯਥਾਰਥਵਾਦੀ ਗਲਪ ਸ਼ੈਲੀ ਹੈ।ਇਹ ਸਾਰੇ ਨਾਵਲਕਾਰ ਅਜੋਕੇ ਪੰਜਾਬੀ ਨਾਵਲ ਜਗਤ ਦੇ ਪ੍ਰਮੁੱਖ ਨਾਉਂ ਤਸੱਵਰ ਕੀਤੇ ਗਏ ਹਨ। ਵਧੇਰੇ ਚਰਚਿਤ ਨਾਵਲ ਅਤੇ ਘੱਟ ਚਰਚਿਤ ਨਾਵਲ ਸਭ ਨਾਵਲਕਾਰਾਂ ਦੀਆਂ ਪਿਛਲੇ ਦਹਾਕੇ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਇਹ ਸਾਰਥਿਕ ਤੱਤ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਸਭ ਨਾਵਲਕਾਰ ਆਪਣੇ ਅਨੁਭਵ ਦੀ ਸੀਮਾ ਦੇ ਅੰਤਰਗਤ ਹੀ ਵਿਚਰਦੇ ਹਨ ਅਤੇ ਉਸ ਅਨੁਭਵ ਨੂੰ ਘੱਟ ਜਾਂ ਵੱਧ ਕੁਸ਼ਲਤਾ ਸਹਿਤ ਅਚੇਤ ਯਥਾਰਥਵਾਦੀ ਵਿਧੀ ਦੁਆਰਾ ਨਾਵਲੀ ਸੰਗਠਨ ਢਾਲਦੇ ਹਨ।

ਖੇਤਰੀ ਪ੍ਰਸੰਗ ਵਿਚ ਪੰਜਾਬੀ ਸਭਿਆਚਾਰ ਅਤੇ ਲੋਕ ਸਭਿਆਚਾਰ ਪਿਛਲੇ ਦਹਾਕੇ ਦੀਆਂ ਜਿਨ੍ਹਾਂ ਰਚਨਾਵਾਂ ਵਿਚ ਵਧੇਰੇ ਸੰਤੁਲਿਤ ਰੂਪ ਵਿਚ ਅਤੇ ਕੁਸ਼ਲਤਾ ਸਹਿਤ ਰੂਪਮਾਨ ਹੋਇਆ ਹੈ ਉਨ੍ਹਾਂ ਵਿਚ ਅਵਤਾਰ ਸਿੰਘ ਬਿਲਿੰਗ ਦਾ ਪਲੇਠੀ ਦਾ ਨਾਵਲ 'ਨਿਰੰਜਨ ਮਸ਼ਾਲਚੀ' ਸਹਿਜੇ ਹੀ ਪ੍ਰਥਮ ਸਥਾਨ ਰੱਖਦਾ ਹੈ।ਗੁਰਮੁਖ ਸਿੰਘ ਸਹਿਗਲ ਨੇ 'ਲੂਆਗੜੀ' ਵਿਚ ਸੂਬਾ ਸਰਹੱਦ ਅਤੇ ਚੰਦਨ ਨੇਗੀ ਨੇ 'ਕੱਲਰ ਕੇਰੀ ਛੱਪੜੀ' ਵਿਚ ਜੰਮੂ ਦੇ ਸਭਿਆਚਾਰ ਦਾ ਸਦ੍ਰਿਸ਼ ਉਭਾਰਨ ਦਾ ਯਤਨ ਕੀਤਾ ਹੈ।

ਪਰਵਾਸੀ ਨਾਵਲਕਾਰਾਂ ਦੇ ਵਿਚ ਜਿਨ੍ਹਾਂ ਦੋ ਨਾਵਾਂ ਦੇ ਆਗਮਨ ਦਾ ਸਵਾਗਤ ਕਰਨਾ ਬਣਦਾ ਹੈ ਉਹ ਹਨ ਇੰਗਲੈਂਡ ਤੋਂ ਹਰਜੀਤ ਅਟਵਾਲ ਅਤੇ ਕੈਨੇਡਾ ਤੋਂ ਜਰਨੈਲ ਸਿੰਘ ਸੇਖਾ।ਇਨ੍ਹਾਂ ਦੋਹਾਂ ਦੀਆਂ ਪਲੇਠੀ ਦੀਆਂ ਨਾਵਲ ਰਚਨਾਵਾਂ 'ਵਨ ਵੇਅ',ਅਤੇ ਦੁਨੀਆ ਕੈਸੀ ਹੋਈ' ਪਿੱਛੇ ਜਿਹੇ ਪ੍ਰਕਾਸ਼ਿਤ ਹੋਈਆ ਹਨ।ਅਮਰੀਕਾ ਨਿਵਾਸੀ ਗ.ਸ.ਨਕਸ਼ਦੀਪ ਪੰਜਕੋਹਾ ਨੇ

ਹਰ ਹੀਲੇ ਪਰਵਾਸ ਧਾਰਨ ਕਰਨ ਲਈ ਉਤਸੁਕ ਨੌਜਵਾਨਾਂ ਦੇ ਪੱਛਮੀ ਦੇਸ਼ਾਂ ਵਿਚ ਇਕੱਲੇ-ਕਹਿਰੇ ਜ਼ਿੰਦਗੀ ਬਿਤਾਉਣ ਦੀ ਮਜਬੂਰੀ ਅਤੇ ਉਸ ਨਾਲ ਜੁੜੇ ਸੰਤਾਪ ਦੀ ਬਾਤ ਆਪਣੇ ਨਾਵਲ ਵਿਚ ਪਾਈ ਹੈ।ਇਸ ਪ੍ਰਕਾਰ ਪੰਜਾਬੀ ਸਾਹਿਤ ਕੇਵਲ ਪੰਜਾਬ ਦੇ ਅੰਦਰ ਹੀ ਨਹੀਂ ਸਗੋਂ ਵਿਦੇਸ਼ਾਂ ਅੰਦਰ ਵੀ ਵਿਕਾਸ ਦੀ ਰਾਹ ਤੇ ਹੈ।ਪਿਛਲੇ ਦਹਾਕੇ ਦੇ ਨਾਵਲ ਦਾ ਸਮੁੱਚਾ ਬਲ ਔਰਤ ਮਰਦ ਦੇ ਜੈਵਿਕ ਸੰਬੰਧਾਂ ਵਿਚ ਆ ਰਹੀ ਪੇਚੀਦਗੀ, ਪਰੰਪਰਕ ਸਮਾਜ-ਮਰਯਾਦਾ ਦੀ ਦ੍ਰਿਸ਼ਟੀ ਤੋਂ ਪਰਿਵਾਰਕ ਰਿਸ਼ਤਿਆਂ ਵਿਚ ਪੈ ਰਹੀਆਂ ਤਰੇੜਾਂ ਅਤੇ ਇਨ੍ਹਾਂ ਦੇ ਹਵਾਲੇ ਨਾਲ ਹੀ ਵਿਅਕਤੀ ਦੀ ਮਾਨਸਿਕਤਾ ਦੀ ਫੋਲਾ-ਫਾਲੀ ਉੱਤੇ ਰਿਹਾ ਹੈ।ਅਮਰਜੀਤ ਸਿੰਘ ਦੇ ਨਾਵਲਾਂ ਦੀ ਲੜੀ 'ਮਸ਼ੀਨ ਵਾਲੇ' ਅਤੇ ਨਵੀਂ ਯਥਾਰਥ ਸੋਝੀ ਦੇ ਤਹਿਤ ਸ. ਸੋਜ਼ ਨੇ 'ਮਰਸੀਆ' ਇੰਦਰ ਸਿੰਘ ਖ਼ਾਮੋਸ਼ ਨੇ 'ਬੁੱਕਲ ਦਾ ਰਿਸ਼ਤਾ'ਆਦਿ ਨਾਵਲ ਰਚੇ ਗਏ ਹਨ।ਪੰਜਾਬੀ ਨਾਵਲ-ਮੰਚ ਉੱਤੇ ਮੁਕਾਬਲਤਨ ਪਛੜ ਕੇ ਪ੍ਰਵੇਸ਼ ਕਰਨ ਵਾਲੇ ਲੇਖਕ ਸ. ਸੋਜ਼ ਦਾ ਨਵਾਂ ਨਾਵਲ 'ਮਰਸੀਆ' ਵਿਲੱਖਣ ਹੈ।

ਇਸ ਸਮੇਂ ਦੇ ਨਾਵਲਾਂ ਦੀ ਮੁੱਖ ਵਿਧੀ ਤਾਂ ਪਹਿਲਾਂ ਵਾਂਗ, ਯਥਾਰਥਵਾਦ ਦੀ ਹੀ ਰਹੀ ਹੈ।ਪਰ ਇਸ ਵਿਧੀ ਦੇ ਅੰਤਰਗਤ, ਜਿਵੇਂ ਉੱਪਰਲੇ ਕਈ ਹਵਾਲਿਆਂ ਤੋਂ ਪਤਾ ਚਲਦਾ ਹੈ ਕਿ ਨਵੇਂ ਪੁਰਾਣੇ ਸਭਨਾਂ ਹੀ ਲੇਖਕਾ ਨੇ ਕਈ ਨਵੀਆਂ ਗਲਪੀ ਜੁਗਤਾਂ ਨੂੰ ਵਰਤੋਂ ਵਿਚ ਲਿਆਉਣ ਦਾ ਯਤਨ ਕੀਤਾ ਹੈ"।[14]

1.9 ਪਰਮਜੀਤ ਸਿੰਘ ਜੱਜ ਦੀਆਂ ਰਚਨਾਵਾਂ:-

ਡਾ.'ਪਰਮਜੀਤ ਸਿੰਘ ਜੱਜ'ਜਿਨ੍ਹਾਂ ਦਾ ਜਨਮ ਪਿੰਡ ਸਾਰੀ ਹੁਸ਼ਿਆਰਪੁਰ, ਵਿਖੇ ਮਹਿੰਦਰ ਸਿੰਘ ਦੇ ਘਰ ਹੋਇਆ। ਪਰ ਬਚਪਨ ਦਾ ਬਹੁਤਾ ਸਮਾਂ ਉਨ੍ਹਾਂ ਨੇ ਪਿੰਡ ਅਜੜਾਮ ਵਿਖੇ ਬਿਤਾਇਆ ਹੈ। ਡਾ.ਪਰਮਜੀਤ ਸਿੰਘ ਦੀ ਵਿੱਦਿਅਕ ਯੋਗਤਾ ਐਮ.ਏ., ਐਮ.ਫਿੱਲ., ਪੀ.ਐਚ. ਡੀ ਤੱਕ ਹੈ।ਉਨ੍ਹਾਂ ਦੇ ਪਸੰਦੀਦਾ ਅਤੇ ਰੁਚੀ ਅਨੁਸਾਰ ਵਿਸ਼ੇ (Political Sociology of Social Movements and Social change, Diaspora, Classical Sociology) ਜੋ ਕਿ 'ਪਛਾਣ ਬਦਲ ਗਈ' ਨਾਵਲ ਦੇ ਲੇਖਕ ਹਨ ਅਹੁਦੇ ਵਜੋਂ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਈਕਾਲੋਜੀ ਦੇ ਪ੍ਰੋਫ਼ੈਸਰ ਅਤੇ ਡਿਪਾਰਟਮੈਂਟ ਹੈੱਡ ਰਹਿ ਚੁੱਕੇ ਹਨ, ਜਿੰਨਾ ਦੁਆਰਾ ਰਚਿਤ ਰਚਨਾਵਾਂ ਜਿਵੇਂ:- ਨਾਵਲ, ਰਿਸਰਚ ਆਰਟੀਕਲ, ਆਲੋਚਨਾਵਾਂ, ਕਿਤਾਬਾਂ ਆਦਿ ਹਨ। ਉਨ੍ਹਾਂ ਦੁਆਰਾ ਜਿੰਨੀ ਵੀ ਰਚਨਾਵਾਂ ਲਿਖੀਆਂ ਗਈਆਂ ਹਨ ਉਨ੍ਹਾਂ ਵਿਚ ਸਮਾਜ ਵਿਚ ਪੇਸ਼ ਉਹ ਸਮੱਸਿਆਵਾਂ ਹਨ ਜਿਨ੍ਹਾਂ ਤੋਂ ਸਮਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

ਪਰਮਜੀਤ ਸਿੰਘ ਜੱਜ ਦੀਆਂ ਰਚਨਾਵਾਂ:-

'ਪਰਮਜੀਤ ਸਿੰਘ ਜੱਜ' ਇਕ ਪ੍ਰਸਿੱਧ ਲੇਖਕ ਅਤੇ ਆਲੋਚਕ ਹੈ ਜਿਸ ਨੇ ਹੁਣ ਤੱਕ:-

- ਪੰਜਾਬੀ ਕਿਤਾਬਾਂ-5
- ਅੰਗਰੇਜ਼ੀ ਕਿਤਾਬਾਂ-13,
- ਰਿਸਰਚ ਆਰਟੀਕਲ-67
- ਆਨਲਾਈਨ ਆਰਟੀਕਲ-2,
- ਨਾਵਲ-5

ਆਲੋਚਨਾ ਦੀਆਂ ਕਿਤਾਬਾਂ:-

- ਪਰਵਾਸੀ ਪੰਜਾਬੀ ਇਤਿਹਾਸ ਤੇ ਸਭਿਆਚਾਰਕ ਸੰਦਰਭ(ਪੰਜਾਬੀ), ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ,2005
- ਧਾਰਮਿਕ ਪਛਾਣ ਅਤੇ ਨਾਗਰਿਕਤਾ ਦਾ ਸਿੱਖ ਮਿਲਟਨ ਲਹਿਰ, ਰਾਵਤ, ਜੈਪੁਰ, 2005
- ਡਾਇਸਪੋਰਾ ਅਤੇ ਲਿੰਗ ਵਿਕਾਸ, ਵਿਸ਼ਵੀਕਰਨ ਦੇ ਸੰਦਰਭ ਵਿਚ, ਰਾਵਤ, ਜੈਪੁਰ (ਕੋ.ਐਡੀਟਰ, ਐਸ.ਐਲ.ਸ਼ਰਮਾ) 2003.
- ਸਮਾਜਿਕ ਅਤੇ ਰਾਜਨੀਤਕ ਮੂਵਮੈਂਟ,ਰਾਵਤ, ਜੈਪੁਰ,( ਕੋ.ਐਡੀਟਰ,ਹਰੀਸ਼ ਕੇ. ਪੁਰੀ ) 2000
- ਪਰਵਾਸ: ਸਭਿਆਚਾਰਕ ਸੰਕਟ ਐਨ. ਆਰ. ਆਈ ਸਭਾ, ਜਲੰਧਰ, 2000.

ਪ੍ਰਮੁੱਖ ਪੰਜਾਬੀ ਆਰਟੀਕਲ:-

- ਪੰਜਾਬ ਵਿਚ ਦਲਿਤ ਦੇ ਉਥਾਨ ਵਿਚ ਸ਼ਹਿਰ ਦੀ ਭੂਮਿਕਾ, ਦੈਨਿਕ ਭਾਸਕਰ, ਦਸੰਬਰ 16, 2006
- ਸੁਰਜੀਤ ਪਾਤਰ ਦੀਆਂ ਰਚਨਾਵਾਂ ਵਿਚ ਪੰਜਾਬੀ ਸਭਿਆਚਾਰ ਦਾ ਪਰਵਾਸੀ ਸਭਿਆਚਾਰ ਦਾ ਵਰਤਮਾਨ ਤੇ ਭਵਿੱਖ, ਲੁਧਿਆਣਾ ਪੰਜਾਬੀ ਯੂਨੀਵਰਸਿਟੀ, 2005
- ਦਲਿਤ ਮੁੱਦੇ ਦੀ ਪੇਸ਼ਕਾਰੀ, ਨਵ੍ਹਾ ਜ਼ਮਾਨਾ, ਜੂਨ 19, 2005
- ਵਿਸ਼ਵੀਕਰਨ ਤੇ ਪੰਜਾਬੀ ਸਮਾਜ, ਨਵ੍ਹਾ ਜ਼ਮਾਨਾ, ਫਰਵਰੀ 20, 2005, ਐਤਵਾਰ
- ਪੰਜਾਬ ਦੇ ਪਿੰਡਾ ਦਾ ਬਦਲਦਾ ਚਿਹਰਾ, ਦੈਨਿਕ ਭਾਸਕਰ ਸਤੰਬਰ 10, 2004

ਨਾਵਲ:-

- ਪੀਤੂ, ਕੁਕਨਸ ਪ੍ਰਕਾਸ਼ਨ, ਜਲੰਧਰ, 2003
- ਤਰਕਾਲ੍ਹਾਂ, ਕੁਕਨਸ, ਜਲੰਧਰ, 2005
- ਅਰਥ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007
- ਪਛਾਣ ਬਦਲ ਗਈ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010
- ਬਦਲੇ ਦੀ ਪੱਤਝੜ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013

ਡਾ. ਪਰਮਜੀਤ ਸਿੰਘ ਦੇ ਨਾਵਲਾਂ ਦਾ ਸੰਖੇਪ ਵਿਸ਼ਾ-ਵਸਤੂ-

ਪੀਤੂ:-ਪੀਤੂ ਨਾਵਲ ਵਿਚ ਇਕ ਆਦਮੀ ਦੇ ਜੀਵਨ ਦੇ ਨਾਲ-ਨਾਲ 1947ਦੇ ਬਾਅਦ ਦੇ ਪੇਂਡੂ ਖੇਤਰਾਂ ਤੇ ਪਏ ਦੇਸ਼ ਵੰਡ ਦੇ ਪ੍ਰਭਾਵਾਂ ਦਾ ਹਾਲ ਹੈ।ਪੀਤੂ ਨਾਮ ਦਾ ਪਾਤਰ ਇਸ ਨਾਵਲ ਵਿਚ ਇਕ ਵਿਹਲੜ, ਨਸ਼ੇੜੀ ਕਿਸਮ ਦਾ ਆਦਮੀ ਹੈ।1947 ਤੋਂ ਬਾਅਦ 50 ਸਾਲਾਂ ਦੇ ਦੌਰ ਵਿਚ ਨਕਸਲਵਾਦੀ, ਕੌਮਨਿਸਟ, ਅਤੇ ਖ਼ਾਲਿਸਤਾਨ ਦੇ

ਉਪਜਣ ਦੇ ਕਾਰਨਾ ਦਾ ਪਿੰਡ ਦੇ ਲੋਕਾਂ ਤੇ ਪੈ ਰਹੇ ਅਸਰ ਦੀ ਕਹਾਣੀ ਹੈ ਜਿਸ ਵਿਚ ਪਿੰਡ ਦਾ ਸਮਾਜ ਵਿਗਿਆਨ ਹੈ।ਪੀਤੂ ਇਕ ਅਵਾਰਾਗਰਦ ਵਿਅਕਤੀ ਹੈ ਤੇ ਇਸ ਕਾਰਨ ਉਹ ਇਸ ਨਾਵਲ ਦੇ ਹਾਸ਼ੀਏ ਵਿਚ ਆਉਂਦਾ ਹੈ।

ਤਰਕਾਲ੍ਹਾਂ:- ਤਰਕਾਲ੍ਹਾਂ ਨਾਵਲ ਇਕ ਬਜ਼ੁਰਗ ਦੀ ਇਕ ਦਿਨ ਦੀ ਕਹਾਣੀ ਹੈ ਜੋ ਇਕ ਪਿੰਡ ਦੇ ਰੇਲਵੇ ਸਟੇਸ਼ਨ ਤੇ ਆਉਂਦੀ ਜਾਂਦੀ ਗੱਡੀ ਦੇ ਸਮੇਂ ਅਨੁਸਾਰ ਪੇਸ਼ ਕੀਤੀ ਗਈ ਹੈ। ਪਿੰਡ ਦੇ ਬਹੁਤ ਸਾਰੇ ਬਜ਼ੁਰਗ ਇਕ ਥੜ੍ਹੇ ਤੇ ਬੈਠੇ ਰਹਿੰਦੇ ਹਨ। ਉਹ ਸਾਰੇ ਬਜ਼ੁਰਗ ਵਿਹਲੇ ਬੈਠੇ ਤਾਸ਼ ਖੇਡਦੇ ਅਤੇ ਆਪਣੀ ਗੱਲਾ ਇਕ ਦੂਜੇ ਨਾਲ ਸਾਂਝੀਆਂ ਕਰਦੇ।ਜਿਸ ਪਿੰਡ ਦੀ ਗੱਲ ਇਸ ਨਾਵਲ ਵਿਚ ਹੋਈ ਹੈ ਉਹ ਪਿੰਡ ਹੁਸ਼ਿਆਰਪੁਰ ਤੋਂ ਜਲੰਧਰ ਜਾਂਦੀ ਰੇਲਵੇ ਟਰੈਕ ਦੇ ਕੋਲ ਪੈਂਦਾ ਹੈ। ਇਸ ਕਾਰਨ ਪਿੰਡ ਦੇ ਬਜ਼ੁਰਗ ਬੈਠੇ ਰੇਲ ਗੱਡੀ ਦੀ ਆਉਣੀ ਜਾਣੀ ਦੇਖਦੇ ਰਹਿੰਦੇ ਇਸ ਨਾਵਲ ਦਾ ਮੁੱਖ ਪਾਤਰ ਇੰਦਰ ਹੈ। ਇਸ ਨਾਵਲ ਦੇ ਅੰਤ ਵਿਚ ਇਕ ਬਜ਼ੁਰਗ ਰੇਲ ਗੱਡੀ ਅੱਗੇ ਆ ਕੇ ਆਪਣੀ ਜਾਨ ਦੇ ਦਿੰਦਾ ਹੈ।

ਅਰਥ:- ਇਹ ਨਾਵਲ ਦਾ ਵਿਸ਼ਾ ਇਕ ਅਜਿਹੇ ਆਦਮੀ ਦੀ ਕਹਾਣੀ ਹੈ ਜੋ ਸੋਚਦਾ ਤਾਂ ਵਧੀਆ ਹੈ। ਉਹ ਐਮ. ਏ ਪਾਸ ਕੀਤੀ ਹੋਣ ਸੁਝਾਉ ਆਦਮੀ ਮੰਨਿਆ ਜਾਂਦਾ ਹੈ।ਇਹ ਨਾਵਲ ਵਿਚ ਪੇਸ਼ ਮੁੱਖ ਪਾਤਰ ਸੁਖਪਾਲ ਜੋ ਪਿੰਡ ਅਤੇ ਕਾਲਜ ਵਿਚ ਕਿਸੇ ਨਾ ਕਿਸੇ ਗੱਲ ਤੋਂ ਪੰਗੇ ਲੈਂਦਾ ਰਹਿੰਦਾ ਹੈ।ਪਿੰਡ ਵਿਚ ਪੈਦਾ ਹੋਏ ਕੁੱਝ ਹਾਲਤਾਂ ਅਤੇ ਘਟਨਾਵਾਂ ਕਾਰਨ ਉਹ ਪਿੰਡ ਛੱਡ ਕਿਧਰੇ ਚਲਿਆ ਜਾਂਦਾ ਹੈ ਪਰ20-25 ਸਾਲਾਂ ਬਾਅਦ ਜਦ ਉਹ ਵਾਪਸ ਆਉਂਦਾ ਹੈ ਤਾਂ ਇਕ ਸੁਘੜ ਤੇ ਸੁਝਾਉ ਕਿਸਮ ਦਾ ਮੰਨਿਆਂ ਜਾਂਦਾ ਹੈ। ਵੱਧ ਪੜ੍ਹਿਆ ਹੋਣ ਕਾਰਨ ਉਹ ਜੋ ਸਹੀ ਹੈ ਉਸ ਨੂੰ ਬੇਝਿਜਕ ਸਹੀ ਅਤੇ ਗ਼ਲਤ ਨੂੰ ਗ਼ਲਤ ਕਹਿਣ ਦਾ ਜਜ਼ਬਾ ਰੱਖਦਾ ਹੈ।

'ਪਛਾਣ ਬਦਲ ਗਈ':- ਇਸ ਨਾਵਲ ਦਾ ਬਿਰਤਾਂਤ ਪੰਜਾਬ ਦੇ ਖ਼ਾਸ ਸਮਿਆਂ ਉੱਤੇ ਕੇਂਦਰਿਤ ਹੈ। ਐਮਰਜੈਂਸੀ ਦੇ ਸਮਿਆਂ ਤੋਂ ਸ਼ੁਰੂ ਹੁੰਦੀ ਕਹਾਣੀ 1984 ਦੇ ਆਖ਼ਰੀ ਦਿਨਾ ਤੱਕ ਉੱਪੜਦੀ ਹੈ, ਖ਼ਤਮ ਨਹੀਂ ਹੁੰਦੀ। ਨਾਵਲ ਦਾ ਮੁੱਖ ਪਾਤਰ ਹਰਦਿਆਲ ਇਕ ਅਜਿਹਾ ਨੌਜਵਾਨ ਹੈ ਜੋ ਨਾ ਤਾਂ ਆਦਰਸ਼ਵਾਦੀ ਹੈ ਤੇ ਨਾ ਹੀ ਵਿਚਾਰਧਾਰਾ ਦਾ ਗ਼ੁਲਾਮ ਹੈ।ਉਹ ਮਨੁੱਖਤਾ ਦੀ ਪਛਾਣ ਨੂੰ ਕੇਂਦਰੀ ਮੰਨਦਾ ਹੋਇਆ ਬਾਕੀ ਸਭ ਪਛਾਣਾਂ ਨੂੰ ਅਰਥਹੀਣ ਸਮਝਦਾ ਹ। ਪਰ ਜ਼ਿੰਦਗੀ ਦੇ ਹਰ ਕਦਮ ਤੇ ਵਾਪਰ ਰਹੀਆਂ ਅਜਿਹਿਆਂ ਘਟਨਾਵਾਂ ਜਿਹੜੀਆਂ ਇਤਿਹਾਸਕ ਮਹੱਤਤਾ ਰੱਖਦੀਆਂ ਹਨ ਉਸ ਦੀ ਸੋਚ ਨੂੰ ਅਕਸਰ ਲਤਾੜ ਕੇ ਰੱਖ ਦਿੰਦੀਆਂ ਹਨ। ਉਸ ਦਾ ਆਪਣੀ ਵਚਨਬੱਧਤਾ ਤੇ ਕਾਇਮ ਰਹਿਣਾ ਉਸ ਲਈ ਉਸ ਵਕਤ ਦੁਖਾਂਤ ਬਣ ਜਾਂਦਾ ਹੈ, ਜਦੋਂ ਉਸ ਨੂੰ ਸਿੱਖ ਮੌਲਿਕ ਵਾਦੀ ਦਾ ਖ਼ਿਤਾਬ ਮਿਲ ਜਾਂਦਾ ਹੈ।

ਇਸ ਨਾਵਲ ਵਿਚ ਪਰਮਜੀਤ ਸਿੰਘ ਜੱਜ ਨੇ ਸਮਾਜ ਦੇ ਉਨ੍ਹਾਂ ਹਾਲਾਤਾਂ ਨੂੰ ਬਿਆਨ ਕਰਨਾ ਚਾਹਿਆ ਹੈ ਜੋ ਕਿ ਸਮਕਾਲੀ ਜੀਵਨ ਦੇ ਉਸ ਸੱਚ ਦੀ ਪੇਸ਼ਕਾਰੀ ਕਰਦੇ ਹਨ। ਪਛਾਣ ਬਦਲ ਗਈ ਨਾਵਲ ਪੰਜਾਬ ਦੇ ਉਸ ਦੌਰ ਦੇ ਸੰਦਰਭ ਵਿਚ ਰਚਿਆਂ ਗਿਆ ਹੈ। ਜਿਸ ਦੌਰ ਵਿਚ ਪੰਜਾਬ ਅਜ਼ਾਦੀ ਤੋ ਬਾਅਦ ਵੀ ਜ਼ੰਜੀਰਾ ਵਿਚ ਜਕੜਿਆ ਹੋਇਆ ਸੀ। ਸੰਨ

1976 ਤੋਂ ਬਾਅਦ ਦਾ ਦੌਰ ਜਿਸ ਸਮੇਂ ਐਮਰਜੈਂਸੀ ਲੱਗੀ ਹੋਈ ਸ ਸੀ ਤੇ ਲੋਕ ਆਪਣੀ ਪਛਾਣ ਬਦਲ ਕੇ ਰਹਿਣ ਲਈ ਮਜਬੂਰ ਸਨ। ਉਸ ਸਮੇਂ ਚੱਲ ਰਹੇ ਧੜੇ ਬਾਜ਼ੀ ਦੇ ਉਨ੍ਹਾਂ ਸਰੋਕਾਰਾਂ ਨੇ ਆਮ ਜਨਤਾ ਨੂੰ ਆਪਣਿਆਂ ਧੜਿਆਂ ਦੇ ਪ੍ਰਭਾਵ ਹੇਠਾਂ ਲੁਕਾ ਕੇ ਨਹੀਂ ਸਗੋਂ ਲੋੜ ਨਾਲੋਂ ਵੱਧ ਉੱਚਾ ਚੁੱਕ ਕੇ ਪੇਸ਼ ਕੀਤਾ ਜਿਸ ਕਾਰਨ ਆਮ ਲੋਕਾਂ ਨਾਲ ਉਨ੍ਹਾਂ ਦੀਆਂ ਪਛਾਣਾਂ ਕਾਰਨ ਉਨ੍ਹਾਂ ਨਾਲ ਬਦਸਲੂਕੀ ਕੀਤੀ।

ਇਹ ਨਾਵਲ ਨਿਰੰਤਰ ਬਦਲ ਰਹੀਆਂ ਇਤਿਹਾਸਕ ਸਥਿਤੀਆਂ ਦੇ ਪਿਛੋਕੜ ਵਿਚ ਮਨੁੱਖੀ ਜ਼ਿੰਦਗੀ ਨੂੰ ਦਰਪੇਸ਼ ਚੁਨੌਤੀਆਂ ਅਤੇ ਉਨ੍ਹਾਂ ਨੂੰ ਸਮਝਣ ਤੇ ਕਾਰਜ ਕਰਨ ਉੱਤੇ ਇਕ ਅਜਿਹਾ ਬਿਰਤਾਂਤ ਹੈ ਜੋ ਪੰਜਾਬ ਦੇ ਇਤਿਹਾਸ ਦੇ ਅਣਫੋਲੇ ਵਰਕਿਆਂ ਨੂੰ ਪਾਠਕਾ ਦੇ ਸਨਮੁੱਖ ਰੱਖਣ ਦੀ ਇਕ ਕੋਸ਼ਿਸ਼ ਹੈ।

ਬਦਲੇ ਦੀ ਪੱਤਝੜ:- ਇਸ ਨਾਵਲ ਦੀ ਮੁੱਖ ਪਾਤਰ ਬਿਸ਼ਨੀ ਹੈ। ਇਹ ਕਹਾਣੀ 1950 ਦੇ ਦਹਾਕੇ ਦੀ ਕਹਾਣੀ ਹੈ ਜਿਸ ਵਿਚ 27 ਬੰਦਿਆਂ ਦਾ ਕਤਲ ਹੋਇਆ। ਬਿਸ਼ਨੀ ਆਪਣੇ ਘਰ ਵਾਲੇ ਨੂੰ ਛੱਡ ਕੇ ਕਿਸੇ ਹੋਰ ਆਦਮੀ ਨਾਲ ਨਿਕਲ ਜਾਂਦੀ ਹੈ ਜਿਸ ਦਾ ਬਦਲਾ ਲੈਣ ਲਈ ਉਸ ਦਾ ਕਤਲ ਕਰਨ ਲਈ ਉਸ ਉੱਤੇ ਗੋਲੀਆਂ ਚਲਵਾ ਦਿੰਦਾ ਹੈ।ਬਿਸ਼ਨੀ ਜਿਸ ਆਦਮੀ ਨਾਲ ਭੱਜੀ ਹੁੰਦੀ ਹੈ ਉਸ ਨਾਲ ਕਚਹਿਰੀ ਜਲੰਧਰ ਵਿਖੇ ਆਉਂਦੀ ਹੈ ਤੇ ਜੱਜ ਅੱਗੇ ਦਲੀਲ ਰੱਖਦੀ ਹੈ ਕੇ ਮੈ ਤਾਂ ਇਸ ਨਾਲ ਵਿਆਹੀ ਹੀ ਨਹੀਂ ਗਈ ਸੀ।ਇਸ ਨਾਵਲ ਵਿਚ ਬਿਸ਼ਨੀ ਦੇ ਮਾੜੇ ਪੱਖ ਨੂੰ ਨਹੀਂ ਉਸ ਦੇ ਇਕ ਚੰਗੇ ਪੱਖ ਨੂੰ ਪੇਸ਼ ਕੀਤਾ ਗਿਆ ਹੈ ਜੋ ਅੰਤ ਵਿਚ ਆਪਣੇ ਪਤੀ ਅਤੇ ਜਿਸ ਨਾਲ ਭੱਜ ਕੇ ਆਈ ਸੀ ਉਸ ਦੇ ਕਤਲ ਤੋਂ ਬਾਅਦ ਕਨੇਡਾ ਵੀਰ ਸਿੰਘ ਨਾਲ ਚਲੀ ਜਾਂਦੀ ਹੈ।ਇਸ ਵਿਚ ਇਕ ਔਰਤ ਦਾ ਕਰੈਕਟਰ 20ਵੀ. ਸਦੀ ਦੀ ਔਰਤ ਦੇ ਬਦਲਦੇ ਰੂਪ ਨੂੰ ਮੁੱਖ ਰੱਖ ਕੇ ਪੇਸ਼ ਕੀਤਾ ਗਿਆ ਹੈ।ਇਹ ਨਾਵਲ ਪ੍ਰਸਿੱਧ ਦਾਰਸ਼ਨਿਕ ਵਿੰਡਗਿਨ ਸਟਾਈਨ ਦੇ ਅਨੁਸਾਰੀ ਸ਼ਬਦਾਂ ਦੇ ਅਧਾਰ ਤੇ ਲਈ ਗਈ ਹੈ ਕਿ:- ਮੇਰੀ ਭਾਸ਼ਾ ਦੀ ਸੀਮਾ ਹੀ ਮੇਰੀ ਦੁਨੀਆ ਦੀ ਸੀਮਾ ਹੈ।

ਇਸ ਪ੍ਰਕਾਰ ਹੁਣ ਤੱਕ ਡਾ, ਪਰਮਜੀਤ ਸਿੰਘ ਜੱਜ ਨੇ 5 ਨਾਵਲ ਲਿਖੇ ਹਨ। ਇਨ੍ਹਾਂ ਪੰਜਾਂ ਨਾਵਲਾਂ ਦੇ ਵਿਸ਼ਾ ਆਪਣੀ-ਆਪਣੀ ਯਥਾਰਥ ਦੀ ਕਹਾਣੀ ਨੂੰ ਅੱਗੇ ਤੋਰਦਾ ਹੈ।

ਹਵਾਲੇ ਅਤੇ ਟਿੱਪਣੀਆਂ

---

[1] ਗੁਰਚਰਨ ਸਿੰਘ ਅਰਸ਼ੀ, ਸਮੀਖਿਆ ਦ੍ਰਿਸ਼ਟੀਆਂ, ਪੰਨਾ-91

[2] karl Jaspres, philosophical faith and revelation, p- 63

[3] ਧਰਮ ਚੰਦ ਵਾਤਿਸ਼, ਅਸਤਿਤਵਵਾਦੀ ਆਲੋਚਨਾ : ਸਿਧਾਂਤ 'ਤੇ ਵਿਹਾਰ, ਪੰਨਾ-18

[4] ਉਹੀ, ਪੰਨਾ-18

[5] ਗੁਰਚਰਨ ਸਿੰਘ ਅਰਸ਼ੀ,ਅਸਤਿਤਵਵਾਦ, ਪੰਨਾ-15

[6] ਉਹੀ, ਪੰਨਾ-25

[7] ਨੀਲਮ ਗੋਪਾਲ, ਸਵਤੰਤਰ ਉੱਤਰ ਹਿੰਦੀ ਲੇਖਿਕਾਓਂ ਕੇ ਉਪਨਿਆਸੋਂ ਮੇ ਅਲਗਾਵ, ਪੰਨਾ-16

[8] Jean paul, sartee, The literature of possibility,p-11
[9] ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਨਾ-12
[10] ਉਹੀ, ਪੰਨਾ-12
[11] ਕਿਰਪਾਲ ਸਿੰਘ, ਕਸੇਲ, ਪਿਆਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ ਭਾਗ ਦੂਜਾ, ਪੰਨਾ-335
[12] ਉਹੀ , ਪੰਨਾ-335
[13] ਜਸਬੀਰ ਸਿੰਘ, ਆਹਲੂਵਾਲੀਆ, ਸੁਰਜੀਤ, ਹਾਂਸ, ਪੰਜਾਬੀ ਆਲੋਚਨਾ ਇਕ ਪਰਿਚਯ, ਪੰਨਾ -302
[14] ਉਹੀ, ਪੰਨਾ-313

# ਅਧਿਆਇ-ਦੂਜਾ

## ਪਰਮਜੀਤ ਸਿੰਘ ਜੱਜ ਦੇ ਨਾਵਲ 'ਪਛਾਣ ਬਦਲ ਗਈ' ਵਿਚ ਅਸਤਿਤਵ ਸੰਕਟ ਦੀ ਪੇਸ਼ਕਾਰੀ

ਡਾ.ਪਰਮਜੀਤ ਸਿੰਘ ਜੱਜ ਪੰਜਾਬੀ ਸਾਹਿਤ ਅਤੇ ਸ਼ੋਸ਼ਿਆਲੋਜੀ ਦਾ ਇੱਕ ਉੱਘਾ ਲੇਖਕ ਹੈ। ਉਸ ਨੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਪੰਜ ਨਾਵਲ ਅਤੇ ਬਹੁਤ ਸਾਰੇ ਪੰਜਾਬੀ ਖੇਤਰੀ ਜੀਵਨ ਦੇ ਵਿਸ਼ਿਆਂ ਉੱਤੇ ਆਰਟੀਕਲ ਲਿਖੇ ਅਤੇ ਬਹੁਤ ਸਾਰੀਆਂ ਕਿਤਾਬਾਂ ਪਾਇਆ ਜਿਨ੍ਹਾਂ ਦਾ ਵਰਣਨ ਉੱਪਰ ਦਿੱਤਾ ਜਾ ਚੁੱਕਾ ਹੈ।ਡਾ.ਪਰਮਜੀਤ ਸਿੰਘ ਜੱਜ ਦੀਆਂ ਕਿਤਾਬਾਂ ਅਤੇ ਨਾਵਲਾਂ ਨੇ ਸਮਾਜਿਕ ਯਥਾਰਥ, ਪ੍ਰਗਤੀਵਾਦ ਦੀ ਪੇਸ਼ਕਾਰੀ ਕਰਦਿਆਂ ਹੋਇਆਂ ਪ੍ਰਯੋਗਵਾਦੀ ਤੋਂ ਅਸਤਿਤਵਵਾਦ ਵੱਲ ਮੁੱਖ ਮੋੜਿਆ।ਡਾ.ਪਰਮਜੀਤ ਸਿੰਘ ਜੱਜ ਨੇ ਗਵਾਚ ਚੁੱਕੇ ਮਨੁੱਖ ਦੇ ਆਪੇ ਦੀ ਪਛਾਣ ਨੂੰ, ਉਸ ਦੇ ਆਪਣੇ ਅਸਤਿਤਵ ਨੂੰ ਬਣਾਉਣ ਵਿਚ ਮਨੁੱਖ ਦੀ ਮਦਦ ਕੀਤੀ।ਵਿਸ਼ਵ ਪੱਧਰ ਤੇ ਮਨੁੱਖ ਦੇ ਅਸਤਿਤਵ ਦੀ ਪੇਸ਼ਕਾਰੀ ਦਿੰਦਾ ਮਨੁੱਖ ਦੇ ਅਸਤਿਤਵ ਦੇ ਨਿਰਮਾਣ ਦੀ ਗੱਲ ਕਰਦਾ ਹੋਇਆ ਅੱਗੇ ਵਧਦਾ ਹੈ। ਡਾ.ਪਰਮਜੀਤ ਸਿੰਘ ਜੱਜ ਦੀ ਕਵਿਤਾ ਵਿਚ ਮਨੁੱਖੀ ਹੋਂਦ ਦਾ ਮਸਲਾ ਮੁੱਖ ਹੈ। ਉਹ ਦੱਸਦਾ ਹੈ ਕਿ ਮਨੁੱਖ ਨੇ ਆਪਣੇ ਨਿੱਜ ਨੂੰ ਬਚਾਈ ਰੱਖਣ ਦੇ ਲਈ ਬਹੁਤ ਸਾਰੇ ਹੱਥਕੰਡੇ ਵਰਤੇ ਹਨ ਮਨੁੱਖ ਅਸਤਿਤਵ ਨੂੰ ਬਚਾਉਣ ਦੇ ਚੱਕਰ ਵਿਚ ਮਾਨਸਿਕ ਤੌਰ ਤੇ ਬਿਮਾਰ ਹੋ ਜਾਂਦਾ ਹੈ। ਮਨੁੱਖ ਨੂੰ ਲੱਗਦਾ ਹੈ ਕਿ ਉਸ ਦੀ ਦੁਨੀਆ ਵਿਚ ਕੋਈ ਹੋਂਦ ਨਹੀਂ ਹੈ।ਡਾ.ਪਰਮਜੀਤ ਸਿੰਘ ਜੱਜ ਇਨ੍ਹਾਂ ਚਿੰਤਤ ਵਿਸ਼ਿਆਂ ਵਿਚ ਫਸੇ ਹੋਏ ਮਨੁੱਖ ਨੂੰ ਬਾਹਰ ਕੱਢਣ ਲਈ ਸਹਾਰਾ ਦਿੰਦਾ ਹੈ।ਡਾ.ਪਰਮਜੀਤ ਸਿੰਘ ਜੱਜ ਦੱਸਦਾ ਹੈ ਕਿ ਅੱਜ ਦਾ ਮਨੁੱਖ ਆਪਣਾ ਅਸਤਿਤਵ ਬਣਾਈ ਰੱਖਣ ਦੇ ਲਈ ਇੱਕ ਦੂਜੇ ਤੋਂ ਅੱਗੇ ਲੰਘਣ ਦਾ ਯਤਨ ਕਰ ਰਿਹਾ ਹੈ।ਅੱਜ ਦਾ ਮਨੁੱਖ ਧਾਰਮਿਕ ਅਤੇ ਧਰਮ ਦੀ ਰਾਜਨੀਤੀ ਵਿਚ ਆ ਕੇ ਇਨ੍ਹਾਂ ਦੀ ਇਸ ਵੰਡ ਦੀ ਰਾਜਨੀਤੀ ਦਾ ਸ਼ਿਕਾਰ ਹੋਇਆ ਮਨੁੱਖ ਆਪਣੇ ਆਪੇ ਉੱਤੇ ਕੱਟੜਪੁਣੇ ਨੂੰ ਸਹਿ ਰਿਹਾ ਹੈ। ਸਮਾਜ ਅੰਦਰ ਇੱਕ ਦੂਸਰੇ ਤੋਂ ਪਿੱਛੇ ਨਾ ਰਹਿ ਜਾਣ ਦਾ ਡਰ, ਆਧੁਨਿਕ ਜੀਵਨ ਜਾਂਚ ਕਾਰਨ ਮਨੁੱਖ ਅੰਦਰ ਨਿਰਾਸ਼ਾ, ਆਪਣਾ ਅਸਤਿਤਵ ਸੰਕਟ ਵਿਚ ਮਹਿਸੂਸ ਹੋਣਾ, ਘੁੱਟਣ, ਇਕਲਤਾ, ਅਕੇਵਾਂ, ਪਦਾਰਥੀਕਰਨ, ਅਲਗਾਉ, ਆਦਿ ਵਿਸੰਗਤੀਆਂ ਪੈਦਾ ਹੋ ਰਹੀਆਂ ਹਨ। ਮਨੁੱਖ ਨੂੰ ਇੰਝ ਮਹਿਸੂਸ ਹੋ ਰਿਹਾ ਹੈ ।ਜਿਸ ਨਾਲ ਮਨੁੱਖ ਨੂੰ ਇੱਕ ਘੋਰ ਮਾਨਸਿਕ ਸੰਕਟ ਵਿਚੋਂ ਲੰਘਣਾ ਪਿਆ ਉਸ ਦੇ ਲਈ ਆਪਣਾ ਹੀ ਅਸਤਿਤਵ ਇੱਕ ਵੱਡੀ ਸਮੱਸਿਆ ਬਣ ਗਿਆ ਅਤੇ ਆਪਣੀ ਹੀ ਹੋਂਦ ਦੇ ਉੱਪਰ ਕਿੰਤੂ ਹੋਣ ਲੱਗ ਪਿਆ। ਮਨੁੱਖ ਦੀ ਹੋਂਦ ਆਲ਼ੇ ਦੁਆਲੇ ਤੋਂ ਟੁੱਟ ਕੇ ਭਟਕਣ ਦੀ ਅਵਸਥਾ ਵਿਚ ਆ ਜਾਂਦੀ ਹੈ। "ਭਟਕਣ ਦੀ ਵਿਆਕੁਲਤਾ ਆਧੁਨਿਕ ਮਨੁੱਖ ਦੀ ਹੋਂਦ ਦੁਚਿੱਤੀ ਅਤੇ ਮਾਨਸਿਕ ਵਿਰੋਧਾਂ ਦੇ ਰੂਪ ਵਿਚ ਟੁੱਟਦੀ ਹੈ ਅਤੇ ਉਸ ਦੇ ਸਹਿਮਾਂ ਨੂੰ ਹੋਰ ਡੂੰਘਾ ਕਰਦੀ ਹੈ। ਇਹ ਸਹਿਮ, ਅਵਿਸ਼ਵਾਸ, ਬੇ-ਪ੍ਰਤੀਤੀ ਅਤੇ ਵਿਸੰਗਤੀ ਦੀਆਂ ਆਧੁਨਿਕਵਾਦੀ ਸੁਰਾਂ ਨੂੰ ਜਨਮ ਦਿੰਦੀਆਂ ਹਨ। ਇਨ੍ਹਾਂ ਸੁਰਾਂ ਵਿਚ ਮਨੁੱਖੀ ਚੇਤਨਾ ਮਨ ਅੰਤਰ ਦੀ ਸੁੰਨ ਵਿਚ ਸੁੰਗੜਦੀ ਪ੍ਰਤੀਤ ਹੁੰਦੀ ਹੈ।

ਅਸਤਿਤਵਵਾਦੀ ਚਿੰਤਕਾਂ ਅਨੁਸਾਰ ਮਨੁੱਖ ਦੇ ਸਵੈ ਜਾਂ ਅਸਤਿਤਵ ਨੂੰ ਹੇਠ ਲਿਖੇ ਅਸਤਿਤਵ ਖ਼ਤਰੇ ਮਹਿਸੂਸ ਹੁੰਦੇ ਹਨ। ਅਸਤਿਤਵਵਾਦੀ ਚਿੰਤਕਾਂ ਨੇ ਵਿਅਕਤੀ ਨੂੰ ਪ੍ਰਮੁੱਖਤਾ ਦਿੰਦੇ ਹੋਏ ਮਨੁੱਖ ਅੰਦਰ ਵਿਸ਼ਵ ਯੁੱਧ ਦੇ ਖ਼ਤਰਿਆਂ, ਉਦਯੋਗਿਕ ਕ੍ਰਾਂਤੀ ਕਾਰਨ ਪੈਦਾ ਹੋਏ ਪਦਾਰਥੀਕਰਨ ਅਤੇ ਇੱਕ ਬੱਝਵੀਂ ਅਤੇ ਨਾ ਬਦਲ ਸਕਣ ਵਾਲੀ ਰੋਜ਼ਾਨਾ ਜੀਵਨ ਦੀ ਤੋਰ ਦੇ ਕਾਰਨ ਪੈਦਾ ਹੋਏ ਅਕੇਵੇਂ ਵਿਚੋਂ ਉਪਜ ਰਹੇ ਅਸਤਿਤਵ ਨੂੰ ਪਛਾਣਨ ਦਾ ਯਤਨ ਕੀਤਾ ਹੈ।

ਆਧੁਨਿਕ ਜੀਵਨ ਜਾਂਚ ਕਾਰਨ ਮਨੁੱਖ ਅੰਦਰ ਨਿਰਾਸ਼ਾ, ਆਪਣਾ ਅਸਤਿਤਵ ਸੰਕਟ ਵਿਚ ਮਹਿਸੂਸ ਹੋਣਾ, ਘੁੱਟਣ, ਇਕਲਤਾ, ਡਰ, ਅਕੇਵਾਂ, ਪਦਾਰਥੀਕਰਨ, ਅਗਲਾਉ, ਆਦਿ ਵਿਸੰਗਤੀਆਂ ਪੈਦਾ ਹੋ ਰਹੀਆਂ ਹਨ। ਮਨੁੱਖ ਨੂੰ ਇੰਝ ਮਹਿਸੂਸ ਹੋ ਰਿਹਾ ਹੈ ਕਿ ਉਸ ਦਾ ਸਵੈ ਕਿਸੇ ਸੰਕਟ ਵਿਚ ਹੈ।

ਹਥਲੇ ਖੋਜ ਕਾਰਜ ਵਿਚ ਇਨ੍ਹਾਂ ਤੱਥਾਂ ਨੂੰ ਅਧਾਰ ਬਣਾ ਕੇ ਅਸਤਿਤਵ ਸੰਕਟ ਦੀ ਪਛਾਣ ਕੀਤੀ ਗਈ ਹੈ।

1) ਆਪਣਾ ਅਸਤਿਤਵ ਸੰਕਟ ਵਿਚ ਮਹਿਸੂਸ ਹੋਣਾ:- ਇਸ ਧਰਤੀ ਤੇ ਆਇਆ ਹਰ ਇੱਕ ਵਿਅਕਤੀ ਖ਼ੁਸ਼ ਨਹੀਂ ਹੋ ਸਕਦਾ ਕਿਉਂਕਿ ਇਸ ਸੰਸਾਰ ਅੰਦਰ ਇੱਕ ਮਨੁੱਖ ਨੇ ਦੂਸਰੇ ਲਈ ਕੁੱਝ ਨਾ ਕੁੱਝ ਕਾਨੂੰਨ ਬਣਾਏ ਹਨ ਜਿਸ ਵਿਚ ਮਨੁੱਖ ਨੂੰ ਆਪਣੇ ਆਪੇ ਦੇ ਗੁਆਚ ਜਾਣ ਦੀ ਫ਼ਿਕਰ ਲੱਗੀ ਰਹਿੰਦੀ ਹੈ ਜਿਸ ਕਾਰਨ ਉਹ ਆਪਣੇ ਅਸਤਿਤਵ ਨੂੰ ਸੰਕਟ ਵਿਚ ਮਹਿਸੂਸ ਕਰਦਾ ਹੈ। "ਜਾਂ ਪਾੱਲ ਸਾਰਤਰ" ਸਾਰਤਰ ਮਨੁੱਖੀ ਮਰਜ਼ੀ ਦੀਆਂ ਸ਼ਰਤਾਂ ਮਿੱਥ ਕੇ ਮਨੁੱਖੀ ਸੱਤਾ ਦੀ ਭਾਲ ਕਰਦਾ ਹੈ। ਆਤਮਮੁੱਖਤਾ ਹੀ ਉਸ ਦਾ ਮੁੱਖ ਧਰਾਤਲ ਬਣ ਸਕਦੀ ਹੈ। ਸਾਰਤਰ ਦੇ ਸਮੁੱਚੇ ਚਿੰਤਨ ਦੀ ਬੁਨਿਆਦ ਹੋਂਦ-ਸੰਕਟ ਵਿਚ ਘਿਰਿਆ ਹੋਇਆ ਮਨੁੱਖ ਹੈ। ਮਨੁੱਖ ਆਪਣੀ ਰਚਨਾ ਨੂੰ ਕਰਨ ਦੇ ਲਈ ਕਈ ਨਿੱਜੀ ਯਤਨ ਕਰਦਾ ਹੈ।

2) ਨਿਰਾਸ਼ਾ:- ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਉਹ ਹਰ ਸਮੇਂ ਹੀ ਕਿਸੇ ਨਾ ਕਿਸੇ ਕਾਰਜ ਵਿਚ ਲੱਗਾ ਰਹਿੰਦਾ ਹੈ। ਇਸ ਦੌਰਾਨ ਉਸ ਪਾਸੋਂ ਕਈ ਨਾਮ ਚਮਕਾਊ ਅਤੇ ਕਈ ਵਾਰ ਨਾਮ ਗਵਾਊ ਕੰਮ ਹੁੰਦੇ ਰਹਿੰਦੇ ਹਨ ਜਿਸ ਤੇ ਕਈ ਵਾਰ ਮਨੁੱਖ ਦਾ ਆਪਣਾ ਕੋਈ ਹੱਥ ਨਹੀਂ ਹੁੰਦਾ ਪਰ ਇਸ ਲਈ ਨਿਰਾਸ਼ਾ ਉਸ ਦੇ ਅੰਦਰ ਮੌਜੂਦ ਵਿਕਾਰਾਂ ਨੂੰ ਵਧਾਉਂਦੀ ਹੈ। ਇਸ ਕਾਰਨ ਕਾਰਨ ਮਨੁੱਖ ਆਪਣਾ ਬਹੁਤਾ ਸਮਾਂ ਨਿਰਾਸ਼ਾ ਵਿਚ ਹੀ ਬਰਬਾਦ ਕਰ ਦਿੰਦਾ ਹੈ। "ਐਡਮੰਡ ਹੁਸਰਲ" ਜਰਮਨ ਦਾ ਦਾਰਸ਼ਨਿਕ ਸੀ ਅਸਤਿਤਵਵਾਦੀ ਅਧਿਐਨ ਦੇ ਲਈ ਉਸ ਦੀ ਪ੍ਰਮੁੱਖ ਘਟਨਾ ਕਿਰਿਆ ਜਾਂ ਦ੍ਰਿਸ਼ ਵਿਗਿਆਨ ਵੀ ਕਿਹਾ ਜਾ ਸਕਦਾ ਹੈ। ਉਸ ਦੀ ਵਿਧੀ ਇਹ ਸੀ ਕਿ ਅਨੁਭਵ ਹੋ ਚੁੱਕੇ ਸੰਸਾਰ ਨੂੰ ਬਰੈਕਟ ਮਾਰ ਦਿੰਦਾ ਸੀ ਅਤੇ ਆਪਣੀ ਚੇਤਨਾ ਨੂੰ ਉਸ ਨਾਲੋਂ ਵੱਖ ਕਰ ਦਿੰਦਾ ਸੀ। ਘਟਨਾ ਕਿਰਿਆ ਵਿਗਿਆਨ ਉਸ ਦਾ ਮੁੱਖ ਸੰਕਲਪ ਹੈ।ਇਹ ਕਿਰਿਆਵਾਂ ਅਤੇ ਘਟਨਾਵਾਂ ਮਨੁੱਖ ਵਿਚ ਨਿਰਾਸ਼ਾ ਪੈਦਾ ਕਰਦੀਆਂ ਹਨ।

3) ਘੁਟਣ:- ਜਿਸ ਵਾਤਾਵਰਨ ਵਿਚ ਇੱਕ ਜੀਵਤ ਮਨੁੱਖ ਜੀਵਨ ਬਸਰ ਕਰਦਾ ਹੈ ਉੱਥੇ ਕਈ ਵਾਰ ਉਹ ਖੁੱਲ ਮਹਿਸੂਸ ਨਹੀਂ ਕਰ ਪਾਉਂਦਾ। ਕਈ ਅਜਿਹੇ ਕਾਰਨ ਪੈਦਾ ਹੁੰਦੇ ਹਨ ਕਿ ਮਨੁੱਖ ਆਪਣੇ ਆਪੇ ਨੂੰ ਬੰਦ ਤਿਜੋਰੀ ਵਾਂਗ ਸਮਝਦਾ ਹੈ ਜੋ ਖ਼ਾਲੀ ਹੋਣ ਦੇ ਬਾਵਜੂਦ ਵੀ ਜਿੰਦੇ ਦੇ ਨਾਲ ਬੰਦ ਪਈ ਹੈ ਤੇ ਉਸ ਦੀ ਚਾਬੀ ਨਹੀਂ ਪਤਾ ਇਹੋ ਜਿਹੀਆਂ ਸਥਿਤੀਆਂ ਵਿਚ ਮਨੁੱਖ ਘੁੱਟਣ ਮਹਿਸੂਸ ਕਰਦਾ ਹੈ।

4) ਇਕੱਲਤਾ:- ਮਨੁੱਖ ਨੂੰ ਜਿਸ ਸਮੇਂ ਬਹੁਤ ਲੋਕਾਂ ਦੇ ਹੋਣ ਦੇ ਬਾਵਜੂਦ ਵੀ ਇਕੱਲਤਾ ਦਾ ਅਹਿਸਾਸ ਹੋਵੇ ਤਾਂ ਵੀ ਉਹ ਆਪਣੇ ਆਪ ਨਾਲ ਈਰਖਾ ਕਰਨ ਲੱਗ ਜਾਂਦਾ ਹੈ।ਇਹ ਮਨੁੱਖ ਦੇ ਅਸਤਿਤਵ ਲਈ ਇੱਕ ਵੱਡੇ ਸੰਕਟ ਦਾ ਕਾਰਨ ਬਣਦਾ ਹੈ। "ਫਰੈਡਿਕ ਨੀਤਸ਼ ਨੇ ਵੀ ਰੱਬ ਦੀ ਮੌਤ ਦਾ ਐਲਾਨ ਕੀਤਾ ਅਤੇ ਮਨੁੱਖੀ ਹੋਂਦ ਨੂੰ ਦਾਰਸ਼ਨਿਕ ਕੈਟਾਗਰੀ ਦਾ ਨਾਂਅ ਦਿੱਤਾ। ਹੋਂਦ ਲਈ ਰੱਬ ਪਹਿਲੇ ਕਾਰਕ ਵਜੋਂ ਨਹੀਂ ਸੀ। ਜ਼ਿੰਦਗੀ ਹਕੀਕਤ ਹੋਣ ਦੇ ਨਾਲ ਨਾਲ ਇੱਕ ਫ਼ੈਸਲਾ ਵੀ ਹੁੰਦੀ ਹੈ, ਇਹ ਮਹਿਸੂਸ ਕੀਤਾ ਜਾਣ ਲੱਗਾ। ਮਨੁੱਖ ਸਮਾਜਕ ਜੀਵ ਹੋਣ ਤੋਂ ਪਹਿਲਾਂ ਦੇ ਬਾਵਜੂਦ ਇੱਕ ਵਿਅਕਤੀ ਹੈ, ਇਸ ਲਈ ਉਹ ਇਕੱਲਾ ਹੈ। ਇਸ ਦੇ ਨਾਲ ਹੀ ਰੱਬ ਦੇ ਸੰਕਲਪ ਦੀ ਮੌਤ ਦੇ ਨਾਲ ਮਨੁੱਖ ਹੋਰ ਵੀ ਇਕੱਲਾ ਹੋ ਗਿਆ ਹੈ।

5) ਡਰ:-ਹਰ ਵਿਅਕਤੀ ਇੱਕ ਦੂਜੇ ਤੋਂ ਅੱਗੇ ਵਧਣ ਲਈ ਬਹੁਤ ਚੰਗੇ ਅਤੇ ਮਾੜੇ ਕੰਮ ਕਰਦਾ ਹੈ ਇਸ ਡਰ ਤੋਂ ਕਿ ਕਿੱਤੇ ਉਹ ਬਾਕੀਆਂ ਨਾਲੋਂ ਪਿੱਛੇ ਨਾ ਰਹਿ ਜਾਵੇ।।"ਹਾਇਡ੍ਰਿਲ" ਅਨੁਸਾਰ "ਅਸਤਿਤਵ ਦੇ ਸੰਕਟ ਅਤੇ ਮੌਤ ਦੇ ਡਰ ਵਿਚ ਗ੍ਰਸੇ ਹੋਏ ਮਨੁੱਖ ਨੂੰ

ਸਭ ਕੁੱਝ ਵਿਅਰਥ ਅਤੇ ਰਸ-ਹੀਣ ਲੱਗਦਾ ਹੈ। ਮਨੁੱਖ ਵਿਆਕੁਲ ਰਹਿੰਦਾ ਹੈ 'ਕੁੱਝ ਨਹੀਂ' ਦੇ ਅਹਿਸਾਸ ਵਿਚ ਗ੍ਰਸਿਆ ਰਹਿੰਦਾ ਹੈ। ਮੌਤ ਦੇ ਡਰ ਕਾਰਨ ਮਨੁੱਖ ਨੂੰ ਇਹ ਚਿੰਤਾ ਲੱਗੀ ਰਹਿੰਦੀ ਹੈ ਕਿ ਉਸ ਦੀਆਂ ਆਪਣੇ ਅਸਤਿਤਵ ਦੇ ਨਿਰਮਾਣ ਲਈ ਜਿਹੜੀਆਂ ਇੱਛਾਵਾਂ ਅਤੇ ਸੰਭਾਵਨਾਵਾਂ ਹਨ ਕੀ ਪਤਾ ਉਹ ਪੂਰੀਆਂ ਹੋਣ ਜਾਂ ਨਾ। ਇਹ ਚਿੰਤਾ ਵਿਚ ਗ੍ਰਸੇ ਹੋਏ ਮਨੁੱਖ ਨੂੰ ਸਭ ਕੁੱਝ ਤੁੱਛ ਦਿਖਾਈ ਦਿੰਦਾ ਹੈ। ਮਨੁੱਖ ਨੂੰ ਇਸ ਤੁੱਛਤਾ ਦਾ ਅਹਿਸਾਸ ਦੋ ਤਰ੍ਹਾਂ ਦਾ ਹੁੰਦਾ ਹੈ- ਇੱਕ ਜਦੋਂ ਮਨੁੱਖ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਇਹ ਸੰਸਾਰ ਨਾਸ਼ਵਾਨ ਅਤੇ ਮੁੱਲ ਹੀਣ ਹੈ ਅਰਥਾਤ ਸੰਸਾਰ ਦੀਆਂ ਸਾਰੀਆਂ ਵਸਤਾਂ ਉਸ ਦੀ ਪਹੁੰਚ ਤੋਂ ਦੂਰ ਹਨ, ਸੰਸਾਰ ਦੀ ਕਿਸੇ ਵਸਤੂ ਉੱਤੇ ਉਸ ਦਾ ਕੋਈ ਅਧਿਕਾਰ ਹੈ ਕਿ ਨਹੀਂ। ਦੂਜਾ ਜਦੋਂ ਸੰਸਾਰ ਵਿਚ ਮਨੁੱਖ ਉਦਾਸ ਰਹਿਣ ਲੱਗਦਾ ਹੈ ਅਤੇ ਸਾਰੀਆਂ ਵਸਤੂਆਂ ਤੋਂ ਦੂਰ ਭੱਜਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਮਨੁੱਖ ਦੋਹਾਂ ਸਥਿਤੀਆਂ ਵਿਚ ਕੁੱਝ ਨਹੀਂ ਦਾ ਅਨੁਭਵ ਕਰਦਾ ਹੈ।[1]

6) ਅਕੇਵਾਂ:- ਦਿਨ ਭਰ ਦੀ ਥਕਾਨ ਹੋਵੇ ਜਾ ਕਿਸੇ ਬੋਝ, ਦਬਾਅ ਆ ਕੇ ਕਿਤਾ ਜਾਣ ਵਾਲਾ ਕੰਮ ਹੀ ਨਹੀਂ ਸਗੋਂ ਜਿਸ ਸਮੇਂ ਮਨੁੱਖ ਕਿਸੇ ਕੰਮ ਨੂੰ ਬੋਝ ਸਮਝ ਕੇ ਆਪਣੇ ਤੇ ਹੰਢਾਉਂਦੇ ਹਨ ਤਾਂ ਅਕਸਰ ਹੀ ਅਕੇਵਾਂ ਆ ਜਾਂਦਾ ਹੈ। "ਮੌਰਿਸ ਮਰਲੀ-ਪੋਂਟੀ" ਸਾਰਤਰੇ ਦਾ ਸਾਥੀ ਸੀ। ਉਹ ਕਾਫ਼ੀ ਦਾਰਸ਼ਨਿਕ ਤੇ ਗੰਭੀਰ ਸੀ।ਇਹ ਫਰਾਂਸੀਸੀ ਅਸਤਿਤਵ ਬਾਰੇ ਜਾਣਕਾਰੀ ਦਿੰਦਾ ਹੈ। ਉਹ ਗੰਭੀਰ ਤਾਂ ਸੀ ਪਰ ਭਵਿੱਖ ਵਕਤਾ ਨਹੀਂ ਸੀ। ਉਸ ਦੇ ਪ੍ਰਮੁੱਖ ਸੰਕਲਪ ਵਿਵਹਾਰ, ਦੂਜਿਆਂ ਨਾਲ ਸਬੰਧ, ਮਨੋਂ ਭ੍ਰਾਂਤੀ, ਸ਼ੋਸ਼ਣ ਬਨਾਮ ਕ੍ਰਾਂਤੀ ਸੀ ਜਿਸ ਦੇ ਜਰੀਏ ਮਨੁੱਖ ਅੰਦਰ ਅਕੇਵਾਂ ਆ ਜਾਂਦਾ ਹੈ।

7) ਪਦਾਰਥੀਕਰਨ:- ਮਨੁੱਖ ਨੂੰ ਜ਼ਿੰਦਗੀ ਜਿਊਣ ਲਈ ਕੁੱਝ ਲੋੜੀਂਦੇ ਸਾਧਨਾ ਦੀ ਜ਼ਰੂਰਤ ਪੈਂਦੀ ਰਹਿੰਦੀ ਹੈ ਪਰ ਮਨੁੱਖ ਨੇ ਆਪਣੀ ਭੁੱਖ ਅਤੇ ਲੋੜਾਂ ਇਸ ਕਦਰ ਵੱਧ ਗਈਆਂ ਹਨ ਕਿ ਮਨੁੱਖ ਪਦਾਰਥਾਂ ਪਿੱਛੇ ਭੱਜਦੇ ਹੋਏ ਆਪਣੀ ਅਸਲ ਪਹੁੰਚ ਨੂੰ ਭੁੱਲ ਜਾਂਦਾ ਹੈ। ਮਨੁੱਖ ਨੂੰ ਇਸ ਤੁੱਛਤਾ ਦਾ ਅਹਿਸਾਸ ਦੋ ਤਰ੍ਹਾਂ ਦਾ ਹੁੰਦਾ ਹੈ- ਇੱਕ ਜਦੋਂ ਮਨੁੱਖ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਇਹ ਸੰਸਾਰ ਨਾਸ਼ਵਾਨ ਅਤੇ ਮੁੱਲ ਹੀਣ ਹੈ ਅਰਥਾਤ ਸੰਸਾਰ ਦੀਆਂ ਸਾਰੀਆਂ ਵਸਤਾਂ ਉਸ ਦੀ ਪਹੁੰਚ ਤੋਂ ਦੂਰ ਹਨ, ਸੰਸਾਰ ਦੀ ਕਿਸੇ ਵਸਤੂ ਉੱਤੇ ਉਸ ਦਾ ਕੋਈ ਅਧਿਕਾਰ ਹੈ ਕਿ ਨਹੀਂ। ਦੂਜਾ ਜਦੋਂ ਸੰਸਾਰ ਵਿਚ ਮਨੁੱਖ ਉਦਾਸ ਰਹਿਣ ਲੱਗਦਾ ਹੈ ਅਤੇ ਸਾਰੀਆਂ ਵਸਤੂਆਂ ਤੋਂ ਦੂਰ ਭੱਜਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਮਨੁੱਖ ਦੋਹਾਂ ਸਥਿਤੀਆਂ ਵਿਚ ਕੁੱਝ ਨਹੀਂ ਦਾ ਅਨੁਭਵ ਕਰਦਾ ਹੈ।[2]

8) ਅਲਗਾਉ:- ਜਿਸ ਸਮੇਂ ਮਨੁੱਖ ਕਿਸੇ ਪ੍ਰਕਾਰ ਦੀ ਵਸਤੂ ਜਾਂ ਇਨਸਾਨ ਦੀ ਪਹੁੰਚ ਤੋਂ ਅਲੱਗ ਰਹਿਣਾ ਪਸੰਦ ਕਰਦਾ ਹੈ ਤਾਂ ਉਸ ਵਿਚ ਇੱਕ ਖੜੋਤ ਜਿਹੀ ਆ ਜਾਂਦੀ ਹੈ। ਇਸ ਕਾਰਨ ਅਲਗਾਉ ਦੀ ਸਥਿਤੀ ਪੈਦਾ ਹੁੰਦੀ ਹੈ। ਅਲਬਰਟ ਕਾਮੂ ਦਾ ਦਰਸ਼ਨ ਨਿਰਾਸ਼ਾ ਦਾ ਨਹੀਂ ਵਿਸ਼ਵਾਸ ਦਾ ਦਰਸ਼ਨ ਹੈ ਕਾਮੂ ਨੇ ਵਿਸੰਗਤੀਆਂ ਤੋਂ ਬਚਣ ਦੇ ਲਈ ਵਿਦਰੋਹ ਦਾ ਰਸਤਾ ਅਪਣਾਇਆ, ਉਸ ਨੇ ਇਸ ਮਾਰਗ ਨੂੰ ਸੋਚ ਦੇ ਨਜ਼ਦੀਕ ਦੱਸਿਆ ਹੈ। ਉਸ ਦੇ ਅਨੁਸਾਰ ਜ਼ਿੰਦਗੀ ਕੁੱਝ ਨਹੀਂ ਹੈ ਬੱਸ ਮੌਤ ਤੱਕ ਭੈਭੀਤ ਕਰਨ ਵਾਲੀ ਹੈ।ਅਸਤਿਤਵਵਾਦੀ ਕਵੀਆਂ ਦੇ ਅਨੁਸਾਰ ਵਿਅਕਤੀ ਆਪਣੇ ਆਪ ਨਾਲ ਹੀ ਅਲਗਾਉ ਵਾਲੀ ਸਥਿਤੀ ਵਿਚ ਰਹਿੰਦਾ ਹੈ। ਸਾਡਾ ਅੰਦਰੂਨੀ ਅਸਤਿਤਵ ਲਗਾਤਾਰ ਟਕਰਾਉਂਦੇ ਦਾਅਵਿਆਂ ਤੇ ਉਦੇਸ਼ ਹੇਠ ਤਣਾਅਪੂਰਨ ਰਹਿੰਦਾ ਹੈ। ਅਸਤਿਤਵਵਾਦੀ ਚਿੰਤਕ ਅਲਗਾਉ ਨੂੰ ਸਮਾਜਕ ਯਥਾਰਥਕ ਨਾਲ ਜੋੜਦੇ ਹਨ। ਸਾਰਤਰ, ਨੀਤਸ਼ੇ, ਹਾਈਡਿਗਰ,ਹਰਮਨ ਲੋਟੇਜ ਅਤੇ ਰੂਫੋਲਡ ਇਉਕਿਨ, ਕਾਮੂ ਆਦਿ ਪੱਛਮੀ ਚਿੰਤਕਾਂ ਨੇ ਅਸਤਿਤਵਵਾਦ ਵਿਚ ਹਿੱਸਾ ਪਾਇਆ ਅਤੇ ਪੰਜਾਬੀ ਸਾਹਿਤ ਲਈ ਇਨ੍ਹਾਂ ਨੇ ਮਾਰਗ ਦਾ ਕੰਮ ਕੀਤਾ।

ਪਛਾਣ ਬਦਲ ਗਈ ਨਾਵਲ ਵਿਚ ਡਾ. ਪਰਮਜੀਤ ਸਿੰਘ ਜੱਜ ਨੇ ਉਸ ਸਮੇਂ ਦਾ ਬਾਖਿਆਨ ਕੀਤਾ ਹੈ ਜਿਸ ਸਮੇਂ ਵਿਚ 1975ਈ. ਤੋਂ1984 ਤੱਕ ਦੇ ਐਮਰਜੈਂਸੀ ਦਾ ਕਾਲ ਚਾਲ ਰਿਹਾ ਸੀ। ਇਸ ਨਾਵਲ ਵਿਚ ਪੇਸ਼ ਕੀਤੇ ਪਾਤਰ ਐਮਰਜੈਂਸੀ ਦੇ ਇਸ ਦੌਰ ਨੂੰ ਆਪਣੇ

ਤੇ ਹੰਢਾਉਂਦੇ ਹਨ। ਹਰਦਿਆਲ ਜੋ ਇਸ ਨਾਵਲ ਦਾ ਮੁੱਖ ਪਾਤਰ ਹੈ ਉਸ ਦਾ ਪਿੰਡ, ਯੂਨੀਵਰਸਿਟੀ ਅਤੇ ਨੌਕਰੀ ਲਈ ਜਾਣ ਤੱਕ ਦਾ ਹਾਲ ਪੇਸ਼ ਕੀਤਾ ਗਿਆ ਹੈ। ਇਸ ਹਾਲ ਵਿਚ ਉਸ ਦਾ ਅਸਤਿਤਵ ਜਿਨ੍ਹਾਂ ਕਾਰਨਾਂ ਅਸਤਿਤਵੀ ਸੰਕਟ ਉਸ ਦੀ ਪਛਾਣ ਨੂੰ ਪ੍ਰਭਾਵਿਤ ਕਰਦਾ ਹੈ। ਹਰਦਿਆਲ ਦੇ ਨਾਲ ਉਹ ਸਾਰੇ ਸਹਿ-ਪਾਤਰ ਜੋ ਇਸ ਨਾਵਲ ਦਾ ਹਿੱਸਾ ਹਨ ਉਨ੍ਹਾਂ ਦੇ ਅਸਤਿਤਵੀ ਸੰਕਟ ਨੂੰ ਪੇਸ਼ ਕੀਤਾ ਗਿਆ ਹੈ।

ਸਮਾਜ ਇੱਕ ਅਜਿਹੀ ਇਕਾਈ ਹੈ ਜਿਸ ਵਿਚ ਵਿਚਰਦਾ ਹਰ ਮਨੁੱਖ ਆਪਣੇ ਅਸਤਿਤਵ ਨੂੰ ਬਣਾਈ ਰੱਖਣ ਲਈ ਲੋੜ ਤੋਂ ਵੀ ਵੱਧ ਯਤਨ ਕਰਦਾ ਹੈ। ਇਨ੍ਹਾਂ ਯਤਨਾਂ ਵਿਚ ਬਹੁਤੀ ਵਾਰ ਮਨੁੱਖ ਇੱਕ ਪਛਾਣ ਤੋਂ ਦੂਸਰੀ ਪਛਾਣ ਵੱਲ ਵਧਦਾ ਰਹਿੰਦਾ ਹੈ। ਕਈ ਵਾਰ ਸਮਾਜ ਅੰਦਰ ਅਜਿਹੇ ਕਾਰਨ ਉਤਪੰਨ ਹੁੰਦੇ ਜਾਂ ਕੀਤੇ ਜਾਂਦੇ ਹਨ ਜਿਨ੍ਹਾਂ ਨਾਲ ਮਨੁੱਖ ਆਪਣੀ ਅਸਲ ਪਛਾਣ ਨੂੰ ਲੁਕਾ ਕੇ ਸਮਾਜ ਵਿਚ ਚੰਗਾ ਰੁਤਬਾ ਬਣਾਈ ਰੱਖਣ ਲਈ ਆਪਣੇ ਆਪ ਦੀ ਪਛਾਣ ਨੂੰ ਵੱਖਰੀ ਵਿਖਾ ਕੇ ਪੇਸ਼ ਕਰਦਾ ਹੈ ਜਿਸ ਤਰ੍ਹਾਂ ਦੀ ਸਮਾਜ ਮੰਗ ਕਰਦਾ ਹੈ।

> ਇਸ ਨਾਵਲ ਦੇ ਸ਼ੁਰੂਆਤ ਵਿਚ ਹੀ ਇਸ ਨਾਵਲ ਵਿਚਲਾ ਸੱਚ ਸਾਹਮਣੇ ਪੇਸ਼ ਆਉਂਦਾ ਹੈ। ਬਹੁਤ ਸਾਰੇ ਲੋਕਾਂ ਦੀਆਂ ਨੀਲੀਆਂ ਪੱਗਾਂ ਦਾ ਰੰਗ ਬਦਲ ਕੇ ਚਿੱਟਾ ਹੋ ਗਿਆ ਸੀ 'ਤੇ ਹੁਣ ਸੁਹ ਵੱਖਰੀ ਪਛਾਣ ਵਾਲੇ ਹੋ ਗਏ ਸਨ। ਕਈਆ ਨੇ ਨੀਲੀ ਪੱਗ ਨੂੰ ਸਿਰੜ ਨਾਲ ਬੰਨ੍ਹੀ ਰੱਖਿਆ ਸੀ। ਉਹ ਖ਼ੁਦ ਨੂੰ ਪੱਗ ਦੀ ਹੋਂਦ ਤੋਂ ਅਲੱਗ ਨਹੀਂ ਸੋਚਦੇ, ਉਨ੍ਹਾਂ ਦੀ ਪਛਾਣ ਵੀ ਬਦਲ ਗਈ ਸੀ, ਕਿਉਂਕਿ ਦਫ਼ਤਰ ਤੇ ਕਈ ਸਰਕਾਰੀ ਅਦਾਰਿਆਂ ਵਿਚ ਅਜਿਹੇ ਸਿਰੜੀ ਬੰਦਿਆਂ ਨੂੰ ਪਛਾਣਿਆ ਨਹੀਂ ਸੀ ਜਾ ਰਿਹਾ।"[3]

ਸ਼ੁਰੂ ਤੋਂ ਹੀ ਸਾਡੇ ਸਮਾਜ ਵਿਚ ਪਛਾਣਾਂ ਦਾ ਮੁੱਦਾ ਅਹਿਮ ਰਿਹਾ ਹੈ। ਮਨੁੱਖ ਆਪਣੇ ਅਸਤਿਤਵ ਨੂੰ ਬਣਾਈ ਰੱਖਣ ਲਈ ਆਪਣੇ ਕਿਰਦਾਰ ਬਦਲਦਾ ਰਹਿੰਦਾ ਹੈ ਇਸ ਨਾਵਲ ਵਿਚ ਵੀ ਇਸ ਮੁੱਦੇ ਨੂੰ ਪੇਸ਼ ਕੀਤਾ ਗਿਆ ਹੈ। ਮਨੁੱਖ ਇੱਕ ਸਮਾਜਿਕ ਜੀਵ ਹੈ ਸਮਾਜ ਵਿਚ ਵਿਚਰਦੇ ਹੋਏ ਉਹ ਆਪਣੀ ਪਛਾਣ ਦੇ ਗੁਆਚ ਜਾਣ ਅਤੇ ਦਬਾਅ ਦੇ ਡਰ ਤੋ ਆਪਣੀ ਮੂਲ ਪਛਾਣ ਨੂੰ ਛੁਪਾਉਂਦਾ ਰਹਿੰਦਾ ਹੈ ਜੋ ਅਸਤਿਤਵ ਸੰਕਟ ਦੀ ਅਹਿਮ ਕੜੀ ਹੈ।

ਮਨੁੱਖ ਦੇ ਮਨ ਅੰਦਰ ਪਛਾਣ ਨੂੰ ਬਣਾਈ ਰੱਖਣ ਲਈ ਹਰ ਵਕਤ ਕੁੱਝ ਨਾ ਕੁੱਝ ਸੋਚ ਵਿਚਾਰ ਕਰਦਾ ਰਹਿੰਦਾ ਹੈ ਜੋ ਉਸ ਦੇ ਮਨ ਨੂੰ ਟਿਕਾਓ ਦੀ ਸਥਿਤੀ ਵਿਚ ਨਹੀਂ ਆਉਣ ਦਿੰਦੇ ਜਿਸ ਕਾਰਨ ਮਨੁੱਖ ਅੰਦਰ ਉਤੇਜਨਾ ਪੈਦਾ ਹੁੰਦੀ ਰਹਿੰਦੀ ਹੈ ਅਤੇ ਉਹ ਮਾਨਸਿਕ ਸਥਿਤੀ ਤੋਂ ਆਪਣੇ ਆਪ ਨੂੰ ਬੱਝਿਆ ਮਹਿਸੂਸ ਕਰਦਾ ਹੈ ਜੋ ਅਸਤਿਤਵ ਸੰਕਟ ਉਪਜਣ ਦਾ ਕਾਰਨ ਬਣਦਾ ਹੈ।

ਸਰਕਾਰ ਸਾਡੇ ਸਮਾਜ ਦਾ ਪ੍ਰਮੁੱਖ ਅੰਗ ਹੈ। ਪਰ ਕਈ ਵਾਰ ਸਮੇਂ ਦੀਆਂ ਸਰਕਾਰ ਮਨੁੱਖ ਦੇ ਅਸਤਿਤਵ ਨੂੰ ਝੰਜੋੜ ਕੇ ਰੱਖ ਦਿੰਦੀਆਂ ਹਨ ਜਿਸ ਦੇ ਨਤੀਜੇ ਵਜੋਂ ਮਨੁੱਖ ਸਮਾਜ ਅੰਦਰ ਰਹਿੰਦਾ ਹੋਇਆ ਸਰਕਾਰ ਦੀਆਂ ਕੱਟੜ-ਪੁਣੇ ਦੀਆਂ ਵਗਾਰਾਂ ਤੋਂ ਬਚ ਨਹੀਂ ਸਕਦਾ। ਇਹੋ ਜਿਹਾ ਹਾਲ ਨਾਵਲ "ਪਛਾਣ ਬਦਲ ਗਈ" ਵਿਚ ਡਾ. ਪਰਮਜੀਤ ਸਿੰਘ ਜੱਜ ਵੱਲੋਂ ਵੀ ਪੇਸ਼ ਕੀਤਾ ਗਿਆ ਹੈ। ਜਿਵੇਂ:-

> ਜਦੋਂ ਹਰਦਿਆਲ ਨੇ ਪਿੰਡ ਛੱਡਿਆ ਸੀ ਤਾਂ ਇੱਕ ਹੋਰ ਪਛਾਣ ਵੀ ਲੋਕਾਂ ਦੀ ਦੁਸ਼ਮਣ ਬਣ ਗਈ ਸੀ। ਉਹ ਪਛਾਣ ਸ਼ਾਦੀਸ਼ੁਦਾ ਮਰਦ ਦੀ ਸੀ। ਇੱਕ-ਦੋ ਬੱਚਿਆਂ ਦੇ ਬਾਪ ਦੀ ਪਛਾਣ ਲਈ ਸਰਕਾਰੀ ਅਦਾਰਾ ਹਰਕਤ ਵਿਚ ਆ ਗਿਆ ਸੀ। ਪੁਲਸ ਜਾਂ ਡਾ. ਅਜਿਹੇ ਬੰਦਿਆਂ ਦੀ ਨਸਬੰਦੀ ਕਰਨ ਲਈ ਪੂਰੇ ਪ੍ਰਯਤਨਸ਼ੀਲ ਸਨ। ਲੋਕ ਆਪਣੀ ਬਾਪ ਜਾਂ ਮਰਦ ਦੀ ਪਛਾਣ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਸਨ। [4]

ਸਰਕਾਰੀ ਅਦਾਰਿਆਂ ਅਤੇ ਪੁਲਸ ਦੇ ਨਸਬੰਦੀ ਲਈ ਹਰਕਤ ਵਿਚ ਆਉਣ ਨਾਲ ਐਮਰਜੈਂਸੀ ਵਰਗੇ ਸਮੇਂ ਵਿਚ ਆਪਣੀ ਮਰਦ ਅਤੇ ਬਾਪ ਦੀ ਪਛਾਣ ਨੂੰ ਲੁਕਾਉਣ ਲਈ ਮਜਬੂਰ ਹੋਏ ਸੀ। ਆਪਣੀ ਉਹ ਪਛਾਣ ਜੋ ਮਨੁੱਖ ਜਨਮ ਤੋਂ ਪਹਿਲਾਂ ਪ੍ਰਾਪਤ ਹੁੰਦੀ ਹੈ ਜਾਂ ਇੰਝ ਕਹਿ ਲਵੋ ਸਾਰ ਤੋਂ ਵੀ ਪਹਿਲਾਂ ਪ੍ਰਾਪਤ ਹੋਈ ਪਛਾਣ ਨੂੰ ਬਣਾਈ ਰੱਖਣ ਦੀ ਇਸ ਸਥਿਤੀ ਵਿਚ ਮਨੁੱਖ ਅੰਦਰ ਇਸ ਤਰ੍ਹਾਂ ਦੇ ਕਾਨੂੰਨ ਵੱਲੋਂ ਅਪਣਾਏ ਗਏ ਹੱਥ ਕੰਢੇ ਨਾ ਝੱਲਣ ਦੀ ਸ਼ਕਤੀ ਪੈਦਾ ਹੁੰਦੀ ਹੈ ਜੋ ਮਨੁੱਖ ਅੰਦਰ ਨਿਰਾਸ਼ਾ ਪੈਦਾ ਕਰਦੀ ਹੈ। ਇਸ ਕਾਰਨ ਅਸਤਿਤਵ ਸੰਕਟ ਉਪਜਦਾ ਹੈ।

ਅਸਤਿਤਵ ਅਧੀਨ ਆਉਂਦੇ ਮਨ ਦੇ ਡਰ ਦੇ ਅਵਚੇਤਨ ਨੂੰ ਜਦੋਂ ਕੋਈ ਵੀ ਵਿਅਕਤੀ ਪਾਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਬਹੁਤੀਆਂ ਜਗਾਵਾਂ ਤੇ ਉਸ ਨੂੰ ਆਪਣੀ ਪਛਾਣ ਦੇ ਵਰਤਾਓ ਨੂੰ ਬਦਲਣਾ ਪੈਂਦਾ ਹੈ। ਹਰ ਸਥਾਨ ਹਰ ਸਮਾਂ ਮਨੁੱਖ ਤੋਂ ਇੱਕ ਨਵੀਂ ਪਛਾਣ ਅਤੇ ਨਵੇਂ ਪਛਾਣ ਦੇ ਚਿੰਨ੍ਹਾਂ ਦੀ ਮੰਗ ਕਰਦਾ ਹੈ।ਪੱਛਮੀ ਚਿੰਤਕਾਂ ਅਨੁਸਾਰ ਵੀ ਅਸਤਿਤਵ ਸੰਕਟ ਮਨੁੱਖ ਦੇ ਮਨ ਦੇ ਅੰਦਰ ਦਾ ਡਰ ਹੈ ਜਿਸ ਨਾਲ ਉਹ ਹਰ ਸਮੇਂ ਭੈਅ ਵਿੱਤ ਹੋਇਆ ਰਹਿੰਦਾ ਹੈ। ਇਸ ਸਮਾਜ ਅੰਦਰ ਵਿਚਰਦੇ ਹੋਏ ਸਾਡੇ ਮਨ ਵਿਚ ਇਹੋ ਡਰ ਰਹਿੰਦਾ ਹੈ ਕਿ ਕੀਤੇ ਉਹ ਸਮਾਜ ਤੋਂ ਪਿੱਛੇ ਨਾ ਰਹਿ ਜਾਵੇ ਜਾਂ ਉਸ ਦੇ ਅਸਤਿਤਵ ਨੂੰ ਦਬਾ ਕੇ ਉਸ ਨੂੰ ਨਕਾਰਾ ਨਾ ਬਣਾ ਦਿੱਤਾ ਜਾਵੇ। ਇਸ ਡਰ ਤੋਂ ਬਚਣ ਲਈ ਮਨੁੱਖ ਕਈ ਵਾਰ ਆਪਣੀ ਪਛਾਣ ਨੂੰ ਪ੍ਰਸਥਿਤੀਆਂ ਦੇ ਪ੍ਰਭਾਵ ਨਾਲ ਬਦਲ ਲੈਂਦਾ ਹੈ। ਇਸ ਨਾਵਲ ਵਿਚ ਵੀ ਬਹੁਤੇ ਪਾਤਰ ਆਪਣੀ ਅਸਲ ਪਛਾਣ ਤੋਂ ਵੱਖ ਹੋ ਕੇ ਇੱਕ ਨਵੀਂ ਪਛਾਣ ਨੂੰ ਬਣਾਉਂਦੇ ਹਨ।ਜਿਵੇਂ ਇਸ ਨਾਵਲ ਵਿਚ ਪੇਸ਼ ਉਦਾਹਰਨ ਹੈ:-

> ਹਰ ਕੋਈ ਆਪਣੀ ਪਛਾਣ ਤੋਂ ਡਰ ਰਿਹਾ ਸੀ ਪਰ ਕੋਈ ਸੀ ਜੋ ਬਦਲੇ ਹੋਏ ਸਮੇਂ ਵਿਚ ਨਵੀਂ ਪਛਾਣ ਨੂੰ ਲੈ ਕੇ ਕਈ ਥਾਵਾਂ ਤੇ ਆਪਣੀ ਪਛਾਣ ਦੀ ਪਹਿਚਾਣ ਦੇ ਚਿੰਨ੍ਹ ਬਣਾ ਰਿਹਾ ਸੀ।[5]

ਸਰਕਾਰ ਅਤੇ ਸਮੇਂ ਦੇ ਭੈੜੇ ਵਰਤਾਰੇ ਕਾਰਨ ਮਨੁੱਖ ਸਮੇਂ ਅਨੁਸਾਰ ਆਪਣੀ ਪਛਾਣ ਨੂੰ ਬਦਲ ਕੇ ਅੱਗੇ ਜਾਂਦਾ ਹੈ। ਕੁੱਝ ਕੁ ਇਨਸਾਨ ਆਪਣੀ ਪਛਾਣ ਗੁਆਚ ਜਾਣ ਦੇ ਡਰ ਤੋਂ ਅੰਦਰ ਹੀ ਅੰਦਰ ਘੁੱਟਣਾ ਸ਼ੁਰੂ ਹੋ ਜਾਂਦੇ ਹਨ ਜੋ ਕਿ ਅਸਤਿਤਵ ਸੰਕਟ ਦੀ ਨਿਸ਼ਾਨੀ ਹੈ।ਇਸ ਨਾਵਲ ਵਿਚ ਵਿਚਰ ਰਿਹਾ ਹਰ ਵਿਅਕਤੀ ਜਾਂ ਪਾਤਰ ਆਪਣੀ ਪਛਾਣ ਖੁੱਸਣ ਦੇ ਡਰ ਤੋਂ ਕਈ ਹੋਰ ਨਵੀਆਂ ਪਛਾਣਾਂ ਨਾਲ ਜੀਵਨ ਲੰਘਾਉਂਦੇ ਆ।

ਇੱਕ ਥਾਂ ਤੋਂ ਦੂਸਰੀ ਜਗ੍ਹਾ ਜਾ ਕੇ ਰਹਿਣਾ, ਉੱਥੋਂ ਦੇ ਮਹੌਲ ਵਿਚ ਉੱਠਣਾ ਬੈਠਣਾ ਥੋੜ੍ਹਾ ਔਖਾ ਜ਼ਰੂਰ ਲਗਦਾ ਹੈ ਕਿਉਂਕਿ ਇਸ ਤਰਾਂ ਦੀਆਂ ਸਥਿਤੀਆਂ ਅਸਤਿਤਵ ਨੂੰ ਵੱਧ ਪ੍ਰਭਾਵਿਤ ਕਰਦੀਆਂ ਹਨ। ਕਈ ਵਾਰ ਮਨੁੱਖ ਆਪਣੇ ਆਪ ਨੂੰ ਨਵੀਂ ਜਗ੍ਹਾ ਤੇ ਢਾਲਣ ਲਈ ਬਹੁਤਾ ਸਮਾਂ ਲੈਂਦਾ ਹੈ ਅਜਿਹੀ ਸਥਿਤੀ ਬਹੁਤੀ ਵਾਰ ਇੱਕ ਕੈਦ ਤੋਂ ਵੱਧ ਕੇ ਹੋਰ ਕੁੱਝ ਨਹੀਂ ਜਾਪਦੀ। ਇਸ ਤਰ੍ਹਾਂ ਦੀ ਸਥਿਤੀ ਵਿਚ ਆਪਣੀ ਇੱਕ ਵੱਖਰੀ ਪਛਾਣ ਬਣਾ ਕੇ ਰੱਖਣਾ ਵੀ ਬਹੁਤ ਵਿਰੋਧਾਭਾਸ ਵਾਲੀ ਚੇਤਨਾ ਨੂੰ ਜਗਾਉਂਦੀ ਹੈ।ਜਿਵੇਂ ਇਸ ਨਾਵਲ ਵਿਚ ਵਿਚਰਦਾ ਮੁੱਖ ਪਾਤਰ ਯੂਨੀਵਰਸਿਟੀ ਦੀਆਂ ਰੋਜ਼ਾਨਾ ਵਰਤਾਓ ਵਾਲੀਆ ਸਥਿਤੀਆਂ ਨੂੰ ਸਮਝਣ ਵਿਚ ਔਕੜ ਮਹਿਸੂਸ ਕਰਦਾ ਹੈ ਉਸ ਨੂੰ ਆਪਣਾ ਅਸਤਿਤਵ ਸੰਕਟ ਵਿਚ ਜਾ ਰਿਹਾ ਮਹਿਸੂਸ ਆਉਂਦਾ ਹੈ ਜਿਸ ਲਈ ਇਹ ਜਾਲ ਉਸ ਲਈ ਕੈਦ ਵਾਂਗ ਹੈ।ਜਿਵੇਂ:-

> ਹਰਦਿਆਲ ਇੱਕ ਨਵੇਂ ਥਾਂ ਜਾ ਕੇ ਆਪਣੀ ਪੁਰਾਣੀ ਪਛਾਣ ਨੂੰ ਛੁਪਾਉਂਦਾ ਹੋਇਆ ਨਵੀਂ ਪਛਾਣ ਦੀ ਨਿਸ਼ਾਨ ਦੇਹੀ ਕਰ ਰਿਹਾ ਸੀ।ਨਵੀਂ ਜਗ੍ਹਾ, ਨਵੀਂ ਪਛਾਣ ਤੇ ਵੱਖਰੇ ਢੰਗ ਨਾਲ ਆਪਣੇ ਸੰਸਾਰ ਵਿਚ ਰੁੱਝੇ ਹੋਏ ਲੋਕ ਉਸ ਦੀ ਯੂਨੀਵਰਸਿਟੀ ਦੀ ਚਾਰ ਦੀਵਾਰੀ ਅੰਦਰ ਸੀ।ਇਸ ਦੁਨੀਆ ਦੀ ਵੱਖਰੀ ਪਛਾਣ ਸੀ। ਕਦੀ ਇਹ ਕੈਦ ਲਗਦੀ ਸੀ ਤੇ ਕਦੀ ਇਹ ਗਿਆਨਹੀਣਤਾ ਵਿਚਕਾਰ ਫ਼ਰਕ ਨੂੰ ਉਭਾਰਦੀ ਸੀ।[6]

ਇਸ ਨਾਵਲ ਦਾ ਮੁੱਖ ਪਾਤਰ ਹਰਦਿਆਲ ਕਾਲਜ ਦੇ ਮਾਹੌਲ ਅਨੁਸਾਰ ਆਪਣੇ ਆਪ ਨੂੰ ਢਾਲਣ ਦੇ ਨਾਲ-ਨਾਲ ਇੱਕ ਘੁੱਟਣ ਕੈਦ ਮਹਿਸੂਸ ਕਰਦਾ ਹੈ ਜਿਸ ਕਾਰਨ ਕੀਤੇ ਨਾ ਕੀਤੇ ਉਸ ਨੂੰ ਆਪਣਾ ਅਸਤਿਤਵ ਖ਼ਤਰੇ 'ਚ ਲੱਗਦਾ ਹੈ। ਆਪਣੇ ਆਲ਼ੇ ਦੁਆਲੇ ਵਿਚ ਜਿਸ ਵਿਚ ਮਨੁੱਖ ਵਿਚਰਦਾ ਹੈ ਜਦੋਂ ਉਸ ਵਿਚ ਮਨੁੱਖ ਘੁੱਟਣ ਮਹਿਸੂਸ ਕਰਦਾ ਹੈ ਤਾਂ ਉਹ ਵਾਤਾਵਰਨ ਸਾਨੂੰ ਇੱਕ ਕੈਦ ਤੋਂ ਵੱਧ ਕੇ ਹੋਰ ਕੁੱਝ ਨਹੀਂ ਜਾਪਦਾ। ਇਹ ਅਸਤਿਤਵ ਸੰਕਟ ਪੈਦਾ ਹੋਣ ਦਾ ਸਭ ਤੋਂ ਵੱਡਾ ਕਾਰਨ ਹੈ।

ਅੱਜ ਦੇ ਸਮੇਂ ਵਿਚ ਜੇਕਰ ਦੇਖਿਆ ਜਾਵੇ ਤਾਂ ਹਰ ਮਨੁੱਖ ਹਰ ਸਮੇਂ ਇੱਕ ਵੱਖਰੀ ਪਛਾਣ ਉਜਾਗਰ ਕਰਦਾ ਨਜ਼ਰ ਆਉਂਦਾ ਹੈ। ਇਸ ਦਾ ਮੁੱਖ ਕਾਰਨ ਸਮੇਂ ਅਨੁਸਾਰ ਤੇ ਲੋੜ ਅਨੁਸਾਰ ਮਨੁੱਖ ਆਪਣੀ ਉਸ ਪਛਾਣ ਨੂੰ ਹੀ ਪੇਸ਼ ਕਰਦੇ ਹਾਂ ਜਿਸ ਵਿਚ ਉਸ ਦਾ ਅਸਤਿਤਵ ਸਮਾਜ ਵਿਚ ਬਣਿਆ ਰਹੇ। ਵਕਤ ਦੇ ਅਨੁਸਾਰ ਹੀ ਆਪਣੇ ਆਪ ਨੂੰ ਢਾਲ ਲੈਣਾ ਇੱਕ ਅਸਲ ਸੱਚ ਹੈ। ਪਰ ਬਹੁਤੀ ਵਾਰ ਅਜਿਹਾ ਕਾਰਜ ਮਨੁੱਖ ਦੇ ਅਸਲ ਅਸਤਿਤਵ ਨੂੰ ਸੰਕਟ ਵਿਚ ਖੜ੍ਹਾ ਕਰਦਾ ਹੈ। ਇਸ ਘਟਣਾ ਦਾ ਸਿੱਧਾ ਸਬੰਧ ਨਾਵਲ ਵਿਚ ਪੇਸ਼ ਵਾਰਤਾਲਾਪ ਵਜੋਂ ਹੇਠ ਦਿੱਤੇ ਅਨੁਸਾਰ ਹੈ।

> ਪਰ ਮੈਂ ਤੈਨੂੰ ਕਿਹਾ ਸੀ ਨਾ ਪਛਾਣ ਦਾ ਮਸਲਾ ਸਾਧਾਰਣ ਨਹੀਂ ਏ। ਪਛਾਣ ਨਹੀਂ ਦਿਖਾਉਣ ਦਾ ਮਤਲਬ ਇਹ ਨਹੀਂ ਹੁੰਦਾ ਕਿ ਆਦਮੀ ਨੇ ਆਪਣੀ ਪਛਾਣ ਛੁਪਾ ਲਈ ਜਾਂ ਬਦਲ ਲਈ। ਇਹ ਦਾ ਮਤਲਬ ਇਹ ਹੀ ਹੁੰਦਾ ਏ ਕਿ ਕਿਉਂਕਿ ਬੰਦੇ ਦੀਆਂ ਕਈ ਪਛਾਣਾਂ ਹੁੰਦੀਆ ਹਨ। ਉਹ ਵਕਤ ਅਨੁਸਾਰ ਖ਼ਾਸ ਪਛਾਣਾਂ ਨੂੰ ਜ਼ਿਆਦਾ ਸਪੱਸ਼ਟ ਕਰ ਦਿੰਦਾ ਹੈ।[7]

ਮਨੁੱਖ ਦੀਆ ਕਈ ਪਛਾਣਾਂ ਹਨ ਉਹ ਸਥਿਤੀ ਅਨੁਸਾਰ ਹੀ ਆਪਣੀ ਇੱਕ ਦਿਖਾਈ ਜਾਣ ਵਾਲੀ ਪਛਾਣ ਨੂੰ ਵੱਧ ਉਜਾਗਰ ਕਰਦਾ ਹੈ ਕਿਉਂਕਿ ਬਾਕੀ ਪਛਾਣਾਂ ਕੁੱਝ ਸਮੇਂ ਲਈ ਇੱਕ ਹਨੇਰੇ 'ਚ ਰਹਿਦੀਆ ਹਨ ਜੋ ਮਨੁੱਖ ਦੇ ਸੰਪੂਰਨ ਪਛਾਣ ਨੂੰ ਰੋਕਦੀ ਹੈ ਜੋ ਅਸਤਿਤਵ ਸੰਕਟ ਨੂੰ ਪੇਸ਼ ਕਰਦੀ ਹੈ।

ਇਸ ਨਾਵਲ ਵਿਚ ਬਹੁਤ ਸਾਰੇ ਪਾਤਰ ਹਨ ਜਿਨ੍ਹਾਂ ਦੀਆ ਬਹੁਤ ਸਾਰੀਆਂ ਪਛਾਣਾਂ ਬਣ ਗਈਆਂ ਹਨ। ਉਹ ਆਪਣੀ ਅਸਲ ਪਛਾਣ ਨੂੰ ਛੁਪਾ ਕੇ ਸਮੇਂ ਦੇ ਫੇਰ ਅਨੁਸਾਰ ਵੱਖਰੀ-ਵੱਖਰੀ ਪਛਾਣ ਪੇਸ਼ ਕਰਦੇ ਹਨ।ਕਈ ਵਾਰ ਅਸਲੋਂ ਪਰੇ ਪੇਸ਼ ਕੀਤੀ ਪਛਾਣ ਮਨੁੱਖ ਲਈ ਸੰਕਟ ਪੈਦਾ ਕਰ ਦਿੰਦੀ ਹੈ ਜੋ ਮਨੁੱਖ ਦੇ ਸੰਪੂਰਨ ਅਸਤਿਤਵ ਸੰਕਟ ਦੇ ਘੇਰੇ ਵਿਚ ਸੁੱਟ ਦਿੰਦੀ ਹੈ।

ਅੱਜ ਦੀ ਰਾਜਨੀਤੀ, ਰਾਜਨੀਤੀ ਘੱਟ ਤੇ ਇੱਕ ਖਿੱਚੋ ਧੂਈ ਦਾ ਕੰਮ ਵੱਧ ਕਰਦੀ ਹੈ। ਜਿਸ ਕਾਰਨ ਰਾਜਨੀਤੀ ਦੇ ਸਿਰ ਤੋਂ ਖਾਣ ਵਾਲਾ ਹਰ ਵਿਅਕਤੀ ਸਰਕਾਰ ਦੇ ਬਦਲਣ ਨਾਲ ਆਪਣੀ ਸਥਿਤੀ ਵੀ ਬਦਲ ਲੈਂਦਾ ਜਿਸ ਕਾਰਨ ਸਮਾਜ ਦੀਆਂ ਨਜ਼ਰਾਂ ਵਿਚ ਉਸ ਵਿਅਕਤੀ ਦਾ ਮਾੜਾ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਮੌਕਾਪ੍ਰਸਤੀ ਵਿਅਕਤੀ ਆਪਣੇ ਅਸਤਿਤਵ ਨੂੰ ਸੰਕਟ ਵਿਚ ਆਪ ਪਾਉਂਦੇ ਹਨ। ਇਹੋ ਜਿਹੇ ਵਿਅਕਤੀਆਂ ਦੀ ਸਮਾਜ ਵਿਚ ਦਸ਼ਾ ਤੇ ਦਿਸ਼ਾ ਦੋਵੇਂ ਸ਼ੱਕ ਦੇ ਘੇਰੇ 'ਚ ਆਉਂਦੇ ਹਨ। ਜਿਵੇਂ ਨਾਵਲ ਵਿਚ ਪੇਸ਼ ਕੀਤਾ ਜ਼ੋਰਾਵਰ ਦਾ ਕਿਰਦਾਰ ਹੈ।

> ਹਰਦਿਆਲ ਨੇ ਵਿਸ਼ਵਾਨਾਥ ਨੂੰ ਪੁੱਛਿਆ
>
> ਤੂੰ ਨੀ ਜਾਣ ਦਾ ਇਹਨੂੰ ?
>
> ਨਾਂ।
>
> ਇਹ ਗਾਮੇ ਦਾ ਬਾਪੂ ਜ਼ੋਰਾਵਰ ਸਿੰਘ ਵਕੀਲਾ ਵਿਸ਼ਵਾਨਾਥ ਨੇ ਦੱਸਿਆ ਤਾਂ ਹਰਦਿਆਲ ਹੈਰਾਨ ਜਿਹਾ ਹੋਇਆ।
>
> ਉਹ ਤਾਂ ਬਦਮਾਸ਼ ਕਿਸਮ ਦਾ ਮੁੰਡਾ ਆ ਇਹ ਕਿਹੜਾ ਰਾਜਾ ਹਰੀਸ਼ ਚੰਦਰ ਆ ਸਾਲਾ ਪੂਰਾ ਮੌਕਾਪ੍ਰਸਤ ਏ ਦੇਖ ਲਈ ਇਲੈਕਸ਼ਨਾਂ ਤੋਂ ਬਾਅਦ ਜਿਹੜੀ ਵੀ ਪਾਰਟੀ ਜਿੱਤੀ ਇਹ ਉਹਦੇ ਨਾਲ ਹੋਏਗਾ[8]

ਇਸ ਸਮਾਜ ਅੰਦਰ ਬਹੁਤ ਸਾਰੇ ਰਾਜਸੀ ਅਤੇ ਗ਼ੈਰ-ਰਾਜਸੀ ਇਨਸਾਨ ਹੁੰਦੇ ਹਨ ਜੋ ਰਾਜਨੀਤੀ ਦੇ ਪ੍ਰਭਾਵ ਅਧੀਨ ਜਿਉਂਦੇ ਹਨ। ਇਸ ਨਾਵਲ ਵਿਚ ਪੇਸ਼ ਕੀਤੇ ਜ਼ੋਰਾਵਰ ਸਿੰਘ ਦੀ ਤਰ੍ਹਾਂ ਜੋ ਸੱਤਾ ਵਿਚ ਆਉਂਦੀ ਸਰਕਾਰ ਦੇ ਫੇਰ ਬਦਲ ਨਾਲ ਆਪਣੇ ਅਸਲ ਅਸਤਿਤਵ ਨੂੰ ਸੰਕਟ ਦੇ ਘੇਰੇ ਵਿਚ ਪਾ ਲੈਂਦੇ ਹਨ। ਅਜਿਹੇ ਲੋਕ ਮੌਕਾਪ੍ਰਸਤ ਹੁੰਦੇ ਹਨ ਜਿਨ੍ਹਾਂ ਨੂੰ ਸਮਾਜ ਬਹੁਤੇ ਵਧੀਆ ਇਨਸਾਨ ਨਹੀਂ ਮੰਨਦਾ।

ਸ਼ਹਿਰ ਵਿਚ ਰਹਿੰਦਿਆਂ ਪੇਂਡੂ ਸੁਭਾਅ ਅਤੇ ਧੂੜ ਮਿੱਟੀ ਸ਼ਹਿਰ ਤੇ ਪਿੰਡ ਵਿਚਕਾਰ ਫ਼ਰਕ ਨੂੰ ਲੰਮੇ ਅਰਸੇ ਤੋਂ ਇੰਝ ਹੀ ਨਾਪਿਆ ਜਾ ਰਿਹਾ ਹੈ। ਜਦੋਂ ਕੋਈ ਮਨੁੱਖ ਆਪਣੀ ਜਨਮ-ਭੂਮੀ ਜਾਂ ਉਸ ਥਾਂ ਜਿੱਥੇ ਉਸ ਨੇ ਆਪਣਾ ਬਚਪਨ ਬਤੀਤ ਕੀਤਾ ਹੋਵੇ ਭਾਵੇਂ ਉਹ ਪੇਂਡੂ ਖੇਤਰ ਹੀ ਹੋਵੇ, ਉਸ ਵਿਚ ਬਚਪਨ ਅਤੇ ਜਵਾਨੀ ਮਾਣੀ ਹੋਵੇ ਪਰ ਜਦੋਂ ਉਹ ਉਸ ਥਾਂ ਨੂੰ ਛੱਡ ਸ਼ਹਿਰ ਵਿਚ ਕੁੱਝ ਹੀ ਸਮਾਂ ਬਿਤਾਉਂਦੇ ਹੈ ਤਾਂ ਉਹ ਥਾਂ ਉਸ ਮਨੁੱਖ ਨੂੰ ਇੱਕ ਬੋਰੀਅਤ ਜਗ੍ਹਾ ਤੋਂ ਵੱਧ ਹੋਰ ਕੁੱਝ ਨਹੀਂ ਜਾਪਦੀ। ਉਸ ਨੂੰ ਆਪਣਾ ਉਸ ਥਾਂ ਤੇ ਰਹਿਣਾ ਇਸ ਲਈ ਜ਼ਿਆਦਾ ਬੋਰੀਅਤ ਲੱਗਦਾ ਹੈ ਕਿਉਂਕਿ ਉਸ ਨੂੰ ਲੱਗਦਾ ਹੈ ਜੇਕਰ ਮੈਂ ਇਸ ਥਾਂ ਰਿਹਾ ਤਾਂ ਬੱਸ ਇੱਥੋਂ ਜੋਗਾ ਹੀ ਰਹਿ ਜਾਵਾਂਗਾ ਜਿਸ ਕਾਰਨ ਮੈਂ ਆਪਣੇ ਨਾਲ ਵਾਲੇ ਸਾਥੀਆਂ ਦੇ ਮੁਕਾਬਲੇ ਜ਼ਿੰਦਗੀ ਵਿਚ ਪਿੱਛੇ ਰਹਿ ਜਾਵਾਂਗਾ। ਆਪਣੇ ਆਪੇ ਨੂੰ ਦੂਸਰੇ ਸਾਹਮਣੇ ਬਰਾਬਰ ਜਾਂ ਉਨ੍ਹਾਂ ਤੋਂ ਅੱਗੇ ਨਿਕਲਣ ਦੀ ਇਹ ਚਾਹਤ ਦੀ ਅਜਿਹੀ ਸਥਿਤੀ ਵਿਚੋਂ ਅਸਤਿਤਵ ਸੰਕਟ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ ਕਿਉਂਕਿ ਮਨੁੱਖ ਨੂੰ ਇਹ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਉਸ ਦੀ ਅਸਲ ਪਛਾਣ ਇੱਕ ਪੇਂਡੂ ਜਾਂ ਇੱਕ ਖ਼ਾਸ ਥਾਂ ਦੇ ਵਸਨੀਕ ਹੋਣ ਦੀ ਥਾਂ ਅੱਜ ਇੱਕ ਆਮ ਸਧਾਰਨ ਵਿਅਕਤੀ ਦੇ ਰੂਪ ਵਿਚ ਹੀ ਰਹਿ ਗਈ ਹੈ।ਇਸ ਨਾਵਲ ਦਾ ਪਾਤਰ ਹਰਦਿਆਲ ਵੀ ਕੁੱਝ ਇਸ ਤਰ੍ਹਾਂ ਦੀ ਸਥਿਤੀ ਵਿਚੋਂ ਲੰਘਦਾ ਹੈ ਜਿਵੇਂ:

> ਇਮਤਿਹਾਨ ਖ਼ਤਮ ਹੋਣ ਤੋਂ ਅਗਲੇ ਦਿਨ ਹਰਦਿਆਲ ਆਪਣੇ ਪਿੰਡ ਚਲਾ ਗਿਆ ਸੀ। ਪਰ ਪੰਜ ਛੇ ਦਿਨਾਂ ਵਿਚ ਹੀ ਉਹ ਬੋਰ ਹੋਣਾ ਸ਼ੁਰੂ ਹੋ ਗਿਆ ਸੀ।ਕਣਕਾਂ ਦੀ ਵਾਢੀ ਖ਼ਤਮ ਹੋਣ ਵਾਲੀ ਸੀ ਤੇ ਨਾਲ-ਨਾਲ ਥਰੈਸ਼ਰ ਤੇ ਕਣਕ ਕੱਢਣ ਦਾ ਕੰਮ ਵੀ ਨਾਲ-ਨਾਲ ਚਲ ਰਿਹਾ ਸੀ। ਧੂੜ ਹੀ ਧੂੜ ਬੋਰੀਅਤ ਦੇ ਨਾਲ-ਨਾਲ ਹਰਦਿਆਲ ਨੂੰ ਧੂੜ ਕਰ ਕੇ ਸਾਹ ਲੈਣਾ ਔਖਾ ਹੋ ਰਿਹਾ ਸੀ। ਹਫ਼ਤੇ ਬਾਅਦ ਹੀ ਉਹ ਭਾਈਏ ਤੇ ਬੀਬੀ ਨੂੰ ਮਨਾ ਕੇ ਅਗਲੇ ਸਾਲ ਦੀ ਤਿਆਰੀ ਦੀ ਗੱਲ ਕਰ ਕੇ ਪੈਸੇ ਲੈ ਕੇ ਵਾਪਸ ਯੂਨੀਵਰਸਿਟੀ ਆ ਗਿਆ ਸੀ।[9]

ਮਨੁੱਖ ਅਜਿਹਾ ਪ੍ਰਾਣੀ ਹੈ ਜਿਸ ਨੂੰ ਬਹੁਤ ਜ਼ਿਆਦਾ ਲਗਾਓ ਆਪਣੇ ਆਲੇ ਦੁਆਲੇ ਨਾਲ ਹੁੰਦਾ ਹੈ। ਕਈ ਵਾਰ ਉਹ ਅਜਿਹੀ ਧਰਤੀ ਦੀ ਭਾਲ ਕਰ ਲੈਂਦਾ ਹੈ ਜੋ ਉਸ ਨੂੰ ਪਹਿਲਾਂ ਦੀ ਧਰਤੀ ਅਤੇ ਵਾਤਾਵਰਨ ਨਾਲੋਂ ਨਿਖੇੜੂ ਕਰ ਬੈਠਦਾ ਹੈ।

ਜਿਸ ਕਾਰਨ ਅਕਸਰ ਮਨੁੱਖ ਆਪਣੇ ਬਹੁਤ ਸਾਰੇ ਰਿਸ਼ਤੇ ਪਿੱਛੇ ਛੱਡ ਕੇ ਨਵੀਆਂ ਸੁਗੰਧੀਆਂ ਮਾਣਦਾ ਹੈ। ਪਰ ਉਸ ਦਾ ਅਸਲ ਵਜੂਦ ਜੋ ਉਸ ਦੀ ਅਸਲ ਪਛਾਣ ਹੁੰਦਾ ਹੈ ਉਹ ਪਿੱਛੇ ਰਹਿ ਜਾਂਦਾ ਹੈ। ਇਸ ਵਰਤਾਓ ਦਾ ਮੁੱਖ ਕਾਰਨ ਅਸਤਿਤਵ ਸੰਕਟ ਬਣਦਾ ਹੈ।

ਧਰਮ ਅਤੇ ਰਾਜਨੀਤੀ ਇੱਕੋ ਸਿੱਕੇ ਦੇ ਦੋ ਪਹਿਲੂ ਹਨ ਜਿਨ੍ਹਾਂ ਨੂੰ ਵੱਖ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ। ਧਰਮ ਰਾਜਨੀਤੀ ਅਤੇ ਰਾਜਨੀਤੀ ਧਰਮ ਤੇ ਆਪਣਾ ਪੂਰਾ ਪ੍ਰਭਾਵ ਬਣਾ ਕੇ ਰੱਖਦੀ ਹੈ। ਇਹ ਦੋਵੇਂ ਹੀ ਮਨੁੱਖ ਦੀ ਮਾਨਸਿਕ ਅਤੇ ਵਿਅਕਤੀਗਤ ਸੁਭਾ ਉੱਤੇ ਅਸਰ ਪਾਉਂਦੀਆਂ ਹਨ। ਰਾਜਨੀਤੀ ਵਿਚ ਖੜਨ ਵਾਲੀ ਚਾਹੇ ਕੋਈ ਵੀ ਪਾਰਟੀ ਕਿਉਂ ਨਾ ਹੋਵੇ ਉਹ ਵੋਟਾਂ ਅਤੇ ਆਪਣੀ ਆਪਸੀ ਕੱਟੜ ਪੁਣੇ ਦੀ ਵਿਰੋਧਤਾ ਨੂੰ ਕੱਢਣ ਲਈ ਆਮ ਲੋਕਾਂ ਦਾ ਸਹਾਰਾ ਲੈਂਦੇ ਹਨ। ਪਹਿਲਾਂ ਪਿੰਡਾ ਦੇ ਆਮ ਲੋਕਾਂ ਨੂੰ ਧਰਮ ਨਾਲ ਜੋੜਿਆਂ ਜਾਂਦਾ ਹੈ। ਫਿਰ ਉਸ ਧਰਮ ਦੀ ਆੜ ਵਿਚ ਉਨ੍ਹਾਂ ਤੋਂ ਹੀ ਅਜਿਹੇ ਕਾਰਜ ਕਰਵਾਏ ਜਾਂਦੇ ਹਨ ਜੋ ਕਿ ਕਿਸੇ ਵੀ ਧਰਮ ਵਿਚ

ਜ਼ੁਲਮ ਤੋਂ ਜ਼ਿਆਦਾ ਕੁੱਝ ਨਹੀਂ ਹੈ। ਅਜਿਹੀ ਸਥਿਤੀ ਅਤੇ ਘਟਨਾਵਾਂ ਪੇਸ਼ ਕਰਦਾ ਇਹ ਨਾਵਲ ਵਿਚਲਾ ਕੇਂਦਰੀ ਬਿੰਦੂ ਹੈ। ਜਿਸ ਵਿਚ ਇੱਕ ਧਰਮ ਦੂਜੇ ਦੇ ਵਿਰੋਧ ਵਿਚ ਖੜਦਾ ਹੈ। ਜਿਵੇਂ ਇਸ ਪ੍ਰਕਾਰ ਨਾਵਲ ਵਿਚ ਦਰਸਾਇਆ ਗਿਆ ਹੈ।

> ਕੁੱਝ ਦਿਨਾ ਬਾਅਦ ਹਰਦਿਆਲ ਦਾ ਮਨ ਪਿੰਡ ਜਾ ਕੇ ਹਫ਼ਤਾ ਕੁ ਉੱਥੇ ਰਹਿਣ ਦਾ ਸੀ। ਪਿੰਡ ਪਹੁੰਚਿਆ ਹੀ ਉਸ ਨੂੰ ਬਦਲ ਰਹੀ ਹਵਾ ਦਾ ਅਹਿਸਾਸ ਹੋ ਗਿਆ। ਇਹ ਹਵਾ ਸਿਆਸੀ ਤਾਂ ਨਹੀਂ ਹੋ ਸਕਦੀ ਸੀ। ਜਨਤਾ ਪਾਰਟੀ ਨੇ ਸੱਤਾ 'ਚ ਆਉਂਦਿਆਂ ਹੀ ਉੱਤਰੀ ਭਾਰਤ ਦੇ ਕਈ ਪ੍ਰਾਂਤਾਂ ਦੀਆ ਰਾਜ ਸਰਕਾਰਾਂ ਭੰਗ ਕਰ ਕੇ ਦੁਆਰਾ ਚੋਣਾਂ ਵੀ ਕਰਵਾ ਲਈਆਂ ਸਨ। ਸ਼ਾਮ ਤੱਕ ਹਰਦਿਆਲ ਨੂੰ ਪਤਾ ਲੱਗ ਗਿਆ ਸੀ ਕਿ ਪਿੰਡ ਵਿਚ ਨਿਰੰਕਾਰੀਆਂ ਨੂੰ ਲੈ ਕੇ ਰੌਲਾ ਪਿਆ ਹੋਇਆ ਸੀ। ਇਸ ਤੋਂ ਵੀ ਦਿਲਚਸਪ ਗੱਲ ਇਹ ਸੀ ਕਿ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਪਿੰਡ ਆ ਰਹੇ ਸਨ ਤੇ ਉਹ ਨਿਰੰਕਾਰੀਆਂ ਦੇ ਖ਼ਿਲਾਫ਼ ਸਨ।[10]

ਰਾਜਨੀਤੀ, ਧਰਮ, ਅਤੇ ਪਾਰਟੀਆਂ ਅਜਿਹੀਆਂ ਪਛਾਣਾਂ ਹਨ ਜੋ ਪੂਰੇ ਮਨੁੱਖੀ ਜੀਵਨ ਵਿਚ ਅਹਿਮ ਰੋਲ ਨਿਭਾਉਂਦੀਆਂ ਹਨ। ਇਸ ਕਾਰਨ ਕਈ ਵਾਰ ਮਨੁੱਖ ਆਪਣੀ ਆਤਮਿਕ ਸ਼ਾਂਤੀ ਅਤੇ ਇੱਕ ਤਾਕਤਵਰ ਪਛਾਣ ਬਣਾਈ ਰੱਖਣ ਲਈ ਕਿਸੇ ਪਾਰਟੀ ਜਾਂ ਧਰਮ ਦੇ ਠੇਕੇਦਾਰਾ ਦਾ ਸਹਾਰਾ ਲੈਂਦਾ ਹੈ।

ਧਰਮ ਦੇ ਠੇਕੇਦਾਰ ਅਤੇ ਰਾਜਨੀਤੀ ਦੇ ਸਰਮਾਏਦਾਰ ਆਪਣੀ ਰੰਜਸ਼ ਨੂੰ ਪੂਰਾ ਕਰਨ ਲਈ ਆਮ ਪਿੰਡ ਦੇ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਆ। ਨਾਵਲ ਵਿਚ ਪੇਸ਼ ਕੀਤਾ ਦ੍ਰਿਸ਼ ਇਸੇ ਤਰ੍ਹਾਂ ਦੇ ਮੋੜ ਵਿਚੋਂ ਲੰਘਦਾ ਹੈ। ਇਸ ਕਾਰਨ ਪਿੰਡ ਵਾਲੇ ਅਨਪੜ੍ਹ ਅਤੇ ਕੁੱਝ ਪੜ੍ਹੇ ਲਿਖੇ ਲੋਕਾਂ ਦਾ ਅਸਤਿਤਵ ਸੰਕਟ ਵਿਚ ਪੈਂਦਾ ਹੈ।

ਪੂੰਜੀਵਾਦ ਸਮਾਜ ਪੱਛਮ ਦੀ ਦੇਣ ਹੈ। ਇਸ ਪੂੰਜੀਵਾਦ ਸਮਾਜ ਵਿਚ ਖਾਣ ਤੋਂ ਪਹਿਨਣ ਤੱਕ ਹਰ ਵਸਤੂ ਨੂੰ ਨਵੇਂ ਅਤੇ ਇੱਕ ਖ਼ਾਸ ਅੰਦਾਜ਼ ਵਿਚ ਕਰਨਾ ਅੱਜ ਦੇ ਸਮਾਜ ਦੀ ਮੰਗ ਹੈ। ਇਹੋ ਜਿਹੇ ਕਾਰਨਾਂ ਕਾਰਨ ਅੱਜ ਦਾ ਮਨੁੱਖ ਪੱਛਮ ਦੇ ਪ੍ਰਭਾਵਾਂ ਨਾਲ ਜੁੜਦਾ ਹੈ ਪਰ ਕੁੱਝ ਕੁ ਅਜਿਹੇ ਲੋਕ ਵੀ ਹੁੰਦੇ ਹਨ ਜਿਨ੍ਹਾਂ ਨੂੰ ਇਹ ਪੱਛਮ ਦਾ ਪਹਿਰਾਵਾ ਜਾਂ ਖਾਣ ਪੀਣ ਦਾ ਸਮਾਨ ਉਸ ਨੂੰ ਇੱਕ ਹਾਸੇ ਦਾ ਪਾਤਰ ਬਣਦਾ ਹੈ। ਕੁੱਝ ਕੁ ਆਪਣੀਆਂ ਪਛਾਣਾਂ ਨੂੰ ਇਸ ਵਿਚ ਢਾਲ ਲੈਂਦੇ ਹਨ। ਅਜਿਹੇ ਵਿਅਕਤੀ ਸਮਾਜ ਵਿਚ ਆਪਣੇ ਅਸਤਿਤਵ ਨੂੰ ਬਣਾ ਕੇ ਰੱਖ ਸਕਦੇ ਹਨ। ਹਾਸੇ ਦੇ ਪਾਤਰ ਤਾਂ ਆਪਣੇ ਅਸਤਿਤਵ ਨੂੰ ਸੰਕਟ ਵਿਚ ਪਿਆ ਹੀ ਮਹਿਸੂਸ ਕਰਦੇ ਹਨ।

> ਢਿੱਲੋਂ ਨੇ ਕਿਹਾ।
>
> ਗੱਲ ਤਾਂ ਉਹੀ ਆ ਪਰ ਇਹ ਦੇ ਨਾਲ ਆਪਣੀ ਯੂਨੀਵਰਸਿਟੀ 'ਚ ਦੋ ਤਰ੍ਹਾਂ ਦੇ ਸਟੂਡੈਂਟ ਆ ਇੱਕ ਯੈਕੀਂ ਤੇ ਦੂਜੇ ਦੇਸੀ। ਇਹ ਦੋ ਪਛਾਣਾਂ ਬਹੁਤ ਸਾਫ਼ ਦਿਸਦੀਆਂ ਹਨ 'ਤੇ ਦਰਿਆ ਦੇ ਕੰਢਿਆਂ ਵਾਂਗ ਹੈਗੀਆਂ ਆ।
>
> ਪਰ ਸਾਰੇ ਦੇਸੀ ਯੈਂਕੀ ਬਣਨ 'ਚ ਕਾਮਯਾਬ ਨੀ ਹੁੰਦੇ।[11]

ਅੱਜ ਦਾ ਮਨੁੱਖ ਪੂੰਜੀਵਾਦੀ ਮਨੁੱਖ ਹੈ। ਉਹ ਆਪਣੀ ਪਛਾਣ ਪੱਛਮ ਦੇ ਪ੍ਰਭਾਵ ਅਧੀਨ ਬਦਲ ਲਿਆ ਹੈ। ਪਰ ਕੁੱਝ ਕੁ ਨੂੰ ਇਹ ਪਛਾਣ ਵੀ ਜਚਦੀ ਹੈ। ਕੁੱਝ ਕ ਲਈ ਤਾਂ ਹਾਸੋਹੀਣਾ ਦ੍ਰਿਸ਼ ਬਣ ਕੇ ਰਹਿ ਜਾਂਦੀ ਹੈ। ਇਸ ਦਾ ਵਧੇਰੇ ਪ੍ਰਭਾਵ ਕਾਲਜਾਂ ਅਤੇ ਯੂਨੀਵਰਸਿਟੀ ਦੇ ਨੌਜਵਾਨ ਕੁੜੀਆਂ ਅਤੇ ਲੜਕਿਆਂ ਨੂੰ ਆਪਣਾ ਨਿਸ਼ਾਨਾ ਬਣਾਉਂਦੀਆਂ ਹਨ। ਜੋ ਇਸ ਪੱਛਮ ਦੀ ਆੜ ਵਿਚ ਹਾਸੋ-ਹੀਣਾ ਭਾਰ ਬਟੋਰਦੇ ਹਨ ਉਨ੍ਹਾਂ ਵਿਚ ਨਿਰਾਸ਼ਾ ਪੈਦਾ ਹੋ ਜਾਂਦੀ ਹੈ। ਮਨੁੱਖ ਜੋ ਹੈ ਅਸਲ ਵਿਚ ਉਸ ਤੋਂ ਵੱਖ ਕੁੱਝ ਹੋਰ ਦਿੱਖਣ ਜਾ ਬਣਨ ਦੀ ਕੋਸ਼ਿਸ਼ ਕਰਦਾ ਹੈ ਜੋ ਕਈ ਵਾਰ ਸਫਲ ਨਹੀਂ ਹੁੰਦਾ ਜਿਸ ਕਾਰਨ ਉਸ ਦਾ ਅਸਲ ਅਸਤਿਤਵ ਦੁਫਾੜ ਹੋ ਜਾਂਦਾ ਹੈ ਜੋ ਅੱਗੇ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ ਅਤੇ ਅਸਤਿਤਵ ਸੰਕਟ ਦਾ ਇੱਕ ਕਾਰਨ ਬਣਦਾ ਹੈ।

ਅੱਜ ਤੋਂ ਕੁੱਝ ਸਮਾਂ ਪਹਿਲਾਂ ਪੰਜਾਬ ਪੰਜ ਦਰਿਆਵਾਂ ਦੀ ਧਰਤੀ ਸੀ ਪਰ ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਅਤੇ ਪਾਕਿਸਤਾਨ ਨਾਮ ਦੇ ਦੇਸ਼ ਬਣਾ ਦਿੱਤੇ ਗਏ। ਇਨ੍ਹਾਂ ਵਿਚੋਂ ਪੰਜਾਬ ਦੀ ਅੱਗੇ ਖੇਤਰ ਵੰਡ ਵੀ ਕੀਤੀ ਗਈ। ਖੇਤਰ ਵੰਡ ਅਨੁਸਾਰ ਪੰਜਾਬ ਨੂੰ ਤਿੰਨ ਭਾਗਾਂ ਵਿਚ ਦਰਿਆਵਾਂ ਦੇ ਅਧਾਰ ਤੇ ਖੇਤਰੀ ਪਛਾਣਾਂ ਦਿੱਤੀਆਂ ਗਈਆਂ ਮਾਝਾ, ਮਾਲਵਾ,ਅਤੇ ਦੁਆਬਾ। ਵੰਡ ਚਾਹੇ ਦੇਸ਼ ਦੀ ਹੋਵੇ ਜਾਂ ਇੱਕ ਖੇਤਰ ਦੀ ਉਸ ਅਨੁਸਾਰ ਲੋਕਾਂ ਦੇ ਵਿਚਕਾਰ ਵਿਰੋਧ ਦੀ ਭਾਵਨਾ ਪੈਦਾ ਹੁੰਦੀ ਹੈ।

ਉਹ ਇੱਕ ਦੂਜੇ ਨਾਲ ਈਰਖਾ ਕਰਦੇ ਹਨ। ਇੱਕ ਦੂਸਰੇ ਤੇ ਹਮੇਸ਼ਾ ਭਾਰੂ ਰਹਿਣਾ ਚਾਹੁੰਦੇ ਹਨ ਜਿਸ ਦੇ ਸਿੱਟੇ ਅੱਜ ਦੇ ਸਮੇਂ ਵਿਚ ਮਾਝਾ, ਮਾਲਵਾ ਅਤੇ ਦੁਆਬੇ ਦੇ ਲੋਕਾਂ ਦੀ ਭਾਸ਼ਾ, ਬੋਲੀ, ਸਭਿਆਚਾਰ ਅਤੇ ਰਹਿਣ-ਸਹਿਣ ਤੋਂ ਲਗਾਇਆ ਜਾ ਸਕਦਾ ਹੈ। ਜਿਸ ਵਾਰੇ ਇਸ ਨਾਵਲ ਵਿਚ ਵੀ ਪੇਸ਼ਕਾਰੀ ਸਾਡੇ ਸਾਹਮਣੇ ਆਉਂਦੀ ਹੈ। ਇਹ ਵਿਰੋਧਾਂ ਭਾਸ ਮਨੁੱਖ ਅੰਦਰ ਵਿਕਾਰਾਂ ਨੂੰ ਪੈਦਾ ਕਰਦੇ ਹਨ ਜਿਨ੍ਹਾਂ ਨਾਲ ਮਨੁੱਖ ਪਿੱਛੇ ਰਹਿ ਜਾਣ ਦੇ ਡਰ ਅਤੇ ਪਦਾਰਥਵਾਦੀ ਵਿਕਾਰਾਂ ਨਾਲ ਜੁੜ ਜਾਂਦਾ ਹੈ।ਜਿਵੇਂ:-

ਬਾਈ ਤੂੰ ਸਿਆਣਾ ਆਦਮੀ ਆ। ਹੁਸ਼ਿਆਰਪੁਰ ਦਾ ਆ ਨਾਂ, ਹੁਸ਼ਿਆਰਪੁਰੀਏ ਬੜੇ ਸਿਆਣੇ ਹੁੰਦੇ ਆ,ਦਿਲੋ ਬੋਲਿਆ।

ਇਹ ਤਾਂ ਮੈ ਪਹਿਲੀ ਵਾਰ ਸੁਣ ਰਿਹਾ। ਲੋਕ ਤਾਂ ਕਹਿੰਦੇ ਆ ਬੜੇ ਚਲਾਕ ਹੁੰਦੇ ਆ।

ਵੈਸੇ ਜੇ ਤੂੰ ਬੁਰਾ ਨਾ ਮਨਾਏ ਤਾਂ ਬਾਈ ਆਮ ਵਿਚਾਰ ਇਹੀ ਆ ਦੁਆਬੀਆਂ ਬਾਰੇ ਇਹੀ ਸੋਚਦੇ ਆ,"ਕੈਲਾਸ਼ ਬੋਲਿਆ।

ਆਹੋ, ਕਹਿੰਦੇ ਆ ਭਰੋਸੇਯੋਗ ਨਹੀਂ ਹੁੰਦੇ, ਸ਼ਿਵ ਨੇ ਕੈਲਾਸ਼ ਦੀ ਗੱਲ ਦੀ ਪ੍ਰੋੜ੍ਹਤਾ ਕਰਦੇ ਹੋਏ ਆਖਿਆ।

ਮੈ ਤਾਂ ਨੀ ਮੰਨਦਾ, 'ਵਿਸ਼ਵਾਨਾਥ ਬੋਲਿਆ। ਬਾਈ ਅਸੀਂ ਬਠਿੰਡੇ ਵਾਲੇ ਲੁਧਿਆਣੇ ਵਾਲਿਆਂ ਨੂੰ ਦੋਆਬੀਏ ਮੰਨਦੇ ਆ।[12]

ਪੰਜਾਬ ਦੇ ਹਰ ਖੇਤਰਾਂ ਦੀ ਆਪਣੀ ਵਿਲੱਖਣਤਾ ਅਤੇ ਪਛਾਣ ਹੈ। ਹਰ ਖੇਤਰ ਦੇ ਲੋਕ ਆਪਣੇ ਖੇਤਰ ਨੂੰ ਇੱਕ ਪਛਾਣ ਦਿੰਦੇ ਹਨ। ਉੱਥੇ ਦਾ ਸਭਿਆਚਾਰ ਵਿਲੱਖਣ ਹੈ। ਪਰ ਇਹ ਸਾਰੇ ਖੇਤਰ ਇੱਕ ਦੂਜੇ ਨੂੰ ਵਿਤਕਰੇ ਦੇ ਭਾਵਾਂ ਨਾਲ ਵਧੀਆ ਅਤੇ ਮਾੜੇ ਗੁਣਾ ਪੱਖੋਂ ਕਈ ਪਛਾਣਾਂ ਦਿੰਦੇ ਹਨ ਜਿਨ੍ਹਾਂ ਕਾਰਨ ਮਾਲਵੇ ਵਾਲੇ ਦੁਆਬੇ ਵਾਲੀਆ ਨੂੰ ਮਾਝੇ ਨਾਲੇ ਮਾਲਵੇ ਅਤੇ ਦੁਆਬੇ ਨੂੰ ਮਾੜਾ ਸਮਝਦੇ ਹਨ। ਗੱਲਾਂ-ਗੱਲਾਂ ਵਿਚ ਹੀ ਇੱਕ ਦੂਜੇ ਨੂੰ ਉਸ ਦੇ ਖੇਤਰ ਪੱਖੋਂ ਭੰਡਿਆ ਜਾਂਦਾ ਹੈ।

ਪੰਜਾਬ ਗੁਰੂਆਂ ਪੀਰਾਂ ਫ਼ਕੀਰਾ ਦੀ ਧਰਤੀ ਹੈ। ਇਸ ਧਰਤੀ ਤੇ ਸਭ ਤੋਂ ਵੱਧ ਲੋਕ ਧਰਮ ਨਾਲ ਜੁੜੇ ਹੋਏ ਹਨ। ਧਰਮ ਉਨ੍ਹਾਂ ਲਈ ਸਭ ਕੁੱਝ ਹੈ, ਚਾਹੇ ਉਹ ਧਰਮ ਅੰਧ ਵਿਸ਼ਵਾਸੀ ਹੋਵੇ ਜਾਂ ਸੱਚਾ। ਧਰਮ ਦੀ ਖ਼ਾਤਰ ਇੱਥੋਂ ਦੇ ਲੋਕਾਂ ਨੇ ਹਮੇਸ਼ਾ ਤੋਂ ਹੀ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਹੈ। ਧਰਮ ਲਈ ਅਜਿਹਾ ਜਜ਼ਬਾ ਰੱਖਣਾ ਕਿਸੇ ਹੱਦ ਤੱਕ ਠੀਕ ਹੈ। ਮਨੁੱਖ ਦੁਆਰਾ ਮੰਨੇ ਜਾਂਦੇ ਇਹ ਧਾਰਮਿਕ ਨਿਯਮ ਕਈ ਵਾਰ ਮਨੁੱਖ ਦੀ ਅੰਤਰ ਆਤਮਾ ਤੋਂ ਅਜਿਹੇ ਦ੍ਰਿੜ ਭਾਵਨਾਵਾਂ ਨੂੰ ਸਾਕਾਰ ਕਰਵਾਉਂਦੇ ਹਨ। ਜਿਨ੍ਹਾਂ ਦੀ ਮਦਦ ਨਾਲ ਮਨੁੱਖ ਆਪਣੇ ਆਪੇ ਨੂੰ ਸ਼ਾਂਤੀ ਵਿਚ ਰੱਖਣਾ ਹੈ। ਪਰ ਕਈ ਵਾਰ ਅਜਿਹੀ ਸਥਿਤੀ ਹੋ ਜਾਂਦੀ ਹੈ ਜਿੱਥੇ ਇਹ ਨਿੱਜ ਵਰਤਾਰੇ ਵਿਚ ਪੁਗਾਈ ਨਹੀਂ ਜਾਂਦੀ ਉਸ ਵਖਤ ਇਹ ਨਿਯਮ ਉਸ ਮਨੁੱਖ ਨੂੰ ਧਰਮ ਦੇ ਖ਼ਿਲਾਫ਼ ਖੜ੍ਹਾ ਕਰ ਕੇ ਉਸ ਦੇ ਅਸਤਿਤਵ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦੇ ਹਨ। ਅਜਿਹੀ ਸਥਿਤੀ ਮਨੁੱਖ ਦੇ ਅਸਤਿਤਵ ਸੰਕਟ ਨੂੰ ਉਜਾਗਰ ਕਰਦੀ ਹੈ।

ਪੱਛਮੀ ਚਿੰਤਕ "ਸੋਰੇਨ ਕਿਰਕੇਗਾਰਦ" ਦਾ ਵਿਚਾਰ ਹੈ ਕਿ ਕਿਸੇ ਗਿਰਜੇ ਦੇ ਸਿਧਾਂਤ ਤੇ ਰਸਮਾਂ ਜਿਨ੍ਹਾਂ ਨੂੰ ਈਸਾਈਅਤ ਸਮਝ ਲਿਆ ਜਾਂਦਾ ਹੈ, ਅਸਲ ਵਿਚ ਪਥ-ਭ੍ਰਸ਼ਟਤਾ ਹੈ। ਉਸ ਨੂੰ ਜਦੋਂ ਇਹ ਗੱਲ ਸਮਝ ਆਈ ਤਾਂ ਉਹ ਈਸਾਈ ਸੰਸਥਾ ਦੇ ਵਿਰੋਧ ਵਿਚ ਖੜ੍ਹਾ ਹੁੰਦਾ ਹੈ ਜਿਸ ਨੂੰ ਸਮਝਣਾ ਥੋੜ੍ਹਾ ਔਖਾ ਹੈ।[13]

ਹਰਦਿਆਲ ਦੇ ਘਰ ਵਾਪਸ ਆਉਣ ਦੇ ਇੱਕ ਦੋ ਦਿਨਾਂ ਵਿਚ ਹੀ ਉਸ ਨੇ ਅਖ਼ਬਾਰ ਦੇ ਕਿਸੇ ਅੰਦਰਲੇ ਪੰਨੇ ਤੇ ਸੰਤ ਕਰਤਾਰ ਸਿੰਘ ਭਿੰਡਰਾਂ ਵਾਲੇ ਦੀ ਕਾਰ ਹਾਦਸੇ ਵਿਚ ਗੁਜ਼ਰ ਜਾਣ ਦੀ ਖ਼ਬਰ ਪੜ੍ਹੀ ਖ਼ਬਰ ਵਿਚ ਇਹ ਦੱਸਿਆ ਗਿਆ ਸੀ

> ਕਿ ਹਾਦਸੇ ਦੇ ਤੁਰੰਤ ਬਾਅਦ ਸੰਤਾ ਨੂੰ ਹਸਪਤਾਲ ਪਹੁੰਚਾਇਆ ਗਿਆ ਸੀ। ਉਨ੍ਹਾਂ ਦਾ ਓਪਰੇਸ਼ਨ ਕਰਨ ਲਈ ਉਨ੍ਹਾਂ ਦੇ ਵਾਲ ਕੱਟਣੇ ਜ਼ਰੂਰੀ ਸਨ ਜਿਸ ਦੀ ਉਨ੍ਹਾਂ ਨੇ ਇਜਾਜ਼ਤ ਨਹੀਂ ਸੀ ਦਿੱਤੀ। [14]

ਇਸ ਪ੍ਰਕਾਰ ਦੇ ਧਾਰਮਿਕ ਨਿਯਮ ਜਿਨ੍ਹਾਂ ਵਿਚ ਬਹੁਤੀ ਵਾਰ ਮਨੁੱਖ ਦੀ ਮੈਂ ਸ਼ਾਮਲ ਹੋ ਜਾਂਦੀ ਹੈ। ਉਸ ਸਮੇਂ ਇਹ ਨਿੱਜ ਨੂੰ ਪਰੇ ਕਰ ਕੇ ਧਰਮ ਦੇ ਨਿਯਮਾਂ ਦੀ ਪਾਲਣਾ ਕਰਦੇ ਹਨ। ਇਸ ਤਰ੍ਹਾਂ ਕਰਨਾ ਕੁੱਝ ਹੱਦ ਤੱਕ ਸਹੀ ਹੈ। ਪਰ ਜ਼ਿੰਦਗੀ ਨੂੰ ਆਪਣੇ ਬਣਾਏ ਨਿਯਮਾਂ ਦੀ ਖ਼ਾਤਰ ਖ਼ਤਮ ਕਰ ਦੇਣਾ ਵੀ ਤਾਂ ਠੀਕ ਨਹੀਂ ਹੈ। ਇਸ ਤਰ੍ਹਾਂ ਦੇ ਮੁੱਦੇ ਕਈ ਵਾਰ ਮਨੁੱਖ ਨੂੰ ਦੁਵਿਧਾ ਵਿਚ ਪਾ ਦਿੰਦੇ ਹਨ ਇੱਕ ਪਾਸੇ ਨਿੱਜ ਅਤੇ ਦੂਸਰੇ ਪਾਸੇ ਆਪਣੀ ਪਛਾਣ ਜਿਸ ਦਾ ਸਹੀ ਫ਼ੈਸਲਾ ਨਾ ਮਨੁੱਖ ਲੈ ਸਕਦਾ ਹੈ ਅਤੇ ਨਾ ਹੀ ਸਮਾਜ ਪ੍ਰਵਾਨਗੀ ਦਿੰਦਾ ਹੈ।

ਧਰਮ ਇੱਕ ਅਜਿਹੀ ਕੜੀ ਹੈ ਜਿਸ ਨਾਲ ਹਰ ਆਸਤਿਕ ਰੱਬ ਵਿਚ ਯਕੀਨ ਰੱਖਣ ਵਾਲਾ ਇਨਸਾਨ ਜੁੜਿਆ ਹੋਇਆ ਹੈ। ਧਰਮ ਆਪਣੇ ਆਪ ਵਿਚ ਇੱਕ ਅਨਮੋਲ ਤੇ ਅਟੱਲ ਸਚਾਈ ਨਾਲ ਸਾਨੂੰ ਜੋੜਦਾ ਹੈ। ਪਰ ਧਰਮ ਦੇ ਕੁੱਝ ਕੁ ਪੈਰੋਕਾਰ ਮਨੁੱਖ ਨੂੰ ਧਰਮ ਦੇ ਨਾਮ ਤੇ ਸੌਦੇ ਬਾਜ਼ੀ ਵਜੋਂ ਵਰਤਦੇ ਹਨ। ਹਰ ਧਰਮ ਆਪਣੇ ਧਰਮ ਨੂੰ ਵੱਧ ਪ੍ਰਭਾਵਿਤ ਕਰਨ ਲਈ ਵੱਧ ਤੋਂ ਵੱਧ ਇੱਕ ਧਰਮ ਦਾ ਪੈਰੋਕਾਰ ਦੂਸਰੇ ਧਰਮ ਨੂੰ ਭੰਡਦਾ ਹੈ। ਮਨੁੱਖ ਲਈ ਧਰਮ ਇੱਕ ਆਤਮਿਕ ਸੰਤੁਸ਼ਟੀ ਦਾ ਜਜ਼ਬਾ ਹੈ। ਪਰ ਅੱਜ ਦੇ ਧਾਰਮਿਕ ਸਰੋਕਾਰ ਮਨੁੱਖ ਨੂੰ ਵਸਤਾਂ ਦੀ ਜਗ੍ਹਾ ਲੈ ਕੇ ਇੱਕ ਸੌਦੇਬਾਜ਼ੀ ਤੋਂ ਵੱਧ ਹੋਰ ਕੁੱਝ ਨਹੀਂ ਕਰ ਰਹੀਆਂ। ਇਹ ਕੁਦਰਤ ਸਾਡੇ ਲਈ ਪ੍ਰਮਾਤਮਾ ਦਾ ਰੂਪ ਹੈ ਪਰ ਅੱਜ ਅਸੀਂ ਧਰਮ ਦੀ ਆੜ ਵਿਚ ਇਸ ਤੋਂ ਕੋਸਾ ਦੂਰ ਹੁੰਦੇ ਜਾ ਰਹੇ ਹਾਂ। ਡਾ. ਪਰਮਜੀਤ ਸਿੰਘ ਜੱਜ ਨੇ ਇਸ ਨਾਵਲ ਵਿਚ ਇਸ ਵਿਸ਼ੇ ਨੂੰ ਬਾਖੂਬੀ ਪੇਸ਼ ਕੀਤਾ ਹੈ ਜਿਵੇਂ:-

> ਹਰਦਿਆਲ ਨੂੰ ਯਾਦ ਸੀ ਕਿ ਕਿਵੇਂ ਇੱਕ ਸਾਲ ਪਹਿਲਾ ਸੰਤ ਉਸ ਦੇ ਪਿੰਡ ਆਏ ਸਨ।ਹੁਣ ਉਹਦੇ ਪਿੰਡ 'ਚ ਕਈ ਭਗਤ ਬਣ ਗਏ ਸਨ। ਉਹਦੇ ਤਾਏ ਦੇ ਪੁੱਤ ਨੇ ਅੰਮ੍ਰਿਤ ਛੱਕ ਲਿਆ। ਕਈਆ ਨੇ ਸਿਗਰਟਾਂ ਛੱਡ ਕੇ ਖ਼ਾਲਸਾ ਬਾਣਾ ਅਪਣਾ ਲਿਆ ਸੀ। ਸਭ ਤੋਂ ਦਿਲਚਸਪ ਕਿੱਸਾ ਹਰੀ ਸਿੰਘ ਦਾ ਸੀ। ਉਹ ਹਰਦਿਆਲ ਦੇ ਸ਼ਰੀਕਾਂ ਵਿਚੋਂ ਸੀ। ਨਿਹੰਗ ਬਣ ਗਿਆ ਸੀ ਪਰ ਸ਼ਰਾਬ ਕੱਢਣੀ ਨਹੀਂ ਛੱਡੀ ਸੀ। ਪਹਿਲਾ ਵਾਂਗ ਹੁਣ ਸ਼ਰਾਬ ਵੇਚਣ 'ਚ ਹੇਰਾਫੇਰੀ ਨਹੀਂ ਕਰਦਾ ਸੀ। ਸੰਤ ਕਰਤਾਰ ਸਿੰਘ ਦੀ ਮੌਤ ਤੋਂ ਬਾਅਦ ਜਰਨੈਲ ਸਿੰਘ ਨੇ ਦਮਦਮੀ ਟਕਸਾਲ ਦੀ ਕਮਾਂਡ ਸੰਭਾਲਦਿਆਂ ਹੀ ਨਿਰੰਕਾਰੀਆਂ ਦੇ ਵਿਰੁੱਧ ਭਾਸ਼ਣ ਦਿੱਤਾ ਸੀ। [15]

ਸਾਡੇ ਭਾਰਤ ਵਿਚ ਲੋਕਾਂ ਦੀ ਮਾਨਸਿਕਤਾ ਨੂੰ ਕਾਬੂ ਵਿਚ ਰੱਖਣ ਵਾਸਤੇ ਕਈ ਵਾਰ ਧਰਮ ਨੂੰ ਕਰੜੇ ਹੱਥੀ ਲੈ ਕੇ ਆਪਣੇ ਨਾਮ ਦਾ ਸਿੱਕਾ ਮਨਵਾਇਆ ਜਾਂਦਾ ਰਿਹਾ ਹੈ। ਜਿਵੇਂ ਸੰਤ ਭਿੰਡਰਾਂਵਾਲੇ ਦਾ ਪਿੰਡਾਂ ਦੇ ਲੋਕਾਂ ਨੂੰ ਵੱਧ ਤੋਂ ਵੱਧ ਸਿੰਘ ਬਣਾਉਣਾ ਅਤੇ ਨਿਰੰਕਾਰੀਆਂ ਦਾ ਆਪਣੇ ਧਰਮ ਨਾਲ ਜੋੜਨਾ। ਪਰ ਇਸ ਖਿੱਚੋ ਧੂਈ ਦਾ ਸ਼ਿਕਾਰ ਪਿੰਡ ਦੇ ਉਹ ਲੋਕ ਹੁੰਦੇ ਹਨ ਜਿਨ੍ਹਾਂ ਨੂੰ ਇਸ ਧਰਮ ਅਤੇ ਧਾਰਮਿਕ ਰਾਜਨੀਤੀ ਦੀ ਖ਼ਬਰ ਸਾਰ ਤੱਕ ਵੀ ਨਹੀਂ ਹੁੰਦੀ।

ਧਰਮ ਦੇ ਨਾਮ ਤੇ ਇੱਕ ਦੂਜੇ ਵਿਰੁੱਧ ਨਾਅਰੇ ਬਾਜ਼ੀ, ਭਾਸ਼ਣ ਆਦਿ ਵਰਗੇ ਹੱਥ ਕੰਡੇ ਅਪਣਾਉਣ ਲੱਗਿਆ ਧਰਮ ਦੇ ਕੁੱਝ ਠੇਕੇਦਾਰ ਕੰਨੀ ਨਹੀਂ ਕਤਰਾਉਂਦੇ ਅਤੇ ਇਸ ਧਾਰਮਿਕ ਰਾਜਨੀਤੀ ਦੀ ਖੇਡ ਵਿਚ ਆਮ ਲੋਕਾਂ ਦੀਆਂ ਸ਼ਹਾਦਤਾਂ ਕਰਵਾ ਦਿੱਤੀਆਂ ਜਾਂਦੀਆਂ ਹਨ। ਧਰਮ ਦੇ ਨਾਮ ਤੇ ਕਈ ਵਾਰ ਠਗਿਆ ਮਨੁੱਖ ਆਪਣੇ ਆਪ ਨੂੰ ਉਸ ਦਲਦਲ ਵਿਚੋਂ ਬਾਹਰ ਕੱਢਣ ਦੀ ਬਜਾਏ ਹੋਰ ਉਸ ਵਿਚ ਫਸਦਾ ਚਲਾ ਜਾਂਦਾ ਹੈ।ਇਨ੍ਹਾਂ ਕਾਰਨ ਕਈ ਵਾਰ ਮਨੁੱਖ ਆਪਣੇ ਆਪ ਤੇ ਉਹ ਵਸਤਾਂ ਹਾਵੀ ਹੋਣ ਦਿੰਦਾ ਹੈ, ਜਿਨ੍ਹਾਂ ਨਾਲ ਉਸ ਦਾ ਅਸਤਿਤਵ ਸੰਕਟ ਦੇ ਘੇਰੇ ਵਿਚ ਚਲਾ ਜਾਂਦਾ ਹੈ।

ਖੇਤਰੀ ਭਿੰਨਤਾਵਾਂ ਦੀ ਇੱਕ ਵਿਲੱਖਣ ਪਛਾਣ ਨੇ ਮਨੁੱਖ ਦੇ ਅਸਤਿਤਵ ਨੂੰ ਕਿਤੇ ਨਾ ਕਿਤੇ ਟੁੰਬਿਆ ਗਿਆ ਹੈ। ਜਿਸ ਵਿਚ ਧਰਮ ਨੇ ਤੇ ਧਰਮ ਦੇ ਰਾਜਨੀਤਿਕ ਪੈਰੋਕਾਰਾਂ ਨੇ ਆਪਣੇ ਆਪਣੇ ਕੁੱਝ ਪਛਾਣ ਚਿੰਨ੍ਹ ਦੇ ਕੇ ਅੱਗੇ ਤੋਰਿਆ ਹੈ। ਜਿਵੇਂ ਅੱਜ ਹਰ ਵਿਅਕਤੀ ਆਪਣੇ ਧਰਮ ਅਨੁਸਾਰ ਆਪਣੀ ਪਛਾਣ ਪੇਸ਼ ਕਰਦਾ ਹੈ। ਅਸੀਂ ਵਿਅਕਤੀ ਦੀ ਦਿੱਖ ਦੇਖ ਕੇ ਉਸ ਦੀ ਪਛਾਣ ਕਰਦੇ ਹਾਂ ਜੋ ਕਿਤੇ ਨਾ ਕਿਤੇ ਮਨੁੱਖੀ ਮਨ ਨੂੰ ਠੇਸ ਪਹੁੰਚਾਉਂਦੀ ਹੈ। ਜਿਸ ਵਜ੍ਹਾ ਅਨੁਸਾਰ ਮਨੁੱਖ ਦਾ ਆਪਣੇ ਆਪ ਨਾਲ ਵੀ ਅਲਗਾਉ ਹੋ ਜਾਂਦਾ ਹੈ। ਅਸਤਿਤਵ ਵਾਦੀਆਂ ਅਨੁਸਾਰ ਮਨੁੱਖ ਅਲਗਾਉ ਦੀ ਸਥਿਤੀ ਵਿਚ ਜਦੋਂ ਰਹਿੰਦਾ ਹੈ ਤਾਂ ਅਸਤਿਤਵ ਲਗਾਤਾਰ ਟਕਰਾਉਂਦੇ ਦਾਅਵਿਆਂ ਤੇ ਉਦੇਸ਼ਾਂ ਹੇਠ ਤਣਾਅ ਪੂਰਨ ਰਹਿੰਦਾ ਹੈ ਜੋ ਅਸਤਿਤਵ ਸੰਕਟ ਦਾ ਕਾਰਨ ਬਣਦਾ ਹੈ। ਇਸ ਕਾਰਨ ਨੂੰ ਨਾਵਲ ਵਿਚ ਇਸ ਪ੍ਰਕਾਰ ਪੇਸ਼ ਕੀਤਾ ਹੈ।

> ਹਰਦਿਆਲ ਛੇ ਫੁੱਟ ਲੰਮਾ ਇਕਹਿਰੇ ਸਰੀਆ ਦਿਸਦਾ ਮੁੰਡਾ ਸੀ। ਵਾਲ ਕੱਟੇ ਹੋਏ ਤੇ ਸ਼ੇਵ ਕਰਦਾ ਸੀ। ਆਪਣੀ ਧਾਰਮਿਕ ਪਛਾਣ ਦਾ ਇਜ਼ਹਾਰ ਨਹੀਂ ਹੋਣ ਦਿੰਦਾ ਸੀ।
>
> ਇੱਕ ਦਿਨ ਸ਼ਿਵ ਨੇ ਪੁੱਛਿਆ ਸੀ 'ਹਰਦਿਆਲ ਤੂੰ ਸਿੱਖ ਏ?'
>
> 'ਕਹਿਣਾ ਮੁਸ਼ਕਲ ਲਗਦਾ ਏ। ਮੇਰੇ ਪਿਤਾ ਜੀ ਕਹਿੰਦੇ ਆ ਕਿ ਦਸਵੇਂ ਗੁਰੂ ਨੇ ਇੱਕ ਵਾਰ ਕਿਹਾ ਸੀ ਕਿ ਦੁਆਬੀਏ ਸਿੱਖ ਨਹੀਂ ਹੋ ਸਕਦੇ।ਸਾਡਾ ਤਾਂ ਪਿੰਡ ਮਨਾਹੀ ਜ਼ਿੰਮੀਦਾਰਾਂ ਦਾ ਏ ਸਾਰੇ ਠਾਕਰਦੁਆਰੇ ਨੂੰ ਮੰਨਦੇ ਆ।
>
> ਤੇਨੂੰ ਆਬੀਰ ਦਾ ਪਤਾ?
>
> ਆਹੋ। ਉਹ ਬਹੁਤ ਪੜ੍ਹਿਆ ਲਿਖਿਆ ਆਦਮੀ ਆ। ਅੱਜ-ਕੱਲ੍ਹ ਉਹ ਖ਼ਾਲਿਸਤਾਨ ਦੀ ਗੱਲ ਕਰ ਰਿਹਾ।
>
> ਉਹਨੂੰ ਤਾਂ ਤੇਰੇ ਕਮਰੇ 'ਚ ਬੈਠੇ ਨੂੰ ਸਿਗਰਟਾਂ ਪੀਂਦਿਆਂ ਦੇਖਿਆ ਆ।
>
> ਕੀ ਫ਼ਰਕ ਪੈਂਦਾ? ਉਹ ਕੇਹੜਾ ਅੰਮ੍ਰਿਤ ਛਕਿਆ ਆ। ਸਿਰ ਦੇ ਵਾਲ ਵੀ ਉਹ ਕੱਟ ਕੇ ਰੱਖਦਾ ਆ।
>
> ਫਿਰ ਖ਼ਾਲਿਸਤਾਨ?
>
> ਫਿਰ ਕੀ ਹੋਇਆ।ਖ਼ਾਲਿਸਤਾਨ ਲਈ ਤਾਂ ਸਾਡੇ ਪਿੰਡ ਦਾ ਘੋਗੀ ਵੀ ਸੋਚ ਸਕਦਾ 'ਤੇ ਉਹ ਸਾਰੇ ਨਸ਼ੇ ਕਰਦਾ ਆ।[16]

ਮਨੁੱਖ ਦੀ ਅਸਲ ਦਿੱਖ, ਉਸ ਦਾ ਪਹਿਰਾਵਾ ਉਸ ਦੇ ਅਸਤਿਤਵ ਦੀ ਇੱਕ ਇਕਹਿਰੀ ਪਛਾਣ ਬਣਾ ਛੱਡਦਾ ਹੈ। ਇਹ ਪਛਾਣ ਚਾਹੇ ਉਸ ਦੇ ਧਰਮ ਦੀ ਹੋਵੇ ਜਾਂ ਵਸੇਬੇ ਦੀ ਹੋਵੇ। ਇਸ ਨਾਵਲ ਵਿਚ ਹਰਦਿਆਲ ਨੂੰ ਸਿੱਖ ਧਰਮ ਦੀ ਕਿਸੇ ਵੀ ਪਛਾਣ ਪਛਾਣ ਨਾ ਪਹਿਨਣ ਦੇ ਬਾਵਜੂਦ ਵੀ ਇੱਕ ਸਿੱਖ ਦਾ ਕਿਰਦਾਰ ਦਿੱਤਾ ਜਾਂਦਾ ਹੈ। ਉਸ ਦੇ ਖੇਤਰ ਦੇ ਪੱਖ ਤੋਂ ਦਸਵੇਂ ਗੁਰੂ ਦੇ ਕਹੇ ਬੋਲ ਜੋ ਆਮ ਲੋਕਾਂ ਦੀ ਜ਼ੁਬਾਨ ਦੇ ਇੱਕ ਰਾਜ਼ਦਾਰ ਹਨ ਕਿ ਦੁਆਬੀਏ ਕਦੇ ਸਿੱਖ ਨਹੀਂ ਹੋ ਸਕਦੇ, ਗੱਲ ਦਿਲ ਨੂੰ ਠੇਸ ਪਹੁੰਚਾਉਂਦੀ ਹੈ। ਉਸ ਦਾ ਆਤਮ ਪਛਾਣ ਦਾ ਮੁੱਦਾ ਇੱਕ ਵਾਰ ਫੇਰ ਤੋਂ ਭੰਡਿਆ ਜਾ ਰਿਹਾ ਹੁੰਦਾ ਹੈ ਜਿਸ ਕਾਰਨ ਉਸ ਦਾ ਅਸਤਿਤਵ ਸੰਕਟ ਦੇ ਘੇਰੇ ਵਿਚ ਨਾ ਚਾਹੁੰਦੇ ਵੀ ਆ ਹੀ ਜਾਂਦਾ ਹੈ।

ਧਰਮ ਦੇ ਨਾਮ ਤੇ ਕਈ ਸੰਘ ਬਣਾਏ ਜਾਂਦੇ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਸਿੱਖ, ਭਿੰਡਰਾਂਵਾਲਾ ਅਤੇ ਨਿਰੰਕਾਰੀ ਦੇ ਨਾਮ ਨਾਲ ਅਲੱਗ-ਅਲੱਗ ਪਛਾਣਾਂ ਦੇ ਕੇ ਕੰਮ ਸਿਰਫ਼ ਇੱਕੋ ਹੀ ਕੀਤਾ ਹੈ। ਉਹ ਵੀ ਲੋਕਾਂ ਨੂੰ ਆਪਣੇ-ਆਪਣੇ ਨਾਮ ਹੇਠ ਇਕੱਠੇ ਕਰ ਕੇ ਧਰਮ ਦੀ ਰਾਜਨੀਤੀ ਖੇਡਣ ਦਾ ਫਿਰ ਚਾਹੇ ਉਨ੍ਹਾਂ ਦਾ ਅਸਤਿਤਵ ਹੀ ਕਿਉਂ ਨਾ ਸੰਕਟ ਵਿਚ ਸੁੱਟਣਾ ਪੈ ਜਾਵੇ।

ਸਰਕਾਰਾਂ ਜੋ ਦੇਸ਼ ਨੂੰ ਸੰਭਾਲਣ ਦਾ ਕੰਮ ਕਰਦੀਆਂ ਹਨ। ਉਹ ਆਮ ਲੋਕਾਂ ਨੂੰ ਧਰਮ ਦੇ ਨਾਮ ਤੇ ਠੱਗ ਦੀਆਂ ਹਨ। ਜੇਕਰ ਦੇਖਿਆ ਜਾਵੇ ਤਾਂ ਹਰ ਇੱਕ ਵਿਅਕਤੀ ਜੋ ਕਿਸੇ ਨਾ ਕਿਸੇ ਧਰਮ ਨਾਲ ਜੁੜਿਆ ਹੋਵੇਗਾ। ਉਸ ਲਈ ਧਰਮ ਦੇ ਨਾਲ ਲਗਾਓ ਰੱਖਣ ਵਾਲੀ ਰਾਜਨੀਤੀ ਪਾਰਟੀ ਵੀ ਉਸ ਦੀ ਪਛਾਣ ਨੂੰ ਬਣ ਜਾਂਦਾ ਹੈ। ਇਨ੍ਹਾਂ ਕਾਰਨਾਂ ਕਰਕੇ ਮਨੁੱਖ ਦਾ ਅਸਤਿਤਵ ਸੰਕਟ ਵਿਚ ਜਾਂਦਾ ਹੈ।

ਕੇਂਦਰ 'ਚ ਸਿਆਸੀ ਸਰਕਸ ਚੱਲ ਰਿਹਾ ਸੀ। ਕਈ ਲੀਡਰ ਕਾਂਗਰਸ ਛੱਡ ਕੇ ਜਨਤਾ ਪਾਰਟੀ 'ਚ ਸ਼ਾਮਲ ਹੋ ਰਹੇ ਆ। ਪੰਜਾਬ 'ਚ ਕੋਈ ਖ਼ਬਰ ਨ੍ਹੀ।

ਨਿਰੰਕਾਰੀ ਵਾਲੇ ਰੌਲ਼ੇ ਦੀ ਕੋਈ ਖ਼ਬਰ ਹੈ?

ਨਵਾਂ ਸੰਤ ਜ਼ਿਆਦਾ ਗਰਮ ਲਗਦੈ। ਪਰ ਡੇਰੇ ਦਾ ਸੰਤ ਪੰਜਾਬ ਦੇ ਸਾਰੇ ਸਿੱਖਾਂ ਨੂੰ ਕੱਠਿਆਂਨ੍ਹੀ ਕਰ ਸਕਦਾ। ਇਹ ਕੰਮ ਤਾਂ ਸਿਰਫ਼ ਅਕਾਲੀ ਹੀ ਕਰ ਸਕਦੇ ਆ

ਤੇਰੇ ਕੈਹਣ ਦਾ ਮਤਲਬ ਏ ਸੰਤ ਰੌਲਾ ਰੂਲਾ ਪਾ ਕੇ ਹੱਟ ਜੂਗਾ।

ਇੱਦਾਂ ਨ੍ਹੀ ਹੋਣਾ। ਮੇਰਾ ਖ਼ਿਆਲ ਆ ਜੇ ਕਾਂਗਰਸ ਦੇ ਲੀਡਰਾਂ ਤੋਂ ਉਹਨੂੰ ਸ਼ਹਿ ਨਾ ਮਿਲੀ ਤਾਂ ਖ਼ਤਮ ਹੋਇਆ ਸਮਝੋ। ਪਰ ਤੁਹਾਨੂੰ ਗਿਆਨੀ ਜੀ ਦਾ ਪਤਾ ਈ। ਉਹ ਸੰਤ ਨੂੰ ਤੇ ਨਿਰੰਕਾਰੀ ਬਾਬੇ ਨੂੰ ਦੋਹਾਂ ਨੂੰ ਤਿਆਰ ਕਰ ਕੇ ਲੜਾ ਸਕਦੇ ਆ।

ਇਹਦਾ ਮਤਲਬ ਆ ਜੇ ਕਾਂਗਰਸ ਵਿਚ ਨਾ ਪਏ ਤਾਂ ਕੁਛ ਨਹੀਂ ਹੋਣਾ। ਇਹਦਾ ਨਤੀਜਾ ਇਹੀ ਨਿਕਲਦਾ ਆ ਕਿ ਕੁਛ ਨ੍ਹੀ ਹੋਣਾ।ਮੈਨੂੰ ਨ੍ਹੀ ਲੱਗਦਾ ਦੋ ਸਾਲ ਤੱਕ ਕਾਂਗਰਸ ਉੱਠਣ ਜੋਗੀ ਹੋ ਜੁਗੀ।[17]

ਸਮੇਂ ਦੀਆਂ ਸਰਕਾਰਾਂ ਆਪਣੇ ਪ੍ਰਭਾਵ ਲਈ ਧਰਮ ਨੂੰ ਮੋਹਰੇ ਰੱਖ ਕੇ ਸੱਤਾ ਵਿਚ ਆਪਣੀ ਪਕੜ ਬਣਾਈ ਰੱਖਦੀਆਂ ਹਨ।ਇਸ ਨਾਵਲ ਵਿਚ ਕਾਂਗਰਸ ਅਤੇ ਅਕਾਲੀ ਜਨਤਾ ਪਾਰਟੀ ਆਪਣੇ ਆਪਣੇ ਨਾਲ ਧਾਰਮਿਕ ਅਤੇ ਰਾਜਨੀਤੀ ਦੀ ਦੋਹਰੀ ਖੇਡ ਖੇਡਦੀਆਂ ਹਨ। ਇਸ ਨਾਵਲ ਵਿਚ ਪੇਸ਼ ਪਰਸਥਿਤੀ ਅਨੁਸਾਰ ਕਾਂਗਰਸ ਸਰਕਾਰ ਨਿਰੰਕਾਰੀਆਂ ਅਤੇ ਭਾਜਪਾ ਅਕਾਲੀ ਜਨਤਾ ਪਾਰਟੀ ਭਿੰਡਰਾਂਵਾਲੇ ਦੇ ਸਮਰਥਕਾਂ ਨੂੰ ਆਪਣਾ ਬਣਾ ਕੇ ਇੱਕ ਚਾਲ ਖੇਡ ਕੇ ਸੱਤਾ ਹਾਸਲ ਕੀਤੀ ਹੈ।ਇਨ੍ਹਾਂ ਕਾਰਨਾਂ ਕਰ ਕੇ ਧਰਮ ਨਾਲ ਜੁੜੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਅਸਤਿਤਵ ਸੰਕਟ ਦੇ ਕਾਰਨਾਂ ਨੂੰ ਪੈਦਾ ਕਰਦੀਆਂ ਹਨ।

ਦੁਸਹਿਰੇ ਦੀਆਂ ਛੁੱਟੀਆਂ ਦੌਰਾਨ ਉਹ ਪਿੰਡ ਰਿਹਾ ਸੀ। ਉਹ ਕਈ ਕਿਤਾਬਾਂ ਨਾਲ ਲੈ ਕੇ ਗਿਆ ਸੀ। ਪਰ ਘਰ ਦੀ ਲੱਸੀ ਤੇ ਘਿਉ ਨਾਲ ਭਰਪੂਰ ਸਬਜ਼ੀ ਦਾਲ ਨੇ ਉਹਨੂੰ ਪੂਰੀ ਤਰ੍ਹਾਂ ਹੋਸ਼ 'ਚ ਹੀ ਨਾ ਆਉਣ ਦਿੱਤਾ। ਹਰਦਿਆਲ ਲਈ ਬਾਲੀ ਅੰਦਰ ਆਇਆ ਪਰਿਵਰਤਨ ਹੈਰਾਨੀਜਨਕ ਸੀ।ਪਿੰਡ ਦੇ ਹੋਰ ਕਈ ਮੁੰਡਿਆਂ ਨੇ ਵਾਲ ਵਧਾ ਲਏ ਸਨ। ਇੱਕ ਦਿਨ ਉਹਦਾ ਵਿਦਿਆਰਥੀ ਲਹਿਰ ਦਾ ਸਾਥੀ ਗਿਆਨ ਮਿਲਣ ਆਇਆ ਤਾਂ ਉਹ ਨੇ ਕੜਾ ਪਾਇਆ ਹੋਇਆ ਸੀ।

ਤੂੰ ਵੀ ਸਿੰਘ ਸਜਣਾ ਸ਼ੁਰੂ ਕਰ ਤਾਂ? ਧਰਮ ਲੋਕਾਂ ਲਈ ਅਫ਼ੀਮ ਆ ਦਾ ਨਾਅਰਾ ਕਿੱਥੇ ਗਿਆ?

ਛੱਡ ਯਾਰ। ਇਹ ਕੜਾ ਤਾਂ ਮੈ ਬੀਅਰ ਦੀ ਬੋਤਲ ਖੋਲ੍ਹਣ ਵਾਸਤੇ ਪਾਇਆ ਆ।[18]

ਜਦੋਂ ਅਸੀਂ ਇੱਕ ਲੰਮੇ ਅਰਸੇ ਬਾਅਦ ਆਪਣੇ ਤੋਂ ਦੂਰ ਵਸਤੂ, ਇਨਸਾਨ, ਅਤੇ ਵਾਤਾਵਰਨ ਵਿਚ ਆਏ ਪਰਿਵਰਤਨ ਨੂੰ ਅਚਾਨਕ ਦੇਖਦੇ ਹਾਂ ਤਾਂ ਆਪ-ਮੁਹਾਰੇ ਸਾਨੂੰ ਆਪਣੇ ਦੁਆਰਾ ਬਿਤਾਇਆ ਸਮਾਂ ਇੱਕ ਅਲਗਾਉ ਦੀ ਸਥਿਤੀ ਵਿਚ ਗੁਜ਼ਰਿਆ ਮਹਿਸੂਸ ਹੁੰਦਾ ਹੈ। ਬਾਲੀ ਵਿਚ ਆਇਆ ਪਰਿਵਰਤਨ ਅਤੇ ਗਿਆਨੀ ਵਿਚ ਆਇਆ ਪਰਿਵਰਤਨ ਦੋਵੇਂ ਅਲੱਗ-ਅਲੱਗ ਦਿਸਦੇ ਪ੍ਰਤੀਤ ਹੁੰਦੇ ਹਨ।

ਪਰਿਵਰਤਨ ਕਿਸ ਹੱਦ ਤੱਕ ਆਇਆ ਹੈ, ਪਰ ਅਸੀਂ ਜਦੋਂ ਉਸ ਨੂੰ ਲੱਭਣਾ ਸ਼ੁਰੂ ਕਰਨ ਲੱਗਦੇ ਹਾਂ ਜਿਸ ਨਾਲ ਕਈ ਪਛਾਣਾਂ ਤੋਂ ਪਰਦਾ ਉੱਠਦਾ ਹੈ। ਮਨੁੱਖ ਅਜਿਹੀ ਸਥਿਤੀ ਵਿਚ ਆਪਣੇ ਆਪ ਨੂੰ ਕਿੱਤੇ ਨਾ ਕਿੱਤੇ ਈਰਖਾਲੂ ਸੁਭਾ ਦਾ ਵਰਤਾਓ ਕਰਨ ਲੱਗ ਜਾਂਦਾ ਹੈ।ਪਰ ਅਸਲ ਪੱਖ ਤੋਂ ਉਹ ਪਰਿਵਰਤਨ ਕਈ ਜਗ੍ਹਾ ਤੇ ਆ ਕੇ ਇੱਕ ਵਿਖਾਵੇ ਤੋਂ ਵੱਧ ਹੋਰ ਕੁੱਝ ਨਹੀਂ ਹੁੰਦਾ। ਜੋ ਮਨੁੱਖ ਵਿਚ ਅਜਿਹੇ ਵਾਤਾਵਰਨ ਵਿਚਲੀ ਘੁੱਟਣ ਨੂੰ ਮਹਿਸੂਸ ਕਰਦਾ ਉਸ ਤੋਂ ਦੂਰ ਹੁੰਦਾ ਰਹਿੰਦਾ ਹੈ ਜਿਸ ਕਾਰਨ ਘੁੱਟਣ ਦੇ ਝਰੋਖੇ ਵਿਚ ਪਿਆ ਅਸਤਿਤਵ ਸੰਕਟ ਸਾਫ਼ ਨਜ਼ਰ ਆਉਣ ਲੱਗ ਜਾਂਦਾ ਹੈ ਜੋ ਅਸਤਿਤਵ ਸੰਕਟ ਦੇ ਉਪਜਣ ਦਾ ਕਾਰਨ ਬਣਦਾ ਹੈ।

ਸਭਿਆਚਾਰ ਕਦਰਾਂ ਕੀਮਤਾਂ ਨੂੰ ਮਨੁੱਖ ਨਹੀਂ ਛੱਡ ਸਕਦੇ।ਉਹ ਕੱਲ੍ਹ ਵੀ ਸਮਾਜ ਇਹੋ ਸਨ ਤੇ ਅੱਜ ਵੀ ਇਹੋ ਹਨ। ਪੜ੍ਹਿਆਂ ਲਿਖਿਆਂ ਵਿਅਕਤੀ ਵੀ ਸਮਾਜ ਨੂੰ ਉਸ ਦੇ ਬਣਾਏ ਨਿਯਮਾਂ ਵਜੋਂ ਹੀ ਵਰਤਦਾ ਹੈ। ਉਹ ਆਪਣੀ ਮਰਜ਼ੀ ਤਾਂ ਕਰਨੀ ਚਾਹੁੰਦਾ ਹੈ ਪਰ ਉਸ ਦੀ ਇਸ ਮਰਜ਼ੀ ਨੂੰ ਗ਼ਲਤ ਕਹਿ ਕੇ ਟਾਲ ਦਿੱਤਾ ਜਾਂਦਾ ਹੈ। ਕੁੱਝ ਕੁ ਅੱਜ ਦੇ ਸਮੇਂ ਵਿਚ ਮਨੁੱਖ ਦੇ ਅੰਦਰ ਸਬਰ ਤੇ ਸੰਤੁਸ਼ਟੀ ਖ਼ਤਮ ਹੋ ਗਈ ਹੈ ਤਾਂ ਹੀ ਤਾਂ ਅੱਜ ਦਾ ਮਨੁੱਖ ਮਰਜ਼ੀ ਨਾਲ ਪ੍ਰਾਪਤ ਕੀਤੀ ਵਾਲੀ ਚੀਜ਼ ਤੋਂ ਆਪਣੇ ਆਪ ਨੂੰ ਦੂਰ ਸਮਝਦਾ ਹੈ। ਇਹੀ ਕਾਰਨ ਹੈ ਕਿ ਅੱਜ ਸੁਸਾਇਡ ਵਰਗੇ ਖ਼ਤਰੇ ਵੱਧ ਗਏ ਹਨ।

ਅਜਿਹੀ ਸਥਿਤੀ ਵਿਚ ਮਨੁੱਖ ਦਾ ਆਪਣੇ ਨਾਲੋਂ ਅਲਗਾਉ ਪੈਦਾ ਕਰਦਾ ਹੈ ਜਿਸ ਦੇ ਨਤੀਜੇ ਵੀ ਅਸਤਿਤਵ ਸੰਕਟ ਅਤੇ ਨਿਰਾਸ਼ ਵਰਗੇ ਕਾਰਨ ਉਸ ਵਿਅਕਤੀ ਤੋਂ ਉਸ ਦੀ ਜਾਨ ਤੱਕ ਖੋਹ ਲੈਂਦੇ ਹਨ। ਇਸ ਮਸਲੇ ਨੂੰ ਵੀ ਇਸ ਨਾਵਲ ਦਾ ਹਿੱਸਾ ਬਣਾ ਕੇ ਪੇਸ਼ ਕੀਤਾ ਗਿਆ ਹੈ।

> ਦੋ ਹਫ਼ਤਿਆਂ ਬਾਅਦ ਜਦ ਉਹ ਵਾਪਸ ਆਇਆ ਤਾਂ ਸਭ ਤੋਂ ਪਹਿਲਾਂ ਉਹ ਨੂੰ ਕੈਲਾਸ਼ ਮਿਲਿਆ ਸੀ।
>
> ਫਿਰ ਕੀ ਖ਼ਬਰ ਐ? ਹਰਦਿਆਲ ਨੇ ਹੱਸਦਿਆਂ ਪੁੱਛਿਆ ਸੀ।
>
> ਤੈਨੂੰ ਪਤੈ ਉਹ ਜੇਹੜੀ ਕੈਮਿਸਟਰੀ ਵਾਲੀ ਜੋੜੀ ਆ?
>
> ਆਹੋ, ਮੁੰਡੇ ਦਾ ਨਾਂ ਰਾਕੇਸ਼ ਆ ਤੇ ਕੁੜੀ ਦਾ ਆਰਤੀ ਆ
>
> ਉਹ ਕੁੜੀ ਨੇ ਸੁਈਸਾਈਡ ਕਰ ਲਿਆ।
>
> ਆਹੋ। ਉਸੇ ਡਿਪਾਰਟਮੈਂਟ ਦਾ ਮੇਰਾ ਇੱਕ ਪੁਰਾਣਾ ਆੜੀ ਆ। ਉਹੀ ਦੱਸਦਾ ਸੀ ਕਿ ਕੁੜੀ ਅਰੋੜਿਆਂ ਦੀ ਸੀ ਤੇ ਮੁੰਡਾ ਚਮਾਰਾਂ ਦਾ। ਕੁੜੀ ਦੇ ਘਰ ਵਾਲੇ ਨਹੀਂ ਸੀ ਮੰਨਦੇ।ਪਿੰਡ ਗਈ ਨੇ ਦਵਾਈ ਖਾ ਲਈ। [19]

ਅੱਜ ਦਾ ਸਮਾਜ ਚਾਹੇ ਵਿਗਿਆਨ ਅਤੇ ਅਗਾਂਹ ਵਧੂ ਸੋਚ ਦਾ ਧਾਰਨੀ ਕਿਉਂ ਨਾ ਹੋਵੇ ਅਸੀਂ ਆਪਣੇ ਧਰਮ, ਜਾਤ, ਅਤੇ ਉੱਚ ਨੀਚ ਵਰਗੇ ਫ਼ਰਕਾਂ ਨੂੰ ਨਹੀਂ ਛੱਡ ਪਾਉਂਦੇ। ਇਸ ਧਰਮ ਦੀ ਜਾਤ ਦੀ ਆੜ ਵਿਚ ਆ ਕੇ ਪਤਾ ਨਹੀਂ ਕਿੰਨੀਆਂ ਹੀ ਜਾਨਾ ਕਿਉਂ ਨਾ ਚਲੀਆਂ ਗਈਆਂ ਹੋਇਆ ਹੋਣ।ਨਾਵਲ ਵਿਚ ਦਰਸਾਏ ਗਏ ਪਾਤਰ ਰਾਕੇਸ਼ ਅਤੇ ਆਰਤੀ ਨੂੰ ਸਮਾਜ ਅਤੇ ਪਰਵਾਰ ਵੱਲੋਂ ਮਨਾਹੀ ਮਿਲਣ ਤੇ ਆਰਤੀ ਦਾ ਦਵਾਈ ਖਾ ਕੇ ਮਰ ਜਾਣਾ ਨਿਰਾਸ਼ਾ ਦਾ ਮੁੱਖ ਕਾਰਨ ਹੈ। ਨਿਰਾਸ਼ਾ ਤਨਾਉ ਅਤੇ ਅਲਗਾਉ ਪੈਦਾ ਕਰਦੀ ਹੈ। ਨਿਰਾਸ਼ਾ ਮਨੁੱਖ ਅੰਦਰ ਵਿਕਾਰ ਪੈਦਾ ਕਰਦੀ ਹੈ ਜੋ ਮਨੁੱਖ ਦੇ ਅਸਤਿਤਵ ਨੂੰ ਸੰਕਟ ਦੀ ਉਸ ਸੀਮਾ ਤੱਕ ਲੈ ਜਾਂਦੇ ਹਨ ਕਿ ਮਨੁੱਖ ਆਪਣੀ ਜ਼ਿੰਦਗੀ ਨਾਲ ਵੀ ਅਲਗਾਉ ਅਤੇ ਇਕੱਲਤਾ ਕਾਰਨ ਆਪਣੀ ਜਾਨ ਤੱਕ ਗੁਆ ਬੈਠਦਾ ਹੈ।

ਭਾਰਤ ਵਿਚ ਜਾਤ-ਪਾਤ, ਗ਼ੋਤਾ ਦੀ ਵੱਖਰਤਾ ਕਈ ਸਦੀਆਂ ਤੋਂ ਇਸੇ ਤਰ੍ਹਾਂ ਦੀ ਪ੍ਰਥਾ ਚਲਦੀ ਆ ਰਹੀ ਹੈ। ਜਿਸ ਕਾਰਨ ਮਨੁੱਖ ਇੱਕ ਦੂਜੇ ਨੂੰ ਅਲੱਗ-ਅਲੱਗ ਸਮਝਦੇ ਹਨ। ਅਸੀਂ ਆਪਣੀਆਂ ਜਾਤਾਂ ਨੂੰ ਆਪਣੀ ਪਛਾਣ ਦਾ ਵੱਡਾ ਚਿੰਨ੍ਹ ਸਮਝ ਕੇ ਅੱਗੇ ਰੱਖਦੇ ਹਨ।

ਜਾਤਾਂ ਦੀ ਗਿਣਤੀ ਦੇ ਅਧਾਰ ਤੇ ਧਰਮ ਦੇ ਰਾਜਨੀਤਿਕ ਖੇਤਰ ਵਿਚ ਆਉਣ ਦੀ ਲੜੀ ਸ਼ੁਰੂ ਹੁੰਦੀ ਹੈ। ਜਿਸ ਦਾ ਇੱਕ ਹਾਲ ਇਸ ਨਾਵਲ ਦਾ ਵੀ ਹਿੱਸਾ ਹੈ ਜੋ ਮਨੁੱਖ ਦੇ ਅਸਤਿਤਵ ਨਾਲ ਹੋ ਰਹੇ ਧੱਕੇ ਵਾਂਗ ਹਨ।

> ਸਾਡੇ ਮੁਲਕ ਵਿਚ ਜਾਤ-ਪਾਤ ਬਹੁਤ ਵੱਡਾ ਰੋਲ ਨਿਭਾਉਂਦੀ ਆ। ਸਿਆਸਤ ਦੇਖ ਲਓ ਜਿਸ ਹਲਕੇ'ਚ ਜਿਹੜੀ ਜਾਤ ਦੀ ਬਹੁ-ਗਿਣਤੀ ਹੋਵੇਗੀ ਉਹ ਜਾਤ ਦਾ ਕੈਂਡੀਡੇਟ ਸਾਰੀਆਂ ਪਾਰਟੀਆਂ ਖੜ੍ਹਾ ਕਰਨਗੀਆਂ ਸਾਡੇ ਗ਼ੋਤਾ ਵਿਚ ਵੀ ਜਾਤ ਲੁਕੀ ਹੁੰਦੀ ਆ। ਸਾਡੇ ਇਲਾਕੇ ਵਿਚ ਵੀ ਤੇ ਪਿੰਡਾ ਵਿਚ ਵੀ ਜਾਤਾਂ ਹਨ। [20]

ਜਾਤਾਂ-ਪਾਤਾ ਮਨੁੱਖ ਦੁਆਰਾ ਸਿਰਜੀਆ ਗਿਆ ਅਜਿਹਾ ਪ੍ਰਬੰਧ ਹੈ ਜਿਸ ਦੇ ਦੁਆਰਾ ਸਮਾਜ ਅਤੇ ਧਰਮ ਦੀ ਰਾਜਨੀਤੀ ਖੇਡੀ ਜਾਂਦੀ ਹੈ। ਮਨੁੱਖ ਦੇ ਗੋਤ, ਉਸ ਦੀ ਪਛਾਣ ਅਸਲੋਂ ਝੂਠੀ ਪੈ ਜਾਂਦੀ ਹੈ। ਇਹ ਗੱਲ ਆਮ ਆ ਕੇ ਜਿਸ ਜਾਤ ਦੀ ਬਹੁਮਤ ਹੋਵੇਗੀ ਉਸ ਜਾਤ ਦਾ ਕੈਂਡੀਡੇਟ ਵੱਧ ਵੋਟਾਂ ਦੇ ਸਿਰ ਤੇ ਜਿੱਤ ਜਾਵੇਗਾ ਇਸ ਆਸ ਨਾਲ ਬਾਕੀ ਦੇ ਕੈਂਡੀਡੇਟ ਜੋ ਘੱਟ ਗਿਣਤੀ ਕਾਰਨ ਪਿੱਛੇ ਰਹਿ ਜਾਂਦੇ ਹਨ ਉਨ੍ਹਾਂ ਲਈ ਨਿਰਾਸ਼ਤਾ ਦੀ ਸਥਿਤੀ ਪੈਦਾ ਕਰਦੇ ਹਨ।

ਪਦਾਰਥਾਂ ਦੀ ਖਿੱਚੋ ਧੂਈ ਕਾਰਨ ਆਪਣੇ ਆਪ ਮਨੁੱਖ ਆਪਣੇ ਅਸਤਿਤਵ ਨੂੰ ਸੰਕਟ ਵਿਚ ਰੱਖਦਾ ਹੈ। ਜਾਤਾਂ ਪਾਤਾ ਦਾ ਇਹ ਸਿਸਟਮ ਕਿਸ ਹੱਦ ਦੀ ਪੇਸ਼ਕਾਰੀ ਕਰ ਕੇ ਮਨੁੱਖ ਨੂੰ ਦੂਸਰੇ ਵੱਧ ਗਿਣਤੀ ਜਾਤਾਂ ਵਾਲੇ ਘੱਟ ਗਿਣਤੀ ਵਿਚ ਰੱਖਦੇ ਹਨ ਜਿਸ ਦੁਆਰਾ ਮਨੁੱਖ ਅਸਤਿਤਵ ਸੰਕਟ ਨਾਲ ਜੂਝਦਾ ਹੈ।

ਸਾਡੇ ਜੀਵਨ ਜਿਊਣ ਦੇ ਤਰੀਕੇ ਸਾਡੀਆਂ ਲੋੜਾਂ ਹਰ ਜਗ੍ਹਾ ਤੇ ਸਮਾਜ ਦੇ ਬਣਾਏ ਨਿਯਮ ਭਾਰੂ ਹੁੰਦੇ ਆ ਰਹੇ ਹਨ ਇਹ ਹਾਲ ਦੀ ਦਾਸਤਾ ਉੱਨੀ ਪੁਰਾਣੀ ਹੈ ਜਿਨ੍ਹਾਂ ਪੁਰਾਣਾ ਸਾਡਾ ਪੰਜਾਬੀ ਸਾਹਿਤ, ਲੋਕ ਗਾਥਾਵਾਂ ਦਾ।ਸਾਡੀਆਂ ਪ੍ਰੇਮ ਗਾਥਾਵਾਂ ਵਿਚ ਪੇਸ਼ ਅਸਤਿਤਵ ਸੰਕਟ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹੈ। ਭਾਵੇਂ ਅਸੀਂ ਮਾਡਰਨ ਸਮੇਂ ਦੇ ਵਸਨੀਕ ਹਾਂ ਪਰ ਫੇਰ ਵੀ ਸਮਾਜ ਅੰਦਰ ਅਸਤਿਤਵ ਨੂੰ ਟੁੰਬਣ ਵਾਲੇ ਸਰੋਕਾਰ ਪੈਦਾ ਹੁੰਦੇ ਹਨ ਜੋ ਅਸਤਿਤਵ ਸੰਕਟ ਦਾ ਮੁੱਖ ਕਾਰਨ ਬਣਦਾ ਹੈ।

> ਸ਼ਿਵ ਅਤੇ ਕੈਲਾਸ਼ ਹਰਦਿਆਲ ਦੇ ਕਮਰੇ 'ਚ ਆ ਗਏ। "ਸਾਲਾ ਮਨ ਬੌਂਤ ਉਦਾਸ ਆ," ਕੈਲਾਸ਼ ਨੇ ਤਕਰੀਬਨ ਸਾਰਿਆਂ ਦੀ ਮਨ ਦੀ ਹਾਲਤ ਨੂੰ ਬਿਆਨ ਹ ਕੀਤਾ ਸੀ।
>
> ਫਿਰ ਸਾਰੇ ਚੁੱਪ ਹੋ ਗਏ।
>
> ਸ਼ਾਇਦ ਇਹ ਸਾਰੇ ਆਮ ਲੋਕਾਂ ਵਾਂਗ ਛੋਟੀਆਂ-ਛੋਟੀਆਂ ਗੱਲਾ ਕਰਨ ਦੇ ਅਸਮਰਥ ਨੇ, ਹਰਦਿਆਲ ਦੇ ਮਨ 'ਚ ਸੋਚ ਉੱਭਰੀ। ਆਖ਼ਿਰ ਕਿਸੇ ਨੇ ਵੀ ਰੱਬ ਦੇ ਭਾਣੇ ਦੀ ਗੱਲ ਨਹੀਂ ਕੀਤੀ ਸੀ। ਕਿਸਮਤ ਤੇ ਕਰਮਾਂ ਦਾ ਜ਼ਿਕਰ ਨਹੀਂ ਛਿੜਿਆ ਸੀ। ਕਿਸੇ ਨੇ ਇਹ ਵੀ ਨਹੀਂ ਕਿਹਾ ,ਜੋ ਰੱਬ ਨੂੰ ਮਨਜ਼ੂਰ ਸੀ ਉਹ ਹੋ ਗਿਆ। ਹਰਦਿਆਲ ਨੂੰ ਅਹਿਸਾਸ ਹੋਇਆ ਕਿ ਸਾਡੀਆਂ ਪ੍ਰੇਮ ਕਥਾਵਾਂ ਦਾ ਆਧਾਰ ਅਜਿਹੇ ਦੁਖਾਂਤ ਹੀ ਸਨ। ਰਾਂਝਾ, ਮਿਰਜ਼ਾ, ਮਹੀਂਵਾਲ ਵਰਗੇ ਸਾਰੇ ਪ੍ਰੇਮੀ ਮਰਦੇ ਸਨ ਨਾਲ ਹੀ ਮਾਸ਼ੂਕ ਮਰਦੀ ਸੀ, ਜਾ ਪਹਿਲਾਂ ਮਾਸ਼ੂਕ ਮਰਦੀ ਸੀ ਤੇ ਬਾਅਦ ਵਿਚ ਉਹ ਮਰਦੇ ਸਨ।
>
> ਵੈਸੇ ਦੇਖਿਆ ਜਾਏ ਤਾਂ ਬੰਦਾ ਸਮਾਜ ਤੋਂ ਦੋੜ ਨਹੀਂ ਸਕਦਾ।[21]

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਉਹ ਸਮਾਜ ਤੋਂ ਦੂਰ ਨਹੀਂ ਭੱਜ ਸਕਦਾ। ਸਮਾਜ ਵਿਚ ਵਿਚਰ ਕੇ ਹੀ ਮਨੁੱਖ ਆਪਣੇ ਆਪ ਨਾਲ ਜੁੜਿਆ ਰਹਿੰਦਾ ਹੈ। ਪਰ ਸਾਡਾ ਇਹ ਸਮਾਜ ਕੁੱਝ ਵਿਸ਼ੇਸ਼ ਪ੍ਰਕਾਰ ਦੇ ਨਿਯਮਾਂ ਕਾਰਨ ਮਨੁੱਖ ਹੁਣ ਤੱਕ ਨਿਰਾਸ਼ ਹੁੰਦਾ ਆ ਰਿਹਾ ਹੈ।ਇਸ ਦੀ ਪਛਾਣ ਸਾਨੂੰ ਇਤਿਹਾਸ ਵਿਚ ਲਿਖੇ ਗਏ ਕਿੱਸਿਆਂ ਤੋਂ ਮਿਲਦੀ ਹੈ। ਉਹ ਕਿਸੇ ਜਿਨ੍ਹਾਂ ਦਾ ਅੰਤ ਦੁਖਾਂਤਕ ਹੋਣ ਕਾਰਨ

ਪ੍ਰੇਮੀ ਅਤੇ ਪ੍ਰੇਮਿਕਾ ਸਮਾਜ ਵਿਚ ਇਕੱਲਤਾ ਨੂੰ ਨਿਭਾਉਂਦੇ ਹੋਏ ਇਸ ਸਮਾਜ ਦੇ ਨਿਯਮਾਂ ਨੂੰ ਨਾ ਮੰਨਦੇ ਹੋਏ ਆਪਣੀ ਜਾਨ ਤੱਕ ਦੇ ਦਿੰਦੇ ਹਨ। ਇਸ ਨਾਵਲ ਵਿਚਲੀ ਪਾਤਰ ਆਰਤੀ ਦੀ ਮੌਤ ਦੇ ਬਾਅਦ ਹਰਦਿਆਲ ਅਤੇ ਉਸ ਦੇ ਸਾਥੀ ਸਮਾਜ ਵਿਚ ਪੇਸ਼ ਇੱਕ ਅਜਿਹੀ ਪਛਾਣ ਤੋਂ ਮੁਖ਼ਾਤਬ ਹੁੰਦੇ ਹਨ ਜਿਸ ਕਾਰਨ ਸਮਾਜ ਆਪਣੇ ਨਿਯਮਾਂ ਦੀ ਪ੍ਰਬੰਧਤਾ ਦਿਖਾਉਂਦਾ ਨਜ਼ਰ ਆਉਂਦਾ ਹੈ ਜੋ ਵਿਅਕਤੀ ਦੇ ਅਸਤਿਤਵ ਨੂੰ ਇੱਕ ਸੰਕਟ ਵੱਜੋ ਪੇਸ਼ ਕਰਦਾ ਹੈ।

ਤਬਦੀਲੀ ਦਾ ਆਉਣਾ ਇੱਕ ਮਨੁੱਖੀ ਜੀਵਨ ਦਾ ਨਿਰਾ ਪੂਰਾ ਜੀਵਨ ਢੰਗ ਹੈ। ਸਮੇਂ ਨਾਲ ਹਰ ਵਿਅਕਤੀ ਅੰਦਰ ਤਬਦੀਲੀ ਆਉਂਦੀ ਹੈ। ਕੋਈ ਵੀ ਵਿਅਕਤੀ ਹੈ ਉਹ ਕਿਸੇ ਨਾ ਕਿਸੇ ਵਿਅਕਤੀ ਜਾਂ ਵਸਤੂ ਦੇ ਸੰਪਰਕ ਵਿਚ ਆਉਣ ਨਾਲ ਬਦਲਦਾ ਹੈ।ਬਹੁਤੀ ਜਗ੍ਹਾ ਇਹ ਬਦਲਾਵ ਜਾਇਜ਼ ਹੈ ਪਰ ਕਈ ਵਾਰ ਮਨੁੱਖ ਉਨ੍ਹਾਂ ਕਾਰਨਾਂ ਤੋਂ ਪ੍ਰਭਾਵਿਤ ਹੁੰਦਾ ਹੈ ਜੋ ਸਿਰਫ਼ ਇੱਕ ਬਦਲਾਵ ਹੀ ਲਿਆਉਂਦੇ ਹਨ। ਪਰ ਇਹ ਬਦਲਾਵ ਜਿਨ੍ਹਾਂ ਮਨੁੱਖ ਦੀ ਪਹਿਚਾਣ ਤੇ ਪ੍ਰਭਾਵ ਪਾਉਂਦਾ ਹੈ ਬਹੁਤੀ ਵਾਰ ਉਹ ਇੱਕ ਤਨ ਦਿਖਾਵਾ ਹੀ ਹੁੰਦਾ ਹੈ।ਇੱਕ ਪਛਾਣ 'ਚੋ ਨਿਕਲ ਕੇ ਦੂਸਰੀ ਨੂੰ ਅਪਣਾਉਣਾ ਇੱਕ ਨਿਰੰਤਰ ਪ੍ਰਕਿਰਿਆ ਦਾ ਕਾਰਜ ਹੈ।ਧਰਮ ਜਾਂ ਕਿਸੇ ਲਹਿਰ ਦੇ ਪ੍ਰਭਾਵ ਹੇਠ ਆਉਣ ਵਾਲਾ ਪਰਿਵਰਤਨ ਜ਼ਿਆਦਾਤਰ ਸਾਡੇ ਅਸਤਿਤਵ ਨੂੰ ਇੱਕ ਦੁਵਿਧਾ 'ਚ ਹੀ ਫਸਾਉਂਦਾ ਹੈ। ਇਸ ਤਰ੍ਹਾਂ ਦੀ ਦੁਵਿਧਾ ਬਹੁਤੀ ਵਾਰ ਨਿਰਾਸ਼ਾ ਦਾ ਰੂਪ ਧਾਰਨ ਕਰਦੀ ਹੈ।

> ਹਮੇਸ਼ਾ ਦੀ ਤਰ੍ਹਾਂ ਉਹ ਗਿਆਨ ਨੂੰ ਮਿਲਣ ਗਿਆ ਸੀ। ਕੜੇ ਦੇ ਨਾਲ-ਨਾਲ ਉਸ ਦੇ ਕੇਸ ਵੀ ਵਧਣੇ ਸ਼ੁਰੂ ਹੋ ਗਏ ਸਨ। ਜਦੋਂ ਉਹ ਗਿਆਨ ਨੂੰ ਮਿਲਿਆ ਸੀ ਤਾਂ ਉਹ ਨੇ ਸਿਰ 'ਤੇ ਸਾਫ਼ਾ ਬੰਨ੍ਹਿਆ ਹੋਇਆ ਸੀ। ਹਰਦਿਆਲ ਨੂੰ ਗਿਆਨ ਵਿਚ ਆਈ ਤਬਦੀਲੀ ਇਸ ਕਰ ਕੇ ਦੁਖੀ ਕਰ ਰਹੀ ਸੀ ਕਿ ਕਿਸੇ ਸਮੇਂ ਉਹ ਨਾ ਸਿਰਫ਼ ਖੱਬੇ ਪੱਖੀ ਜੁਝਾਰੂ ਵਿਦਿਆਰਥੀ ਲਹਿਰ ਦਾ ਹਿੱਸਾ ਸਨ, ਬਲਕਿ ਪਿੰਡ ਵਿਚ ਵੀ ਕਈਆਂ ਨਾਲ ਰੱਬ ਤੇ ਧਰਮ ਨੂੰ ਲੈ ਕੇ ਸਿੰਗ ਫਸਾ ਲੈਂਦੇ ਸਨ। ਪਰ ਦੋਸਤ ਸੀ। ਪਿਆਰ ਸੀ,'ਤੇ ਸਾਂਝ ਸੀ। ਹਰਦਿਆਲ ਨੇ ਉਹਦੇ ਵਿਚ ਆ ਰਹੀ ਤਬਦੀਲੀ ਨੂੰ ਕਿਸੇ ਵੀ ਘਟਣਾ ਦਾ ਕਾਰਨ ਨਾਲ ਜੋੜਨ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਬਾਲੀ ਅਮਲੀ ਪੂਰਾ ਸਿੰਘ ਸੱਜ ਗਿਆ ਸੀ।[22]

ਔਰਤ ਸਮਾਜ ਅੰਦਰ ਚਾਹੇ ਸਭ ਤੋਂ ਵੱਧ ਅਹਿਮ ਅੰਗ ਹੈ। ਪਰ ਉਸ ਨੂੰ ਸਮਾਜ ਵਿਚ ਉਹ ਦਰਜਾ ਅੱਜ ਵੀ ਨਹੀਂ ਮਿਲ ਰਿਹਾ ਜੋ ਉਸ ਦਾ ਹੱਕ ਹੈ। ਔਰਤ ਦਾ ਅਸਤਿਤਵ ਕੱਲ੍ਹ ਵੀ ਸੰਕਟ ਵਿਚ ਸੀ ਤੇ ਅੱਜ ਵੀ ਸੰਕਟ ਵਿਚ ਹੀ ਹੈ। ਔਰਤ ਮਰਦ ਪ੍ਰਧਾਨ ਸਮਾਜ ਦੇ ਦਬਾਅ ਹੇਠ ਦਬਾਈ ਜਾਂਦੀ ਰਹੀ ਹੈ। ਔਰਤ ਦੀ ਇੱਕ ਮਾਨਸਿਕ ਡਰ ਵਾਲੀ ਸਥਿਤੀ ਉੱਤੇ ਇਸ ਨਾਵਲ ਵਿਚ ਪੇਸ਼ ਕੀਤਾ ਵਿਸ਼ਾ ਇਸ ਨਾਵਲ ਦੇ ਜ਼ਰੀਏ ਸਮਾਜ ਨੂੰ ਔਰਤ ਦੀ ਦਬਾਅ ਦੀ ਸਥਿਤੀ ਨੂੰ ਪੇਸ਼ ਕਰਦਾ ਹੈ ਜਿਵੇਂ:-

> ਮੇਰੇ ਚਾਹੁਣ ਨਾਲ ਕੋਈ ਫ਼ਰਕ ਨਹੀਂ ਪੈਣਾ। ਮੇਰਾ ਪਿਓ ਤਕੜਾ ਬਦਮਾਸ਼,ਪਰ ਪੜ੍ਹਿਆ ਲਿਖਿਆ ਆ। ਮਾਂ ਮੇਰੀ ਸਧਾਰਨ ਜਿਹੀ ਆ। ਮੇਰੇ ਐਮ.ਏ, ਕਰਨ ਤੋਂ ਬਾਅਦ ਉਹ ਨੇ ਮੇਰਾ ਵਿਆਹ ਕਰ ਦੇਣਾ ਆ। ਜੇ ਚੂੰ ਚਾਂ ਕੀਤੀ ਤਾਂ ਕੋਈ ਹੈਰਾਨੀ ਨਹੀਂ ਮੈਨੂੰ ਮਾਰ ਵੀ ਦੇਵੇ। [23]

ਇਸ ਵਲ ਵਿਚ ਪੇਸ਼ "ਮੀਕੀ" ਨਾਮ ਦੀ ਪਾਤਰ ਜੋ ਇੱਕ ਪੜ੍ਹੀ ਲਿਖੀ ਔਰਤ ਹੈ। ਉਸ ਦਾ ਉਸ ਦੇ ਪਿਤਾ ਵੱਲੋਂ ਬਣਾਇਆ ਡਰ ਦਾ ਦਬਾਅ ਉਸ ਨੂੰ ਉਹ ਸਾਰੀਆਂ ਹੱਦਾਂ ਪਾਰ ਕਰਨ ਦੀ ਸ਼ਹਿ ਦਿੰਦਾ ਹੈ ਜੋ ਸਭਿਆਚਾਰ ਵਿਚ ਮੰਨਣ ਯੋਗ ਨਹੀਂ ਹੈ। ਮੀਕੀ ਨੂੰ ਪਤਾ ਹੈ ਉਸ ਦਾ ਪਿਤਾ ਆਪ ਚਾਹੇ ਕਿੰਨਾ ਵੀ ਖ਼ਰਾਬ ਕਿਸਮ ਦਾ ਇਨਸਾਨ ਕਿਉਂ ਨਾ ਹੋਵੇ ਪਰ ਆਪਣੀ ਮਰਜ਼ੀ ਤੋਂ ਬਿਨਾ ਉਹ ਉਸ ਨੂੰ ਕਿੱਤੇ ਹੋਰ ਵਿਆਹ ਨ੍ਹੀ ਕਰਾਉਣ ਦੇਵੇਗਾ। ਇਸ ਨਾਲ ਮੀਕੀ ਦੀ ਜ਼ਿੰਦਗੀ ਮਰਦ ਪ੍ਰਧਾਨ ਸਮਾਜ ਦੇ ਡਰ ਅੰਦਰ ਦੱਬੀ ਰਹਿ ਜਾਂਦੀ ਹੈ।

ਅੱਜ ਦੀ ਜੇਕਰ ਪੜ੍ਹੀ ਲਿਖੀ ਔਰਤ ਦਾ ਆਪਣੀਆਂ ਇੱਛਾਵਾਂ ਤੇ ਹੱਕ ਨਹੀਂ ਹੋਵੇਗਾ ਤਾਂ ਉਸ ਦਾ ਅਸਤਿਤਵ ਆਪਣੇ ਆਪ ਸੰਕਟ ਵਿਚ ਆ ਜਾਵੇਗਾ ਕਿਉਂਕਿ ਮਨੁੱਖ ਦੀਆਂ ਇੱਛਾਵਾਂ ਦਾ ਮਰ ਜਾਣਾ ਨਿਰਾਸ਼ਾ ਦਾ ਸਭ ਤੋਂ ਵੱਡਾ ਕਾਰਨ ਹੈ।

ਇੱਕ ਦੂਸਰੇ ਦੀ ਅਧੀਨਤਾ ਨੂੰ ਸਵੀਕਾਰ ਨਾ ਦੀ ਹਾਲਤ ਵਿਚ ਅਕਸਰ ਗੱਲ ਯੁੱਧਾਂ ਤੱਕ ਪਹੁੰਚ ਜਾਂਦੀ ਹੈ। ਇਹ ਰਣਨੀਤੀ ਅੱਜ ਤੋਂ ਕਈ ਸੋ ਸਾਲ ਪਹਿਲਾਂ ਵੀ ਅਪਣਾਈ ਜਾਂਦੀ ਰਹੀ ਹੈ। ਇਸ ਰਣਨੀਤੀ ਦਾ ਅਸਲ ਮੁਕਾਬਲਾ ਤਾਂ ਯੁੱਧ ਵਿਚ ਲੜ ਰਹੇ ਸੈਨਿਕਾਂ ਨੂੰ ਭੁਗਤਣਾ ਪੈਂਦਾ ਹੈ ਜਦਕਿ ਮੋਹਰਦਾਰ ਖੜ੍ਹ ਕੇ ਤਮਾਸ਼ਾ ਹੀ ਦੇਖਦੇ ਹਨ। ਉਹ ਲੋਕ ਜੋ ਬਿਨਾਂ ਕਿਸੇ ਵਿਰੋਧ ਤੋਂ ਵੀ ਕਿਸੇ ਹੋਰ ਦਾ ਵਿਰੋਧ ਹੰਢਾਅ ਰਹੇ ਹੁੰਦੇ ਹਨ ਉਨ੍ਹਾਂ ਦਾ ਅਸਤਿਤਵ ਤਾਂ ਅਗਿਆਨਤਾ ਦੇ ਹਨੇਰੇ ਵਿਚ ਡੁੱਬ ਕੇ ਰਹਿ ਜਾਂਦਾ ਹੈ। ਅਜਿਹਾ ਹਾਲ ਹੀ ਇਸ ਨਾਵਲ ਵਿਚ ਪੇਸ਼ ਕੀਤੇ ਭਿੰਡਰਾਂਵਾਲਾ ਅਤੇ ਨਿਰੰਕਾਰੀਆਂ ਵਿਚਕਾਰਲੇ ਵਿਰੋਧ ਦਾ ਖ਼ਮਿਆਜ਼ਾ ਧਰਮ ਨਾਲ ਜੁੜੇ ਆਮ ਲੋਕਾਂ ਨੂੰ ਪੈ ਰਿਹਾ ਹੈ।ਜਿਵੇਂ:-

> ਕਲ ਵਿਸਾਖੀ ਆ। ਨਿਰੰਕਾਰੀਆਂ ਦਾ ਵੱਡਾ ਦਰਬਾਰ ਵੀ ਅੰਮ੍ਰਿਤਸਰ ਆ। ਨੌਜਵਾਨ ਸੰਤ ਭਿੰਡਰਾਂ ਵਾਲੇ ਕੋਈ ਵੱਡੀ ਗੱਲ ਕਰ ਸਕਦਾ ਆ।
>
> ਜਿਵੇਂ ਕਿ?
>
> ਨਿਰੰਕਾਰੀਆਂ 'ਤੇ ਹਮਲਾ ਵੀ ਹੋ ਸਕਦੈ ਸ਼ਿਵ ਦਾ ਉੱਤਰ ਸੀ।[24]

ਵਿਸਾਖੀ ਵਰਗੇ ਪਵਿੱਤਰ ਦਿਹਾੜੇ ਨੂੰ ਵੀ ਧਰਮ ਦੇ ਪੈਰੋਕਾਰ ਆਪਣਾ ਨਿਸ਼ਾਨਾ ਬਣਾਉਣ ਤੋਂ ਗੁਰੇਜ਼ ਨਹੀਂ ਕਰਦੇ।

ਧਰਮ ਦੇ ਨਾਮ ਤੇ ਇਕੱਠਾ ਕਰ ਕੇ ਆਪਣੀ ਕੂਟਨੀਤੀ ਦਾ ਬਾਖਿਆਨ ਕਰਵਾਉਣਾ ਉਨ੍ਹਾਂ ਧਾਰਮਿਕ ਭਾਵਨਾ ਦਾ ਤਿਰਸਕਾਰ ਸੀ। ਇਨ੍ਹਾਂ ਭਾਵਨਾਵਾਂ 'ਤੇ ਬਹੁਤ ਸਾਰੇ ਮਨੁੱਖਾਂ ਦੀਆਂ ਧਾਰਮਿਕ ਕਦਰਾਂ ਕੀਮਤਾਂ ਨੂੰ ਉਨ੍ਹਾਂ ਦੇ ਮਨ ਅੰਦਰ ਦੀ ਹਾਲਤ ਵਿਚ ਨਕਾਰਾ ਕਰਨਾ ਸੀ। ਇਨ੍ਹਾਂ ਕੱਟੜ ਕੂਟਨੀਤੀਆਂ ਕਾਰਨ ਮਨੁੱਖ ਨੂੰ ਧਰਮ ਦੇ ਨਾਮ ਤੇ ਧੋਖਾ ਦੇਣਾ ਮਨੁੱਖ ਦੇ ਅਸਤਿਤਵ ਨੂੰ ਸੱਟ ਮਾਰਨਾ ਸੀ ਜਿਸ ਨਾਲ ਮਨੁੱਖ ਦਾ ਅਸਤਿਤਵ ਸੰਕਟ ਦੇ ਘੇਰੇ ਅੰਦਰ ਆਉਂਦਾ ਹੈ।

ਅਖ਼ਬਾਰਾਂ ਇੱਕ ਸੰਚਾਰ ਦਾ ਸਾਧਨ ਹਨ। ਦੇਸ਼ ਵਿਦੇਸ਼ ਦੀਆਂ ਖ਼ਬਰਾਂ ਨਾਲ ਮਨੁੱਖ ਨੂੰ ਜੋੜਨ ਦਾ ਕੰਮ ਕਰਦੀਆਂ ਹਨ। ਪਰ ਬਹੁਤੀ ਵਾਰ ਪੱਤਰਕਾਰ ਪੈਸੇ ਦੀ ਆੜ ਵਿਚ ਅਜਿਹੀਆਂ ਮਾਰੂ ਅਤੇ ਭੜਕਾਊ ਨਤੀਜੇ ਨਿਕਲਣ ਵਾਲੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਾਪਦੇ ਹਨ ਜੋ ਮਨੁੱਖਤਾ ਅੰਦਰ ਵਿਰੋਧ ਦੀ ਭਾਵਨਾ ਪੈਦਾ ਕਰਦੇ ਹਨ। ਮਨੁੱਖ ਅਸਲ ਸੱਚ ਨੂੰ ਪਛਾਣੇ ਬਿਨਾਂ ਇਨ੍ਹਾਂ ਝੂਠੀਆਂ ਖ਼ਬਰਾਂ ਦੇ ਦਬਾਅ ਵਿਚ ਆ ਕੇ ਮੈਂ ਦੀ ਆਵਾਜ਼ ਨੂੰ ਚੁੱਕਣ ਲਈ ਆਪਣੀ ਪਛਾਣ ਨੂੰ ਦੂਸਰੇ ਵਿਅਕਤੀਆਂ ਦੇ ਵਿਚਾਰਾ ਅਤੇ ਭਾਵਨਾਵਾਂ ਨੂੰ ਟੁੰਬਦਾ ਹੈ। ਇਸ ਤਰ੍ਹਾਂ ਦੀ ਅਸਤਿਤਵ ਸੰਕਟ ਦੀ ਸਮੱਸਿਆ ਨੂੰ ਇਸ ਨਾਵਲ ਵਿਚ ਹੇਠ ਦਿੱਤੇ ਅਨੁਸਾਰ ਦਰਸਾਇਆ ਗਿਆ ਹੈ।

> ਭਿੰਡਰਾਂਵਾਲੇ ਦੇ ਅਕਾਲੀਆਂ ਤੇ ਨਿਰੰਕਾਰਾ ਵਿਰੁੱਧ ਬਿਆਨ ਛਪ ਰਹੇ ਸਨ ਪਰ ਹਰਦਿਆਲ ਨੇ ਇਨ੍ਹਾਂ ਵਿਚ ਦੋ ਗੁੱਟਾਂ ਵਿਚਕਾਰ ਹੋਈ ਹਿੰਸਾ ਨੂੰ ਸਿੱਖਾਂ ਤੇ ਨਿਰੰਕਾਰੀਆਂ ਵਿਚਕਾਰ ਲੜਾਈ ਦਾ ਨਾਮ ਦੇ ਦਿੱਤਾ ਸੀ। ਨਿਰੰਕਾਰੀਆਂ ਵਿਰੁੱਧ ਪ੍ਰਚਾਰ ਤੇਜ਼ ਹੋ ਗਿਆ ਸੀ। ਉਨ੍ਹਾਂ ਦੁਆਰਾ ਸਿੱਖ ਗੁਰੂਆਂ ਦੀ ਬੇਅਦਬੀ ਬਾਰੇ ਕਾਫ਼ੀ ਕੁੱਝ ਛਪ ਰਿਹਾ ਸੀ।ਇੱਕ ਢੰਗ ਨਾਲ ਪ੍ਰਕਾਸ਼ ਸਿੰਘ ਬਾਦਲ ਉੱਤੇ ਨਿਰੰਕਾਰੀ ਮੱਤ ਗੁਰਚਰਨ ਸਿੰਗ ਨੂੰ ਗ੍ਰਿਫ਼ਤਾਰ ਕਰ ਕੇ ਕੇਸ ਚਲਾਉਣ ਦਾ ਦਬਾਅ ਪੈ ਰਿਹਾ ਸੀ।[25]

ਅਖ਼ਬਾਰਾਂ ਵਿਚ ਲੱਗੀ ਬਿਆਨ ਬਾਜ਼ੀ ਮਨੁੱਖ ਨੂੰ ਇਸ ਕਦਰ ਵਧਾ ਚੜਾਂ ਕੇ ਦੱਸੀ ਜਾਂਦੀ ਹੈ ਕਿ ਕਈ ਵਾਰ ਇਹ ਇੱਕ ਖ਼ਤਰਨਾਕ ਰੂਪ ਲੈ ਲੈਂਦੀ ਹੈ। ਜਿਵੇਂ ਇਸ ਨਾਵਲ ਵਿਚ ਪੇਸ਼ ਕੀਤੇ ਇਸ ਬਿਰਤਾਂਤ ਵਿਚ ਦਰਸਾਇਆ ਗਿਆ ਹੈ। ਕਿ ਭਿੰਡਰਾਂਵਾਲੇ ਅਤੇ

ਨਿਰੰਕਾਰੀਆਂ ਵਿਰੁੱਧ ਛਪ ਰਹੇ ਬਿਆਨਾਂ ਦੇ ਕਾਰਨ ਆਮ ਲੋਕ ਜੋ ਇਨ੍ਹਾਂ ਵਿਚੋਂ ਕਿਸੇ ਵੀ ਧਰਮ ਨਾਲ ਜੁੜੇ ਹੋਏ ਸਨ। ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਇਸ ਕਦਰ ਠੇਸ ਪਹੁੰਚਦੀ ਹੈ ਕਿ ਉਹ ਆਪਣੇ ਧਰਮ ਨੂੰ ਬਚਾਉਣ ਲਈ ਆਪਣੇ ਆਪੇ ਤੱਕ ਖੋਹ ਬੈਠਦੇ ਹਨ। ਧਰਮ ਦੀ ਰਾਜਨੀਤੀ ਖੇਡਣ ਵਾਲੇ ਰਾਜਨੀਤੀ ਦਲ ਧਰਮ ਦੇ ਨਾਮ ਤੇ ਪੇਰ ਲੋਕਾਂ ਦੇ ਅਸਤਿਤਵ ਨੂੰ ਸੰਕਟ ਵਿਚ ਪਾਉਂਦੇ ਹਨ। ਇਸ ਅਸਤਿਤਵ ਸੰਕਟ ਦਾ ਫ਼ਾਇਦਾ ਰਾਜਨੀਤੀ ਕਰਨ ਵਾਲੇ ਅਤੇ ਸਮਾਜ ਵਿਕਾਰਾਂ ਨੂੰ ਪੈਦਾ ਕਰਨ ਮਨੁੱਖਾਂ ਵੱਲੋਂ ਚੁੱਕਿਆ ਜਾਂਦਾ ਹੈ।

ਧਰਮ ਅਤੇ ਸਮਾਜ ਨੂੰ ਆਪਣੀ ਰਾਜਨੀਤੀ ਵਿਚ ਬੰਨ੍ਹ ਕੇ ਪੇਸ਼ ਕਰਨ ਵਾਲੇ ਇਹ ਸਰਮਾਏਦਾਰ ਮਨੁੱਖ ਦੇ ਅਸਤਿਤਵ ਨੂੰ ਹੀ ਖੋਖਲਾ ਕਰੀ ਜਾਂਦੇ ਹਨ।ਆਮ ਜਨਤਾ ਇਨ੍ਹਾਂ ਦੇ ਦਬਾਅ ਅਧੀਨ ਆ ਕੇ ਆਪਣੇ ਆਪ ਆਪਣਾ ਸ਼ੋਸ਼ਣ ਕਰਵਾਈ ਜਾਂਦੀ ਹੈ।ਲੋਕਤੰਤਰੀ ਸ਼ਾਸਨ ਹੋਣ ਦੇ ਬਾਵਜੂਦ ਵੀ ਅੱਜ ਮਨੁੱਖ ਦਾ ਆਪਣੇ ਦੁਆਰਾ ਆਪਣਾ ਸਹੀ ਹੱਕ ਲੈਣਾ ਵੀ ਮੁਨਾਸਬ ਨਹੀਂ ਹੈ। ਸਮੇਂ ਦੀਆਂ ਸਰਕਾਰਾਂ ਆਪਣਾ ਸ਼ਾਸਨ ਪ੍ਰਫੁੱਲਿਤ ਕਰਨ ਲਈ ਧਰਮ ਦਾ ਸਹਾਰਾ ਲੈਂਦੀਆਂ ਹਨ। ਆਪਣੇ ਸੁਆਰਥ ਲਈ ਕਿਸ ਧਰਮ ਨੂੰ ਨਾਲ ਰੱਖਣਾ ਕਿਸ ਨੂੰ ਛੱਡਣਾ ਇਸ ਦੇ ਆਲ਼ੇ ਦੁਆਲੇ ਰਾਜਨੀਤੀ ਘੁੰਮਦੀ ਹੈ।ਇਹ ਹਾਲ ਹੋਣ ਦਾ ਹੀ ਨਹੀਂ ਹੈ ਅੱਜ ਤੋਂ ਕਈ ਸਦੀਆਂ ਪਹਿਲਾਂ ਦੀ ਗੱਲ ਕਰ ਲਓ ਜਦੋਂ ਰਾਜਾ ਆਪਣਾ ਸ਼ਾਸਨ ਇੱਕ ਧਾਰਮਿਕ ਪੰਡਿਤ ਜਾਂ ਧਰਮ ਦੇ ਨਾਲ ਜੁੜੇ ਕਿਸੇ ਮਹਾਨ ਪੈਰੋਕਾਰ ਦਾ ਸਹਾਰਾ ਲੈਂਦਾ ਸੀ। ਉਸ ਸਮੇਂ ਤੋਂ ਚੱਲ ਰਹੀ ਇਹ ਰੀਤ ਅੱਜ ਵੀ ਉਸ ਸਮੇਂ ਵਾਂਗ ਮਨੁੱਖ ਦਾ ਸ਼ੋਸ਼ਣ ਕਰਦੀ ਆ ਰਹੀ ਹੈ।ਇਸ ਸੰਦਰਭ ਵਿਚ ਇਸ ਨਾਵਲ ਵਿਚ ਪੇਸ਼ ਕੀਤਾ ਵਿਸ਼ਾ ਇਸ ਵਿਅੰਗ ਤੇ ਚਾਨਣਾ ਪਾਉਂਦਾ ਹੈ।

> ਭਿੰਡਰਾਂਵਾਲੇ ਨਾਲ ਅਕਾਲੀਆਂ ਦਾ ਕੋਈ ਸਬੰਧ ਨਹੀਂ ਆ। ਹੁਣ ਵਾਲੇ ਤੋਂ ਪਹਿਲਾਂ ਵਾਲਾ ਸੰਤ ਸਾਰੇ ਇਲਾਕਿਆਂ ਤੇ ਬਹੁਤ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਗਿਆ। ਉਨ੍ਹਾਂ ਵਿਚ ਕੱਟੜਪੁਣਾ ਬਹੁਤ ਆ। ਅਕਾਲੀਆ ਨੇ ਤਾਂ ਵੋਟਾਂ ਲੈਣੀਆਂ। ਕੱਟੜਪੁਣੇ ਨਾਲ ਵੋਟਾਂ ਨੀ ਲੈ ਸਕਦੇ। ਪਰ ਇਹ ਆ ਭਿੰਡਰਾਂਵਾਲਾ ਸਿੱਖ ਆ ਤੇ ਅਕਾਲੀ ਇਸ ਨੂੰ ਛੱਡ ਵੀ ਨਹੀਂ ਸਕਦੇ। ਹੁਣ ਹੋਇਆ ਇੰਝ ਆ ਭਿੰਡਰਾਂਵਾਲੇ ਦੇ ਚੇਲੇ ਨਿਰੰਕਾਰੀਆਂ ਨਾਲ ਲੜ ਪਏ ਆ ਉਹ ਵੀ ਵਿਸਾਖੀ ਵਾਲੇ ਦਿਨ। ਹੁਣ ਅਕਾਲੀਆਂ ਨੇ ਪੈਂਤਰਾ ਬਦਲ ਲਿਆ। ਗੱਲ ਭਿੰਡਰਾਂਵਾਲੇ ਤੇ ਨਿਰੰਕਾਰੀਆਂ ਵਿਚ ਹੋਣ ਦੀ ਬਜਾਏ ਸਿੱਖਾਂ ਅਤੇ ਨਿਰੰਕਾਰੀਆਂ ਵਿਚ ਹੋ ਗਈ।[26]

ਭਿੰਡਰਾਂਵਾਲੇ ਜਾਂ ਨਿਰੰਕਾਰੀਆਂ ਵੱਲੋਂ ਆਪਸੀ ਵਿਰੋਧਤਾ ਦੇ ਪੱਖ ਵਿਚ ਸਰਕਾਰ ਨੂੰ ਸੱਤਾ ਵਿਚ ਲਿਆਉਣ ਲਈ ਰਾਜਨੀਤੀ ਪੈਰੋਕਾਰਾਂ ਨੇ ਆਪਣੀ ਮੌਕਾਪ੍ਰਸਤੀ ਵਿਖਾਈ ਹੈ।ਅਕਾਲੀ ਪਾਰਟੀ ਭਿੰਡਰਾਂਵਾਲੇ ਦੇ ਕੱਟੜਪੁਣੇ ਨੂੰ ਆਪਣੀ ਰਾਜਨੀਤੀ ਵਿਚ ਔਕੜ ਸਮਝ ਕੇ ਉਸ ਤੋਂ ਦੂਰੀ ਤਾਂ ਬਣਾ ਰਹੇ ਹਨ ਪਰ ਨਾਲ ਦੀ ਨਾਲ ਉਨ੍ਹਾਂ ਤੋਂ ਪੂਰੀ ਤਰ੍ਹਾਂ ਵੱਖ ਵੀ ਨਹੀਂ ਹੋਣਾ ਚਾਹੁੰਦੇ।ਇਹ ਦੋਹਰੀ ਰਣਨੀਤੀ ਵਿਚ ਪਿਸ ਤਾਂ ਮਨੁੱਖ ਦਾ ਆਤਮ ਸਮਾਨ ਹੀ ਰਿਹਾ ਹੈ ਚਾਹੇ ਉਹ ਭਿੰਡਰਾਂਵਾਲੇ ਦੇ ਨਾਲ ਜੁੜਿਆ ਹੈ ਜਾਂ ਨਿਰੰਕਾਰੀਆਂ ਨਾਲ ਕਿਉਂਕਿ ਮਨੁੱਖ ਆਪਣੇ ਧਰਮ ਨੂੰ ਪ੍ਰਮੁੱਖ ਰੱਖਣਾ ਚਾਹੁੰਦਾ ਹੈ। ਉਹ ਇਹ ਮਨ ਕੇ ਚਲਦਾ ਹੈ ਕਿ ਉਸ ਦਾ ਧਰਮ ਸਰਵ-ਸ੍ਰੇਸ਼ਟ ਹੈ।ਜਦੋਂ ਉਸ ਦੇ ਧਰਮ ਨੂੰ ਜਰਾ ਜਿਨ੍ਹਾਂ ਵੀ ਕੋਈ ਪਿੱਛੇ ਛੱਡਦਾ ਹੈ ਤਾਂ ਉਸ ਦੇ ਅੰਤਰ ਮਨ ਨੂੰ ਸੱਟ ਵੱਜਦੀ ਹੈ ਜੋ ਉਸ ਦੀ ਮੈਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਮੈਂ ਦਾ ਪ੍ਰਭਾਵਿਤ ਹੋਣਾ ਹੀ ਅਸਲ ਵਿਚ ਅਸਤਿਤਵ ਸੰਕਟ ਨੂੰ ਉਪਜਦਾ ਹੈ।

ਮਨੁੱਖ ਆਪਣੀ ਇੱਕ ਪਛਾਣ ਨੂੰ ਛੱਡ ਜਦੋਂ ਦੂਸਰੀ ਪਛਾਣ ਵੱਲ ਵਧਦਾ ਹੈ ਤਾਂ ਉਹ ਅਕਸਰ ਆਪਣੀ ਪਹਿਲੀ ਪਛਾਣ ਨਾਲੋਂ ਨਾਤਾ ਤੋੜਨਾ ਹੀ ਸਹਿਜ ਸਮਝਦਾ ਹੈ। ਕਿਉਂਕਿ ਉਹ ਪਛਾਣ ਜੋ ਬਹੁਤਾ ਸਮਾਂ ਪਿੱਛੇ ਛੁੱਟ ਗਈ ਸੀ ਹੁਣ ਸਮੇਂ ਅਨੁਸਾਰ ਉਸ ਦਾ ਰੁਝਾਨ ਬਦਲ ਗਿਆ ਹੈ।ਅਕਸਰ ਇਹੋ ਹਾਲਾਤ ਡਾ.ਪਰਮਜੀਤ ਸਿੰਘ ਜੱਜ ਨੇ ਇਸ ਨਾਵਲ ਵਿਚ ਪੇਸ਼ ਕੀਤੇ ਹਨ।ਬੋਰੀਅਤ ਸਾਡੀ ਜ਼ਿੰਦਗੀ

ਵਿਚ ਉਸ ਸਮੇਂ ਪ੍ਰਵੇਸ਼ ਕਰਦੀ ਹੈ ਜਦੋਂ ਮਨੁੱਖ ਨੂੰ ਲੱਗਦਾ ਹੈ ਕਿ ਕੁੱਝ ਅਕਸ ਹੁਣ ਉਸ ਲਈ ਬੇਲੋੜੇ ਹਨ।ਫਿਰ ਉਸ ਉਨ੍ਹਾਂ ਤੋਂ ਦੂਰ ਰਹਿ ਕੇ ਖ਼ੁਸ਼ੀ ਮਹਿਸੂਸ ਕਰਦਾ ਹੈ।ਪਰ ਕਿਤੇ ਨਾ ਕਿੱਤੇ ਉਸ ਦੇ ਇਸ ਵਰਤਾਓ ਨਾਲ ਉਸ ਨਾਲ ਉਸ ਦੀ ਪਹਿਲੀ ਪਛਾਣ ਨਾਲ ਜੁੜੇ ਵਿਅਕਤੀਆਂ ਨੂੰ ਉਸ ਦੇ ਇਸ ਵਰਤਾਓ ਕਾਰਨ ਠੇਸ ਪਹੁੰਚਦੀ ਹੈ। ਉਨ੍ਹਾਂ ਲਈ ਹੁਣ ਉਹ ਆਪਣਾ ਨਹੀਂ ਰਹਿੰਦਾ। ਅਜਿਹੀ ਸਥਿਤੀ ਵਿਚ ਜਦੋਂ ਮਨੁੱਖ ਦੇ ਨਾਲ ਜੁੜੇ ਹੋਰ ਇਨਸਾਨ ਆਪਣੇ ਅੰਤਰ ਝੁਕਾਅ ਨੂੰ ਉਸ ਪ੍ਰਤੀ ਖ਼ਤਮ ਕਰਨ ਬਾਰੇ ਸੋਚਦੇ ਹਨ ਤਾਂ ਉਨ੍ਹਾਂ ਦੇ ਮਨ ਨੂੰ ਸੱਟ ਵੱਜਦੀ ਹੈ ਜੋ ਮਨੁੱਖ ਦੇ ਅਸਤਿਤਵ ਨੂੰ ਪ੍ਰਭਾਵਿਤ ਕਰਦੀ ਹੈ।

> ਪਹੁੰਚਣ ਤੱਕ ਕਾਫ਼ੀ ਹਨੇਰਾ ਹੋ ਗਿਆ ਸੀ। ਹਰਦਿਆਲ ਨੂੰ ਮਾਸਟਰ ਆਸਰਾ ਰਾਮ ਕਾਫ਼ੀ ਦੇਰ ਤੱਕ ਗੱਲਬਾਤ 'ਚ ਰੁੱਝੇ ਰਹੇ ਸਨ। ਹਰਦਿਆਲ ਦੇ ਦੋ ਕੁ ਹਫ਼ਤੇ ਕਾਫ਼ੀ ਬੋਰੀਅਤ ਵਿਚ ਗੁਜ਼ਰੇ ਸਨ। ਪਿੰਡ ਨਾਲੋਂ ਉਹਨੂੰ ਆਪਣਾ ਆਪ ਨਿੱਖੜਦਾ ਲੱਗਾ। ਪੇਂਡੂ ਹੋਣ ਉੱਤੇ ਹੁਣ ਉਸ ਨੂੰ ਮਾਣ ਨਾ ਰਿਹਾ। ਪੇਂਡੂ ਸੰਪਰਦਾਇ ਵਿਚ ਕਈ ਗੁਣ ਵਧੀਆ ਸਨ। ਪਰ ਉਹਨੂੰ ਲਗਾ ਜਿਵੇਂ ਦੋ ਸਾਲਾਂ ਵਿਚ ਉਹ ਪਿੰਡ ਦਾ ਨਹੀਂ ਰਿਹਾ ਸੀ। ਸ਼ਹਿਰ ਇੱਕ ਅਜਿਹੇ ਸਭਿਆਚਾਰ ਦਾ ਚਿੰਨ੍ਹ ਸੀ ਜੋ ਸਭ ਕੁੱਝ ਆਧੁਨਿਕ ਸਮਾਜ ਨਾਲ ਜੁੜਿਆ ਸੀ।ਪਿੰਡ ਵਿਚ ਅਜੇ ਵੀ ਰੂੜ੍ਹੀਵਾਦ ਦਾ ਬੋਲਬਾਲਾ ਸੀ।ਉਹ ਗੱਲਾ ਜਿਹੜੀਆਂ ਉਹ ਪਿੰਡ ਵਿਚ ਕਰਦਾ ਹੋਇਆ ਥੱਕਦਾ ਨਹੀ ਸੀ ਹੁਣ ਉਸ ਨੂੰ ਬੇਮਤਲਬ ਲੱਗ ਰਹੀਆਂ ਸਨ।[27]

ਅੱਜ ਦਾ ਮਨੁੱਖ ਆਧੁਨਿਕ ਸਮੇਂ ਨਾਲ ਜੁੜ ਕੇ ਆਪਣੇ ਆਪ ਨੂੰ ਆਧੁਨਿਕ ਬਣਾਈ ਰੱਖਣਾ ਚਾਹੁੰਦਾ ਹੈ।ਇਹ ਇਸ ਲਈ ਹੁੰਦਾ ਹੈ ਕਿਉਂਕਿ ਮਨੁੱਖ ਸਮੇਂ ਦੇ ਅਨੁਸਾਰ ਆਪਣੀ ਪਛਾਣ ਤੱਕ ਬਦਲ ਕੇ ਇੱਕ ਦੂਜੇ ਤੋਂ ਅੱਗੇ ਵਧਣਾ ਚਾਹੁੰਦੇ ਹਨ।ਆਧੁਨਿਕ ਜੀਵਨ ਜਾਂਚ ਕਾਰਨ ਮਨੁੱਖ ਅੰਦਰ ਨਿਰਾਸ਼ਾ ਆ ਜਾਂਦੀ ਹੈ ਉਹ ਆਪਣੇ ਸਭਿਆਚਾਰ ਨਾਲ ਜੁੜਿਆ ਪ੍ਰਸਥਿਤੀਆਂ ਤੋਂ ਦੂਰ ਭੱਜਦਾ ਹੈ ਜਿਸ ਕਾਰਨ ਸਿਵਾਏ ਨਿਰਾਸ਼ਾ ਦੇ ਉਸ ਦੇ ਅੰਤਰ ਮਨ ਨੂੰ ਹੋਰ ਕੁੱਝ ਨਹੀਂ ਮਿਲਦਾ। ਆਧੁਨਿਕ ਜੀਵਨ ਜਾਂਚ ਕਾਰਨ ਮਨੁੱਖ ਅੰਦਰ ਨਿਰਾਸ਼ਾ ਆਈ ਨਿਰਾਸ਼ਾ ਮਨੁੱਖ ਦੀ ਜ਼ਿੰਦਗੀ ਵਿਚ ਅਸਤਿਤਵ ਸੰਕਟ ਪੈਦਾ ਕਰਦੀ ਹੈ।

ਇਸ ਸਮਾਜ ਵਿਚ ਹਰ ਮਸਲਾ ਸਿਆਸਤ ਨਾਲ ਜੁੜਿਆ ਹੋਇਆ ਹੈ। ਇਹ ਮਸਲਾ ਚਾਹੇ ਸਮਾਜਿਕ ਹੋਵੇ, ਆਰਥਿਕ ਹੋਵੇ, ਸਭਿਆਚਾਰਕ ਹੋਵੇ ਬਿਨਾਂ ਰਾਜਨੀਤੀ ਦੇ ਸੰਭਵ ਨਹੀਂ ਹੈ। ਸਿਆਸਤ ਨੂੰ ਦੁਨੀਆ ਦਾ ਪਹਿਆ ਕਿਹਾ ਗਿਆ ਹੈ। ਪਰ ਅੱਜ ਦੀ ਰਾਜਨੀਤੀ ਧਰਮ ਦੀ ਰਾਜਨੀਤੀ ਵੱਧ ਅਖਵਾਉਂਦੀ ਹੈ। ਰਾਜਨੀਤੀ ਅਤੇ ਧਰਮ ਦੀ ਬੇਅਦਬੀ ਨਾਲ ਅਸਲ ਵਿਚ ਪਿਸ ਤਾਂ ਆਮ ਮਨੁੱਖ ਹੀ ਰਿਹਾ ਹੈ। ਅੱਜ ਕੋਈ ਮੇਲਾ ਅਜਿਹਾ ਨਹੀਂ ਜਿਸ ਵਿਚ ਕੋਈ ਰਾਜਨੀਤਿਕ ਗਤੀਵਿਧੀ ਨਾ ਕਰਵਾਈ ਜਾਂਦੀ ਹੋਵੇ। ਅਜਿਹਾ ਵੱਧ ਤੋਂ ਵੱਧ ਕਿਸੇ ਧਰਮ ਦੇ ਨਾਲ ਜੁੜੇ ਲੋਕਾਂ ਨੂੰ ਆਪਣੇ ਵੱਲ ਪ੍ਰੇਰਿਤ ਕਰ ਕੇ ਆਪਣੀ ਪਾਰਟੀ ਦੀ ਪਛਾਣ ਬਣਾਈ ਰੱਖਣਾ ਹੈ। ਆਪਣੀ ਇਸ ਪਛਾਣ ਖ਼ਾਤਰ ਅਜਿਹੇ ਲੋਕ ਮਾਸੂਮ ਲੋਕਾਂ ਦਾ ਧਰਮ ਦੇ ਨਾਮ ਤੇ ਸ਼ੋਸ਼ਣ ਕਰ ਕੇ ਆਪਣਾ ਮਤਲਬ ਕੱਢਦੇ ਹਨ ਅਤੇ ਜਦੋਂ ਇਨ੍ਹਾਂ ਦਾ ਮਤਲਬ ਨਿਕਲ ਜਾਂਦਾ ਹੈ ਤਾਂ ਇਹ ਉਨ੍ਹਾਂ ਨੂੰ ਹੀ ਦਬਾਉਂਦੇ ਹਨ। ਜਿਸ ਕਾਰਨ ਉਨ੍ਹਾਂ ਵਿਅਕਤੀਆਂ ਦੀ ਸਦੀਵੀ ਹੋਂਦ ਨੂੰ ਧੱਕਾ ਲੱਗਦਾ ਹੈ।

> ਅਕਾਲੀ ਜਦੋਂ ਪੰਥ ਨੂੰ ਖ਼ਤਰਾ ਕਹਿੰਦੇ ਆ, ਉਦੋਂ ਇਨ੍ਹਾਂ ਦੀ ਸੱਤਾ ਨੂੰ ਖ਼ਤਰਾ ਹੁੰਦਾ ਆ। ਸ਼ਾਇਦ ਤੈਨੂੰ ਪਤਾ ਨਹੀਂ ਐਮਰਜੈਂਸੀ ਤੋਂ ਸਾਲ ਕੁ ਪਹਿਲਾਂ ਇਨ੍ਹਾਂ ਨੇ ਇੱਕ ਅਨੰਦਪੁਰ ਸਾਹਿਬ ਵਿਚ ਕੋਈ ਮਤਾ ਪਕਾਇਆ ਸੀ ਜਿਹਦੇ ਹਿਸਾਬ ਨਾਲ ਇਨ੍ਹਾਂ ਨੇ ਖ਼ੁਦ ਮੁਖ਼ਤਿਆਰੀ ਦਾ ਰਾਗ ਅਲਾਪਿਆ ਸੀ। ਪੰਜਾਬ ਦੇ ਹੱਕ ਦੀ ਗੱਲ ਕੀਤੀ ਸੀ।
>
> ਕਹਿਣ ਦਾ ਭਾਵ ਇਹ ਆ ਕਿ ਸਾਰੇ ਮਸਲੇ ਸਿਆਸੀ ਆ?

ਉਹ ਤਾਂ ਹੈ ਹੀ। ਸਿਆਸਤ ਦੁਨੀਆ ਦੀ ਗਤੀਸ਼ੀਲਤਾ ਦਾ ਪਹਿਆ ਆ। ਪਰ ਇਹ ਪਹੀਆ ਆਰਥਿਕਤਾ ਤੇ ਸਭਿਆਚਾਰ ਚਲਾਉਂਦੇ ਆ।ਮਾਡਰਨ ਯੁੱਗ ਵਿਚ ਧਰਮ ਦੇ ਹੱਥ ਪਹੀਆ ਦੇਣਾ ਖ਼ਤਰਨਾਕ ਅੰਤ। ਅਕਾਲੀ ਇਹ ਕੋਸ਼ਿਸ਼ ਕਰ ਰਹੇ ਆ।ਅਜ਼ਾਦੀ ਤੋਂ ਪਹਿਲਾ ਮੁਸਲਿਮ ਲੀਗ ਨੇ ਇਹ ਕੰਮ ਕੀਤਾ ਸੀ।ਫਿਰ ਦੇਖ ਸਿਆਸਤ ਲੋਕਾਂ ਦੀ ਕਿਹੜੀ ਪਛਾਣ ਉਭਾਰ ਕੇ ਆਪਣੇ ਖੇਡ ਖੇਡਦੀ ਆ।

ਮੇਰੇ ਹਿਸਾਬ ਨਾਲ ਤਾਂ ਸਿਰਫ਼ ਜਮਾਤੀ ਪਛਾਣ ਹੀ ਮੌਲਿਕ ਆ।

ਇਹ ਸਿਰਫ਼ ਸਰਮਾਏਦਾਰੀ ਸਮਾਜ 'ਚ ਹੀ ਸੰਭਵ ਹੋ ਸਕਦੀ ਹੈ। ਹਰ ਗ਼ਰੀਬ ਨੂੰ ਵੀ ਜਿਊਂਦਾ ਰਹਿਣ ਲਈ ਰੱਬ ਦੀ ਜ਼ਰੂਰਤ ਹੁੰਦੀ ਆ ਤੇ ਰੱਬ 'ਤੇ ਗ਼ਰੀਬ ਵਿਚਕਾਰ ਧਰਮ ਇੱਕ ਦਲਾਲ ਬਣ ਕੇ ਖੜ੍ਹਾ ਆ। [28]

ਨਾਵਲ ਪਛਾਣ ਬਦਲ ਗਈ ਵਿਚ ਨਾਵਲਕਾਰ ਨੇ ਬਹੁਤ ਹੀ ਸਹਿਜਤਾ ਨਾਲ ਇਸ ਵਿਸ਼ੇ ਨੂੰ ਪੇਸ਼ ਕੀਤਾ ਹੈ ਜੋ ਅਕਸਰ ਮਨੁੱਖ ਦੇ ਅਸਤਿਤਵ ਸੰਕਟ ਨਾਲ ਕਈ ਸਦੀਆਂ ਤੋਂ ਜੁੜਿਆਂ ਹੋਇਆ ਹੈ। ਸਿਆਸਤ ਦੀ ਆੜ ਵਿਚ ਆਮ ਵਿਅਕਤੀਆਂ ਦਾ ਹਰ ਪੱਖ ਤੋਂ ਸ਼ੋਸ਼ਣ ਕਰਨਾ ਸਮਾਜ ਦੀ ਸਿਆਸਤ ਦਾ ਬਹੁਤ ਹੀ ਮੰਦਭਾਗਾ ਕਾਰਜ ਹੈ। ਜਿਸ ਨਾਲ ਹਰ ਕੋਈ ਜੋ ਧਰਮ ਨੂੰ ਮੰਨਦਾ ਹੈ ਜਾਂ ਨਹੀਂ ਮੰਨਦਾ ਉਸ ਦੀਆਂ ਅੰਤਰੀਵੀ ਸਦਰਾਂ ਦਾ ਅੰਤ ਹੋ ਰਿਹਾ ਹੈ। ਇਸ ਕਾਰਜ ਵਿਚ ਸਿਰਫ਼ ਜਮਾਤੀ ਪਛਾਣ ਹੀ ਮੌਲਿਕ ਮੰਨੀ ਗਈ ਹੈ।ਇਸ ਪ੍ਰਭਾਵ ਵਿਚ ਜ਼ਿਆਦਾਤਰ ਗ਼ਰੀਬ ਇਨਸਾਨ ਹੀ ਆਉਂਦਾ ਹੈ ਜੋ ਰੱਬ ਨੂੰ ਮੰਨਦਾ ਹੈ। ਪਰ ਰੱਬ ਤੇ ਮਨੁੱਖ ਦੇ ਵਿਚਕਾਰ ਬੈਠੇ ਇਹ ਦਲਾਲ ਪਹਿਲਾਂ ਤਾਂ ਮਨੁੱਖ ਦਾ ਸ਼ੋਸ਼ਣ ਕਰਦੇ ਹਨ ਜੋ ਥੋੜ੍ਹਾ ਬਹੁਤਾ ਬਚਦਾ ਹੈ ਉਹ ਸਿਆਸਤ ਕਰੀ ਜਾਂਦੀ ਹੈ। ਪਰ ਇਨ੍ਹਾਂ ਨਾਲ ਪ੍ਰਭਾਵਿਤ ਹੋਣ ਵਾਲੇ ਮਨੁੱਖ ਦਾ ਆਪਣੇ ਆਪ ਤੋਂ ਵਿਸ਼ਵਾਸ ਟੁੱਟ ਜਾਂਦਾ ਹੈ ਉਸ ਦੀ ਆਤਮਾ ਦੀ ਮੌਤ ਹੋ ਜਾਂਦੀ ਹੈ। ਉਹ ਮਾਨਸਿਕ ਤੌਰ ਤੇ ਪ੍ਰਭਾਵਿਤ ਹੁੰਦਾ ਹੈ ਜਿਸ ਕਾਰਨ ਉਸ ਦਾ ਅਸਤਿਤਵ ਸੰਕਟ ਵਿਚ ਘਿਰਿਆ ਹੋਣ ਕਾਰਨ ਅਸਤਿਤਵ ਸੰਕਟ ਨੂੰ ਪੈਦਾ ਕਰਦਾ ਹੈ।

ਕਿਸੇ ਖ਼ਾਸ ਪਛਾਣ ਨੂੰ ਮੁੱਖ ਰੱਖ ਕੇ ਵਿਅਕਤੀ ਦਾ ਵਿਚਾਰ ਭਾਵ ਦਬਾਉਣਾ ਕਿਸੇ ਵੱਡੀ ਬਗ਼ਾਵਤ ਤੋਂ ਘੱਟ ਨਹੀਂ ਹੈ। ਜਿੰਨੀ ਦੇਰ ਵਿਅਕਤੀ ਦੀ ਪੁੱਛ ਉਸ ਦੇ ਆਲ਼ੇ ਦੁਆਲੇ ਵਿਚ ਹੁੰਦੀ ਹੈ ਤਾਂ ਉਹ ਇੱਕ ਚੰਗੇ ਵਿਚਾਰਾ ਵਾਲਾ ਵਿਅਕਤੀ ਬਣ ਕੇ ਰਹਿੰਦਾ ਹੈ ਪਰ ਜਿਵੇਂ ਹੀ ਉਹ ਵਿਅਕਤੀ ਦੀ ਪੁੱਛ ਹੋਣੀ ਘੱਟ ਦੀ ਹੈ ਤਾਂ ਉਹ ਵਿਅਕਤੀ ਆਪਣੀ ਪੁੱਛ ਨੂੰ ਬਣਾਈ ਰੱਖਣ ਲਈ ਵਿਰੋਧ ਕਰਦਾ ਹੈ। ਉਹ ਆਪਣੇ ਆਪ ਦੀ ਪਹਿਚਾਣ ਬਚਾਉਣ ਲਈ ਬਹੁਤ ਸਾਰੇ ਢੰਗ ਤਰੀਕੇ ਅਪਣਾਉਂਦਾ ਹੈ। ਪਰ ਜਦੋਂ ਇਸ ਦੇ ਬਾਵਜੂਦ ਵੀ ਉਹ ਖ਼ਾਸ ਪਛਾਣ ਨਹੀਂ ਬਣਾ ਸਕਦਾ ਤਾਂ ਨਿਰਾਸ਼ਾ ਦਾ ਭਾਗੀ ਬਣਦਾ ਹੈ ਤੇ ਇਸ ਨਿਰਾਸ਼ਾ ਕਾਰਨ ਹਮੇਸ਼ਾ ਹੀ ਮਨੁੱਖ ਇਕੱਲਤਾਂ ਮਹਿਸੂਸ ਕਰਦਾ ਹੈ ਜਿਸ ਨਾਲ ਇਸ ਤਰ੍ਹਾਂ ਦੇ ਵਿਕਾਰ ਪੈਦਾ ਹੁੰਦੇ ਹਨ ਜੋ ਮਨੁੱਖ ਦੇ ਅਸਤਿਤਵ ਨੂੰ ਸੰਕਟ ਵਿਚ ਲੈ ਜਾਂਦਾ ਹੈ।

ਹਰਦਿਆਲ ਦੀ ਸਭ ਤੋਂ ਵੱਡੀ ਸਮੱਸਿਆ ਇਹ ਸੀ ਕਿ ਉਸ ਨੂੰ ਵਿਦਿਆਰਥੀ ਸਿਆਸਤ ਦੇ ਪ੍ਰਸੰਗ ਵਿਚ ਪਛਾਣਨਾ ਔਖਾ ਸੀ। ਆਮ ਤੌਰ ਤੇ ਕਾਮਰੇਡ ਜ਼ਿਆਦਾ ਪੜ੍ਹੇ ਲਿਖੇ ਸਨ ਉਨ੍ਹਾਂ ਨੂੰ ਗੱਲ ਵੀ ਕਰਨੀ ਆਉਂਦੀ ਸੀ। ਹਰਦਿਆਲ ਵਧਿਆ ਗੱਲ ਕਰ ਸਕਦਾ ਸੀ ਪਰ ਉਹ ਕਾਮਰੇਡ ਨਹੀਂ ਸਨ।ਇਸੇ ਕਾਰਨ ਵਾਕਿਫ ਵਿਦਿਆਰਥੀਆਂ ਵਿਚ ਉਸ ਨੂੰ ਸ਼ੱਕ ਨਾਲ ਵੇਖਿਆ ਜਾਂਦਾ ਸੀ।[29]

ਹਰ ਵਿਚਾਰ ਆਪਣੀ ਆਪਣੀ ਮਹੱਤਤਾ ਰੱਖਦਾ ਹੈ ਪਰ ਕਈ ਵਾਰ ਮਨੁੱਖ ਆਪਣੇ ਵਿਚਾਰਾ ਨੂੰ ਦੂਸਰਿਆਂ ਅੱਗੇ ਇਸ ਲਈ ਨਹੀਂ ਪੇਸ਼ ਕਰ ਪਾਉਂਦਾ ਕਿਉਂਕਿ ਵਿਚਾਰ ਪੇਸ਼ ਕਰਨ ਲਈ ਵੀ ਇੱਕ ਖ਼ਾਸ ਪਛਾਣ ਦਾ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਦੇ ਮੁੱਦੇ

ਅਕਸਰ ਬਿਨਾਂ ਖ਼ਾਸ ਪਛਾਣ ਵਾਲੇ ਵਿਅਕਤੀਆਂ ਦੇ ਅਸਤਿਤਵ ਨੂੰ ਤੋੜ ਕੇ ਉਸ ਨੂੰ ਪ੍ਰਭਾਵਿਤ ਕਰਦੇ ਹਨ ਜੋ ਵਿਰੋਧਤਾ ਦਾ ਕਾਰਨ ਬਣਦੇ ਹਨ। ਇਸ ਨਾਵਲ ਵਿਚ ਹਰਦਿਆਲ ਨਾਮ ਦੇ ਪਾਤਰ ਨੂੰ ਵੀ ਇਸ ਕਰ ਕੇ ਭਾਸ਼ਣ ਲਈ ਅੱਗੇ ਨਹੀਂ ਆਉਣ ਦਿੱਤਾ ਜਾਂਦਾ ਕਿਉਂਕਿ ਉਹ ਕਾਮਰੇਡ ਨਹੀਂ ਹੈ। ਪਰ ਉਸ ਕੋਲ ਇਹ ਹੁਨਰ ਹੈ ਕਿ ਕਿਸ ਸਮੇਂ ਕਿਹੜੀ ਗੱਲ ਦਾ ਜ਼ਿਕਰ ਕਰਨਾ ਹੈ। ਇਸ ਕਾਰਨ ਉਸ ਦੀ ਜਾਣ ਪਛਾਣ ਵਾਲੇ ਵਿਅਕਤੀ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ। ਇਹ ਸ਼ੱਕ ਹਰਦਿਆਲ ਦੇ ਮੰਨ ਨੂੰ ਚੁੱਭਦਾ ਹੈ ਜਿਸ ਨਾਲ ਉਸ ਦਾ ਅਸਤਿਤਵ ਉਸ ਨੂੰ ਸੰਕਟ ਵਿਚ ਪ੍ਰਤੀਤ ਹੁੰਦਾ ਹੈ।

ਅਸਤਿਤਵ ਵਾਦੀ ਚਿੰਤਕਾਂ ਅਨੁਸਾਰ ਮਨੁੱਖ ਦਾ ਅਸਤਿਤਵ ਉਸ ਦੇ ਜਨਮ ਲੈਣ ਤੋਂ ਵੀ ਪਹਿਲੇ ਬਣ ਜਾਂਦਾ ਹੈ। ਇਹ ਪਛਾਣ ਉਸ ਦੇ ਮਰਦ, ਔਰਤ ਜਾਂ ਤੀਸਰੀ ਸ਼੍ਰੇਣੀ ਦੀ ਹੁੰਦੀ ਹੈ। ਇਹ ਮਨੁੱਖ ਦੀ ਪਹਿਲੀ ਪਛਾਣ ਹੁੰਦੀ ਹੈ ਜਿਸ ਦੇ ਅਧਾਰ ਤੇ ਦੁਨੀਆ ਵਿਚ ਉਸ ਨੂੰ ਪਛਾਣਿਆ ਜਾਂਦਾ ਹੈ। ਇਸ ਪਛਾਣ ਨੂੰ ਜਮਾਂਦਰੂ ਪਛਾਣ ਵੀ ਕਿਹਾ ਜਾਂਦਾ ਹੈ। ਮਨੁੱਖ ਆਪਣੇ ਆਪ ਨੂੰ ਕਦੇ ਨਹੀਂ ਪਰਖ ਸਕਦਾ ਇਸ ਕੰਮ ਲਈ ਉਸ ਨੂੰ ਦੂਸਰੇ ਵਿਅਕਤੀਆਂ ਦੀ ਜ਼ਰੂਰਤ ਪੈਂਦੀ ਹੈ। ਆਪਣੇ ਤੋਂ ਸਿਵਾ ਮਨੁੱਖ ਦੂਸਰੇ ਵਿਅਕਤੀਆਂ ਲਈ ਜਿਸ ਤਰ੍ਹਾਂ ਦਾ ਮੰਨਿਆ ਜਾਂਦਾ ਹੈ ਉਹ ਹੀ ਮਨੁੱਖ ਦੀ ਅਸਲ ਪਛਾਣ ਹੈ। ਅਜਿਹੀਆਂ ਪਛਾਣਾਂ ਦੀ ਹੱਲ ਪੇਸ਼ ਕਰਦਾ ਇਹ ਨਾਵਲ ਅਸਤਿਤਵ ਦੇ ਮੁੱਦਿਆਂ ਨੂੰ ਪੇਸ਼ ਕਰਦਾ ਹੈ। ਜਿਵੇਂ

> ਇੱਕ ਸ਼ਾਮ ਹਰਦਿਆਲ ਨੰਦਨ ਦੇ ਘਰ ਚਲਾ ਗਿਆ ਸੀ। ਉਹ ਬਹੁਤਾ ਸਮਾਂ ਉਸ ਨਾਲ ਪਛਾਣ ਦੀਆ ਗੱਲਾ ਕਰਦਾ ਰਿਹਾ।ਪਹਿਲੀ ਵਾਰ ਉਹਨੂੰ ਲੱਗਾ ਸੀ ਕਿ ਆਦਮੀ ਆਪਣੀ ਪਛਾਣ ਦੀ ਖ਼ੁਦ ਚੋਣ ਨਹੀਂ ਕਰ ਸਕਦਾ। ਉਸ ਦੀ ਜਮਾਂਦਰੂ ਪਛਾਣ ਵੀ ਸੀ। ਉਹ ਸੀ ਉਸ ਦਾ ਮਰਦ ਹੋਣਾ। ਪਰ ਜੱਟ ਹੋਣਾ, ਪੇਂਡੂ ਹੋਣਾ, ਸਿੱਖ ਹੋਣਾ, ਦੁਆਬੀਆ ਹੋਣਾ ਵੀ ਪਛਾਣਾਂ ਸਨ ਜਿਨ੍ਹਾਂ ਦਾ ਕੋਈ ਮਹੱਤਵ ਨਹੀਂ ਸੀ।ਹਰਦਿਆਲ ਨੇ ਨੰਦਨ ਨੂੰ ਕਈ ਉਦਾਹਰਨਾਂ ਦੇ ਕੇ ਇਸ ਮੁੱਦੇ 'ਤੇ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਨੰਦਨ ਦੇ ਵਿਚਾਰ ਇਹੀ ਸਨ 'ਮੇਰੇ ਮਰਦ ਹੋਣ ਉੱਤੇ ਮੇਰਾ ਕੋਈ ਕੰਟਰੋਲ ਨਹੀਂ, ਮੇਰੀ ਚਮੜੀ ਦਾ ਰੰਗ ਜਿਹੜਾ ਵੀ ਹੈ ਜਮਾਂਦਰੂ ਹੈ। ਬਾਕੀ ਪਛਾਣਾਂ ਮੈਂ ਉਹੀ ਚਾਹੁੰਦਾ ਜਿਹੜੀਆਂ ਮੈਂ ਖ਼ੁਦ ਪ੍ਰਾਪਤ ਕੀਤਾ ਹਨ।[30]

ਮਨੁੱਖ ਦੀ ਦੂਸਰਿਆਂ ਵੱਲੋਂ ਦਿੱਤੀ ਗਈ ਪਛਾਣ ਉਸ ਦੇ ਵਰਤਾਓ ਦਾ ਨਤੀਜਾ ਹੁੰਦਾ ਹੈ। ਇੱਕ ਇਨਸਾਨ ਸਮਾਜ ਵਿਚ ਆਪਣੀ ਚੰਗੀ ਪਛਾਣ ਬਣਾ ਕੇ ਰੱਖਣਾ ਚਾਹੁੰਦਾ ਹੈ। ਇਸ ਪਿੱਛੇ ਉਸ ਦਾ ਸਮਾਜ ਵਿਚ ਰਹਿਣਾ ਉਸ ਦੀ ਬੋਲ ਚਾਲ ਦਾ ਦੂਸਰੇ ਲੋਕਾਂ ਵੱਲੋਂ ਲਗਾਇਆ ਜਾਂਦਾ ਅਨੁਮਾਨ ਹੁੰਦਾ ਹੈ।ਮਨੁੱਖ ਦਿਆਂ ਬਹੁਤ ਪਛਾਣਾਂ ਹੁੰਦੀਆ ਹਨ। ਕੁੱਝ ਉੱਤੇ ਉਸ ਦਾ ਆਪਣਾ ਕੰਟਰੋਲ ਹੁੰਦਾ ਹੈ ਪਰ ਕੁੱਝ ਉੱਤੇ ਨਹੀਂ ਹੁੰਦਾ। ਅੱਜ ਮਨੁੱਖ ਲਈ ਉਸ ਦੀ ਧਰਮ, ਜਾਤੀ ਅਤੇ ਗੋਤ ਉਸ ਦੀ ਅਸਲ ਪਛਾਣ ਹੈ। ਹਰ ਇੱਕ ਇਨਸਾਨ ਇਹ ਹੀ ਮੰਨਦਾ ਹੈ ਕਿ ਜੋ ਮੈਂ ਹਾਂ ਉਸ ਤਰ੍ਹਾਂ ਹੀ ਦੂਸਰੇ ਇਨਸਾਨ ਮੈਨੂੰ ਪਛਾਣ ਦੇਣ ਮੈਂ ਅਤੇ ਮੇਰਾ ਦੀ ਭਾਵਨਾ ਉਸ ਸਮੇਂ ਬਿਰਾਜਮਾਨ ਹੁੰਦੀ ਹੈ। ਜਿਸ ਦੇ ਕਈ ਵਾਰ ਉਲਟ ਹੋਣ ਦੀ ਸਥਿਤੀ ਵਿਚ ਹੋਣ ਦੀ ਸੂਰਤ ਵਿਚ ਦੂਸਰਿਆਂ ਦਾ ਕਿਸੇ ਹੋਰ ਪੱਖ ਨੂੰ ਧਿਆਨ ਵਿਚ ਰੱਖ ਕੇ ਲਿਆ ਕਿਸੇ ਖ਼ਾਸ ਬਾਰੀ ਪਛਾਣ ਦਾ ਕਾਰਨ ਬਣਦਾ ਹੈ ਤਾਂ ਅਜਿਹਾ ਹੋਣ ਦੀ ਸੂਰਤ ਵਿਚ ਮਨੁੱਖ ਦਾ ਆਤਮ ਸਮਾਨ ਰੁਲਿਆ ਪ੍ਰਤੀਤ ਹੁੰਦਾ ਹੈ। ਇਨ੍ਹਾਂ ਕਾਰਨਾਂ ਕਾਰਨ ਮਨੁੱਖ ਦੇ ਸਵੈ-ਮਾਨ ਨੂੰ ਠੋਕਰ ਵੱਜਦੀ ਹੈ ਤਾਂ ਉਸ ਮਨੁੱਖ ਦਾ ਅਸਤਿਤਵ ਆਪਣੇ ਆਪ ਉਸ ਨੂੰ ਸੰਕਟ ਵਿਚ ਘਿਰਿਆ ਲੱਗਦਾ ਹੈ।

ਇਸ ਪ੍ਰਕਾਰ ਅਸਤਿਤਵਵਾਦੀ ਚਿੰਤਕਾਂ ਵੱਲੋਂ ਪੇਸ਼ ਕੀਤੇ ਗਏ ਮੱਤ ਦਾ ਪ੍ਰਯੋਗ ਇਸ ਨਾਵਲ ਤੇ ਕਰ ਕੇ ਅਸਤਿਤਵ ਸੰਕਟਾਂ ਦੀ ਜਾਂਚ ਪੜਤਾਲ ਕੀਤੀ ਗਈ ਹੈ ਜੋ ਮਨੁੱਖ ਦੇ ਅਸਤਿਤਵ ਨਾਲ ਜੁੜੀ ਹਰ ਇੱਕ ਧਾਰਨਾ ਨੂੰ ਦ੍ਰਿਸ਼ ਮਾਨ ਕਰ ਕੇ ਅਜੋਕੇ ਮਨੁੱਖ ਦੀ ਹਾਲਤ ਨੂੰ ਪੇਸ਼ ਕੀਤਾ ਹੈ।

ਹਵਾਲੇ ਅਤੇ ਟਿੱਪਣੀਆਂ

[1] ਨੀਲਮ ਗੋਪਾਲ , ਸਵਤੰਤਰ ਉਤਰ ਹਿੰਦੀ ਲੇਖਿਕਾਉਂ ਕੇ ਉਪਨਿਆਸੋਂ ਮੇਂ ਅਲਗਾਵ, ਪੰਨਾ-16
[2] ਉਹੀ, ਪੰਨਾ-16
[3] ਪਰਮਜੀਤ ਸਿੰਘ ਜੱਜ, ਪਛਾਣ ਬਦਲ ਗਈ, ਪੰਨਾ-7
[4] ਉਹੀ, ਪੰਨਾ-7
[5] ਉਹੀ, ਪੰਨਾ-8
[6] ਉਹੀ,ਪੰਨਾ- 9
[7] ਉਹੀ, ਪੰਨਾ-14
[8] ਉਹੀ, ਪੰਨਾ-19
[9] ਉਹੀ, ਪੰਨਾ-36
[10] ਉਹੀ, ਪੰਨਾ-38
[11] ਉਹੀ, ਪੰਨਾ-47
[12] ਉਹੀ, ਪੰਨਾ-47
[13], ਗੁਰਚਰਨ ਸਿੰਘ ਅਰਸ਼ੀ, ਸਮੀਖਿਆ ਦ੍ਰਿਸ਼ਟੀਆ ਪੰਨਾ-93
[14] ਪਰਮਜੀਤ ਸਿੰਘ ਜੱਜ, ਪਛਾਣ ਬਦਲ ਗਈ, ਪੰਨਾ-52
[15] ਉਹੀ, ਪੰਨਾ-52
[16] ਉਹੀ, ਪੰਨਾ-53
[17] ਉਹੀ, ਪੰਨਾ-57
[18] ਉਹੀ, ਪੰਨਾ-60
[19] ਉਹੀ, ਪੰਨਾ-61
[20] ਉਹੀ, ਪੰਨਾ-62
[21] ਉਹੀ, ਪੰਨਾ-64
[22] ਉਹੀ, ਪੰਨਾ-64
[23] ਉਹੀ, ਪੰਨਾ-89
[24] ਉਹੀ, ਪੰਨਾ-90
[25] ਉਹੀ, ਪੰਨਾ-92
[26] ਉਹੀ, ਪੰਨਾ-93
[27] ਉਹੀ, ਪੰਨਾ-95
[28] ਉਹੀ, ਪੰਨਾ-105
[29] ਉਹੀ, ਪੰਨਾ-109
[30] ਉਹੀ,ਪੰਨਾ-139

# ਅਧਿਆਇ-ਤੀਜਾ

# ਪਰਮਜੀਤ ਸਿੰਘ ਜੱਜ ਦੇ ਨਾਵਲ ਪਛਾਣ ਬਦਲ ਗਈ ਵਿਚ ਪੇਸ਼ ਅਸਤਿਤਵ ਦੀ ਪਛਾਣ ਅਤੇ ਸੰਘਰਸ਼

ਮਨੁੱਖ ਆਪਣੀ ਵਰਤਮਾਨ ਸਥਿਤੀ ਤੋਂ ਉਤਾਂਹ ਉੱਠ ਕੇ ਪਰਮਾਤਮਾ ਦੀ ਭਾਲ ਵਿਚ ਰਹਿੰਦਾ ਹੈ। ਪੂੰਜੀਵਾਦ ਦੀ ਤਾਕਤ ਸਾਹਮਣੇ ਮਨੁੱਖ ਨਿਤਾਣਾ ਬੇਸ਼ੱਕ ਹੈ, ਪਰ ਉਸ ਦੀ ਮਨੁੱਖੀ ਬਣਨ ਦੀ ਲੋਚਾ ਖ਼ਤਮ ਨਹੀਂ ਹੁੰਦੀ। ਇਹ ਮਨੁੱਖੀ ਹੋਂਦ ਦਾ ਸੱਚ ਹੈ। ਮਨੁੱਖ ਆਪਣੇ ਅਸਤਿਤਵ ਦੀ ਪੂਰਨਤਾ ਲਈ ਸੰਘਰਸ਼ ਕਰਦਾ ਵਿਸੰਗਤ ਹੋ ਕੇ ਭਟਕਦਾ ਹੈ ਅਤੇ ਆਪਣੀ ਇਸ ਤਲਾਸ਼ ਵਿਚ ਉਸ ਨੂੰ ਵਿਸ਼ਾਂਦ ਤੇ ਹਾਰ ਦਾ ਮੂੰਹ ਦੇਖਣਾ ਪੈਂਦਾ ਹੈ। ਧਾਰਮਿਕ ਅਸਤਿਤਵਵਾਦੀ ਨਿਕੋਲਸ ਬਰਦੀਏਵ ਦਾ ਕਥਨ ਸੱਚ ਹੈ। ਕਿ ਮਾਨਵੀ ਸੰਸਾਰ ਵਿੱਚ ਪ੍ਰਮਾਣਿਕ ਅਸਤਿਤਵ ਅਵੱਸ਼ ਦੁੱਖ ਭੋਗਦਾ ਹੈ

[1] ਇਹ ਨਾਵਲ ਮਨੁੱਖੀ ਹੋਂਦ ਦੇ ਤੱਥ ਉਜਾਗਰ ਕਰਦਾ ਹੋਇਆ ਵਿਅਕਤੀ ਦੀ ਮਾਨਸਿਕਤਾ ਨੂੰ ਉਸ ਦੀ ਸਮਾਜਿਕ ਵਾਸਤਵਿਕਤਾ ਸੰਦਰਭ ਵਿਚ ਚਿਤਰਦਾ ਹੈ।ਮਨੁੱਖੀ ਹੋਂਦ ਦੀ ਵਾਸਤਵਿਕ ਬਿਆਨੀ ਇਸ ਨਾਵਲ ਦਾ ਵਹਿਣ ਬਣਦੀ ਹੈ।

ਇਸ ਸੰਦਰਭ ਵਿਚ ਅਸਤਿਤਵਵਾਦੀ ਚਿੰਤਕਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ ਜਿਨ੍ਹਾਂ ਨੂੰ ਆਸਤਿਕ ਅਤੇ ਨਾਸਤਿਕ ਦੋਵਾਂ ਹੀ ਵਿਅਕਤਿਤਵ ਦੇ ਵਿਚਾਰਾ ਵਜੋਂ ਵੰਡਿਆ ਗਿਆ ਹੈ। ਇਸ ਸੰਸਾਰ ਵਿਚ ਜੀਵਨ ਬਸਰ ਕਰਨ ਵਾਲਾ ਹਰ ਵਿਅਕਤੀ ਆਪਣੀ ਪਛਾਣ ਨੂੰ ਬਣਾਈ ਰੱਖਣ ਲਈ ਹਰ ਸਮੇਂ ਸੰਘਰਸ਼ ਕਰਨ ਦੇ ਯਤਨ ਕਰਦਾ ਰਹਿੰਦਾ ਹੈ। ਅਸਲ ਵਿਚ ਆਪਣੇ ਆਪ ਨੂੰ ਇੱਕ ਖ਼ਾਸ ਦਿੱਖ ਅਤੇ ਖ਼ਾਸ ਥਾਂ ਇਸ ਸਮਾਜ ਅੰਦਰ ਦਿਵਾਉਣ ਲਈ ਮਨੁੱਖ ਸੰਘਰਸ਼ਸ਼ੀਲ ਰਹਿੰਦਾ ਹੈ। ਕਿਉਂਕਿ ਮੰਨਿਆਂ ਜਾਂਦਾ ਹੈ ਕਿ ਜੇਕਰ ਸਮੁੰਦਰਾਂ ਦਾ ਪਾਣੀ ਖੜ੍ਹਾ ਰਹੇ ਤਾਂ ਇਹ ਵੀ ਬਾਸ ਮਾਰਨ ਲੱਗ ਜਾਂਦਾ ਹੈ ਤੇ ਆਪਣਾ ਵਜੂਦ ਵੀ ਗੁਆ ਲੈਂਦਾ ਹੈ। ਇਸ ਪ੍ਰਕਾਰ ਮਨੁੱਖ ਵੀ ਇੱਕ ਅਜਿਹਾ ਇਨਸਾਨ ਹੈ ਜੋ ਸਮੁੰਦਰ ਦੇ ਪਾਣੀ ਦੀ ਤਰ੍ਹਾਂ ਆਪਣਾ ਵਜੂਦ ਸਮਾਜ ਵਿਚ ਬਣਾਈ ਰੱਖਣ ਲਈ ਨਿਰੰਤਰ ਗਤੀਸ਼ੀਲ ਰਹਿੰਦਾ ਹੈ।

ਮਨੁੱਖ ਆਪਣੀ ਪਛਾਣ ਨੂੰ ਬਣਾਈ ਰੱਖਣ ਲਈ ਨਿਰੰਤਰ ਜੋ ਘਾਲਣਾ ਘਾਲਦਾ ਹੈ ਉਸ ਵਿਚ ਕੁੱਝ ਅਜਿਹੀਆਂ ਸਥਿਤੀਆਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਲੰਘਣਾ ਬਹੁਤ ਮੁਸ਼ਕਲ ਹੁੰਦਾ ਹੈ ਅਜਿਹੇ ਦੌਰ ਵਿਚ ਉਸ ਦੀ ਪਛਾਣ ਨੂੰ ਦ੍ਰਿੜ ਇਰਾਦੇ ਨਾਲ ਬਣਾਈ ਰੱਖਣ ਲਈ ਸੰਘਰਸ਼ ਕਰਨਾ ਪੈਦਾ ਹੈ । ਨਾਵਲ ਪਛਾਣ ਬਦਲ ਗਈ ਵਿਚ ਨਾਵਲਕਾਰ ਨੇ ਅਜਿਹੀ ਸੰਘਰਸ਼ ਨਾਲ ਇਸ-ਮਿਣ ਪੇਸ਼ਕਾਰੀ ਪੇਸ਼ ਕੀਤੀ ਹੈ। ਜਿਵੇਂ ਹਰਦਿਆਲ ਅਤੇ ਘਰ ਦਿਆਂ ਦਾ ਕਾਂਗਰਸੀਆ ਹੋਣ ਐਮਰਜੈਂਸੀ ਦੇ ਦੌਰ ਵਿਚ ਸੰਘਰਸ਼ ਦਾ ਕਾਰਨ ਬਣਦਾ ਹੈ। ਉਸ ਨੂੰ ਉਸ ਦੇ ਨਾਲ ਦੇ ਦੋਸਤ ਕਾਂਗਰਸ ਦੀ ਇਸ ਮਾੜੀ ਰਣਨੀਤੀ ਕਾਰਨ ਪਾਰਟੀ ਬਦਲ ਲੈਣ ਲਈ ਵਾਰ-ਵਾਰ ਉਕਸਾਉਣਾ ਅਤੇ ਹਰਦਿਆਲ ਦਾ ਪੱਕੇ ਕਾਂਗਰਸੀਆਂ ਤੋਂ ਮੋਹ ਤੁੜਵਾਉਣ ਦੀ ਕੋਸ਼ਿਸ਼ ਕਰਦੇ ਪਰ ਹਰਦਿਆਲ ਦਾ ਉਸ ਪਾਰਟੀ ਨਾਲ ਹੀ ਜੁੜਿਆ ਰਹਿਣਾ ਉਸ ਦੇ ਸਮਾਜ ਵਿਚ ਸੰਘਰਸ਼ ਦੀ ਨਿਸ਼ਾਨੀ ਹੈ।

ਜੇ ਕਾਂਗਰਸ ਹਾਰ ਗਈ ਤਾਂ ਤੁਹਾਡਾ ਟੱਬਰ ਫਿਰ ਵੀ ਕਾਂਗਰਸੀ ਰਹੂ?

ਮੇਰਾ ਬਾਬਾ ਮਹਾਤਮਾ ਗਾਂਧੀ ਦੇ ਵੇਲੇ ਦਾ ਕਾਂਗਰਸੀਆ ਸੀ। ਸਾਡਾ ਟੱਬਰ ਤਾਂ ਪੂਰਾ ਕਾਂਗਰਸੀਆ ਨਾਮ ਆ।[2]

ਮਨੁੱਖ ਆਪਣੇ ਚੰਗੇ ਮਾੜੇ ਗੁਣਾ ਕਰ ਕੇ ਸਮਾਜ ਵਿਚ ਆਪਣਾ ਅਸਤਿਤਵ ਬਣਾਉਂਦਾ ਹੈ ਜਿਸ ਲਈ ਬਹੁਤੀ ਵਾਰ ਵਿਰੋਧ ਦੀ ਵੀ ਤਪਸ਼ ਦੇਖਣੀ ਪੈਂਦੀ ਹੈ।ਹਰਦਿਆਲ ਅਤੇ ਉਸ ਦੇ ਦੋਸਤਾਂ ਦਾ ਯੂਨੀਵਰਸਿਟੀ ਵਿਚ ਬਾਰ-ਬਾਰ ਪਾਰਟੀ ਦੀ ਜਿੱਤ ਲਈ ਇੱਕ ਦੂਸਰੇ ਨਾਲ ਵਿਰੋਧਾਂ ਭਾਸ਼ ਕਰਨੀ ਇਸ ਸੰਘਰਸ਼ ਦਾ ਮੁੱਖ ਕਾਰਨ ਹੈ ਕਿ ਇੱਕ ਵਿਅਕਤੀ ਆਪਣੇ ਹੀ ਦੋਸਤਾਂ ਵਿਚ ਰਹਿ ਕੇ ਇਹ ਵਿਰੋਧ ਜ਼ਰ ਰਿਹਾ ਹੈ ਤੇ ਸੰਘਰਸ਼ ਕਰ ਕੇ ਉਨ੍ਹਾਂ ਨੂੰ ਮਜਬੂਰ ਕਰ ਦਿੰਦਾ ਹੈ ਕਿ ਉਹ ਉਸ ਤੋਂ ਉਸ ਦੀ ਪੁਸ਼ਤੈਨੀ ਗੰਢ ਨੂੰ ਨਾ ਤੋੜ ਸਕਣ।

ਇਸ ਸਮਾਜ ਵਿਚ ਮਨੁੱਖ ਦੁਆਰਾ ਸਮਾਜ ਦੇ ਬਣਾਏ ਗਏ ਕੱਟੜ ਨਿਯਮ ਕੁੱਝ ਕੁ ਮਨੁੱਖਾ ਨੂੰ ਚੰਗੇ ਨਹੀਂ ਲੱਗਦੇ। ਉਹ ਇਸ ਦਾ ਵਿਰੋਧ ਕਰਦੇ ਹਨ। ਜ਼ਿਆਦਾਤਰ ਮਨੁੱਖ ਆਪਣੀ ਸਵੈ ਦੀ ਘਾਟ ਕਾਰਨ ਕੁੱਝ ਅਜਿਹੇ ਫ਼ੈਸਲੇ ਵੀ ਲੈ ਲੈਂਦਾ ਹੈ ਜੋ ਉਸ ਤੋਂ ਉਸ ਦੀ ਜ਼ਿੰਦਗੀ ਵੀ ਖੋਹ ਲੈਂਦੇ ਹਨ। ਅਕਸਰ ਕਮਜ਼ੋਰ ਬੰਦੇ ਮਰੇ ਸੱਪ ਵਾਂਗ ਜ਼ਹਿਰ ਘੋਲਦੇ ਰਹਿ ਜਾਂਦੇ ਹਨ। ਮਾੜਿਆਂ ਦੇ ਕਿਸੇ ਗੁਣ ਦੀ ਕਦਰ ਵੀ ਨਹੀਂ ਪੈਂਦੀ। ਕਦੇ ਦੂਸਰੇ ਨੂੰ ਮਾਰਨ ਅਤੇ ਕਦੇ ਆਪ ਆਤਮ ਹੱਤਿਆ ਕਰਨ ਬਾਰੇ ਸੋਚਦੇ ਰਹਿੰਦੇ ਹਨ।ਇਉਂ ਉਨ੍ਹਾਂ ਦਾ ਅਸਤਿਤਵੀ ਪਤਨ ਹੋ ਜਾਂਦਾ ਹੈ।"ਜਾਨ੍ਹ ਮਕੈਰੀ" ਲਿਖਦਾ ਹੈ।

> "Fallen man who is in the inauthentic person is characterized by irresolution. he jumps frome immediate possibility to another his existwnces in not his own but is at the mercy of chance circumstances in the world in which it is founded, and so it lacks coherence."[3]

ਸਮਾਜ ਵਿਚਰਨਾ ਹੀ ਕਿਸੇ ਸੰਘਰਸ਼ ਤੋਂ ਘੱਟ ਨਹੀਂ ਹੈ। ਮਨੁੱਖ ਆਪਣੇ ਆਲ਼ੇ ਦੁਆਲੇ ਦੇ ਨਾਲ ਮਿਲ ਕੇ ਇੱਕ ਸਮਾਜ ਬਣਾਉਂਦਾ ਹੈ। ਇਹ ਸਮਾਜ ਜੋ ਮਨੁੱਖ ਦਾ ਆਪਣਾ ਬਣਾਇਆ ਹੋਇਆ ਹੈ ਇਸ ਦੇ ਨਿਯਮ ਜੋ ਮਨੁੱਖ ਨੇ ਆਪਣੇ ਭਲੇ ਲਈ ਬਣਾਏ ਹੁੰਦੇ ਹਨ ਅਸਲ ਵਿਚ ਕਈ ਬਾਰ ਉਹ ਨਿਯਮ ਹੀ ਮਨੁੱਖ ਦੇ ਖ਼ਿਲਾਫ਼ ਖੜੇ ਹੋ ਜਾਂਦੇ ਹਨ ਉਸ ਸਮੇਂ ਮਨੁੱਖ ਦਾ ਸੰਘਰਸ਼ ਵਿਅਕਤੀਗਤ ਤੋਰ ਤੇ ਸ਼ੁਰੂ ਹੁੰਦਾ ਹੈ।ਜਿਵੇਂ ਨਾਵਲ ਵਿਚ ਪੇਸ਼ ਇਹ ਕਾਰਨ ਹੈ ਜੋ ਮਨੁੱਖ ਦੇ ਅਸਤਿਤਵੀ ਸੰਘਰਸ਼ ਨੂੰ ਪੈਦਾ ਕਰਦਾ ਹੈ। "ਸਾਰਤਰ" ਦੇ ਅਨੁਸਾਰ ਭਾਵੇਂ ਮਨੁੱਖ ਦਾ ਜਨਮ ਉਸ ਦੀ ਇੱਛਾ ਦੇ ਅਨੁਸਾਰ ਨਹੀਂ ਹੁੰਦਾ ਪਰ ਮਨੁੱਖ ਜਦੋਂ ਮਰਦਾ ਹੈ ਤਾਂ ਉਹ ਪੂਰਨ ਤੌਰ ਤੇ ਸੁਤੰਤਰ ਹੁੰਦਾ ਹੈ। "ਸੰਭਾਵਿਤ ਮੌਤ ਅਤੇ ਪੀੜਾ ਨਾਲ ਟਕਰਾ ਰਿਹਾ ਮਨੁੱਖ ਕੇਵਲ ਮਨੁੱਖ ਹੋਣ ਦੇ ਨਾਤੇ ਆਪਣੀਆਂ ਸਮੁੱਚੀਆਂ ਯੋਗਤਾਵਾਂ ਨੂੰ ਵਰਤਣ ਤੋਂ ਨਹੀਂ ਟਾਲ ਸਕਦਾ ਜਿਹੜੀਆਂ ਪ੍ਰਸਥਿਤੀਆਂ ਵਿਚ ਉਹ ਆਪਣੇ ਆਪ ਨੂੰ ਪਾਉਂਦਾ ਹੈ ਉਹ ਅਜਿਹੀਆਂ ਹੁੰਦੀਆਂ ਹਨ ਕਿ ਉਸ ਨੂੰ ਇਨ੍ਹਾਂ ਦੇ ਵਿਰੋਧੀ ਸਿਰਿਆਂ-ਕਾਇਰਤਾ ਤੇ ਨਾਇਕਤਵ-ਵਿਚੋਂ ਕੇਵਲ ਇੱਕ ਨਾਲ ਪ੍ਰਤੀਬਿੰਬ ਹੋਣਾ ਪੈਂਦਾ ਹੈ।[4]

ਦੋ ਹਫ਼ਤਿਆਂ ਬਾਅਦ ਜਦ ਉਹ ਵਾਪਿਸ ਆਇਆ ਤਾਂ ਸਭ ਤੋਂ ਪਹਿਲਾਂ ਉਹ ਨੂੰ ਕੈਲਾਸ਼ ਮਿਲਿਆ ਸੀ।

ਫਿਰ ਕੀ ਖ਼ਬਰ ਐ?" ਹਰਦਿਆਲ ਨੇ ਹੱਸਦਿਆਂ ਪੁੱਛਿਆ ਸੀ।

ਤੈਨੂੰ ਪਤੈ ਉਹ ਜੇਹੜੀ ਕੈਮਿਸਟਰੀ ਵਾਲੀ ਜੋੜੀ ਆ? ਆਹੋ, ਮੁੰਡੇ ਸਾ ਨਾਂ ਰਾਕੇਸ਼ ਆ ਤੇ ਕੁੜੀ ਦਾ ਆਰਤੀ ਆ

ਉਹ ਕੁੜੀ ਨੇ ਸੁਈਸਾਈਡ ਕਰ ਲਿਆ। ਆਹੋ। ਉਸੇ ਡਿਪਾਰਟਮੈਂਟ ਦਾ ਮੇਰਾ ਇੱਕ ਪੁਰਾਣਾ ਆੜੀ ਆ। ਉਹੀ ਦੱਸਦਾ ਸੀ ਕਿ ਕੁੜੀ ਅਰੋੜਿਆਂ ਦੀ ਸੀ ਤੇ ਮੁੰਡਾ ਚਮਾਰਾਂ ਸਾ। ਕੁੜੀ ਦੇ ਘਰ ਵਾਲੇ ਨਹੀਂ ਸੀ ਮੰਨਦੇ।ਪਿੰਡ ਗਈ ਨੇ ਦਵਾਈ ਖਾ ਲਈ[5]

ਜਦੋਂ ਇਸ ਨਾਵਲ ਵਿਚ ਪੇਸ਼ ਕੀਤਾ ਇੱਕ ਪ੍ਰੇਮ ਪ੍ਰੇਮੀ ਪ੍ਰੇਮਿਕਾ ਦੇ ਸਮਾਜ ਦੇ ਧਰਮ ਅਤੇ ਜਾਤਾਂ ਪਾਤਾ ਨੂੰ ਨ੍ਹਾ ਸਹਿਣ ਕਾਰਨ ਆਪਣੀ ਪਛਾਣ ਇੱਕ ਪ੍ਰੇਮੀ ਪ੍ਰੇਮਿਕਾ ਦੀ ਬਗ਼ਾਵਤ ਦਾ ਸੰਘਰਸ਼ ਮਹਿਸੂਸ ਕੀਤਾ ਤਾਂ ਆਪਣੀ ਇਸ ਇੱਕੋ ਪਛਾਣ ਨੂੰ ਬਣਾਈ ਰੱਖਣ ਲਈ ਆਤਮ ਹੱਤਿਆ ਕਰ ਲੈਂਦੀ ਹੈ। ਅਸਤਿਤਵਵਾਦੀ ਚਿੰਤਕਾਂ ਵੱਲੋਂ ਇਸ ਸਥਿਤੀ ਨੂੰ ਸੰਘਰਸ਼ ਦੀ ਸਥਿਤੀ ਦਾ ਨਾਮ ਦਿੱਤਾ ਗਿਆ ਹੈ।ਆਰਤੀ ਦਾ ਧਰਮ ਅਤੇ ਜਾਤ ਪਾਤ ਦਾ ਆਪਸੀ ਸੰਘਰਸ਼ ਨਾ ਸਹਿਣ ਦੀ ਹਿੰਮਤ ਨੇ ਉਸ ਨੂੰ ਆਤਮ ਹੱਤਿਆ ਲਈ ਮਜਬੂਰ ਕਰ ਦਿੱਤਾ।

ਇਹ ਸੰਸਾਰ ਬਹੁਤੇ ਸਾਲਾਂ ਤੋਂ ਖੇਤਰ ਪੱਖੋਂ ਕਿਸੇ ਨਾ ਕਿਸੇ ਲੋਕ ਕਥਾਵਾਂ ਨਾਲ ਜੁੜ ਕੇ ਸਾਨੂੰ ਸਮਾਜ ਅੰਦਰ ਸੰਘਰਸ਼ ਦੀ ਇਤਿਹਾਸਕ ਮਿਸਾਲ ਪੇਸ਼ ਕਰਦੇ ਹਨ। ਇਹੋ ਘਟਨਾਵਾਂ ਮਨੁੱਖ ਦੇ ਚੇਤੰਨ ਵਿਚ ਇੱਕ ਚੰਗਿਆੜੀ ਸੁਲਗਾਉਦੀਆਂ ਹਨ। ਜੇਕਰ ਗੱਲ ਕਰੀਏ ਪੰਜਾਬੀ ਇਤਿਹਾਸ ਦੀ ਜਿਸ ਨੂੰ ਕਿਸੇ ਨਾ ਕਿਸੇ ਧਾੜਵੀ ਵੱਲੋਂ ਸੰਘਰਸ਼ ਦੇ ਰਸਤੇ ਤੇ ਲੈ ਕੇ ਆਇਆ ਹੈ।ਜਿਸ ਦੀ ਮਿਸਾਲ ਕਿੱਸਾ ਸੰਸਾਰ ਹੈ ਜਿਸ ਵਿਚ ਪ੍ਰੇਮੀ ਅਤੇ ਪ੍ਰੇਮਿਕਾ ਦਾ ਸਮਾਜ ਅੱਗੇ ਸੰਘਰਸ਼ ਕਰਨ ਉਪਰੰਤ ਵੀ ਉਨ੍ਹਾਂ ਦੀ ਸੁਤੰਤਰ ਹੋਂਦ ਨੂੰ ਦਬਾ ਦਿੱਤਾ ਜਾਂਦਾ ਹੈ। Albrt kwmU ਅਨੁਸਾਰ ਮਨੁੱਖ ਦਾ ਅੰਦਰੂਨੀ ਅਸਤਿਤਵ ਲਗਾਤਾਰ ਟਕਰਾਉਂਦੇ ਦਾਅਵਿਆਂ ਤੇ ਉਦੇਸ਼ ਹੇਠ ਤਣਾਅ ਪੂਰਨ ਰਹਿੰਦਾ ਹੈ।

ਸ਼ਿਵ ਅਤੇ ਕੈਲਾਸ਼ ਹਰਦਿਆਲ ਦੇ ਕਮਰੇ 'ਚ ਆ ਗਏ। ਸਾਲਾ ਮਨ ਬੌਤ ਉਦਾਸ ਆ, ਕੈਲਾਸ਼ ਨੇ ਤਕਰੀਬਨ ਸਾਰਿਆਦੀ ਮਨ ਦੀ ਹਾਲਤ ਨੂੰ ਬਿਆਨ ਹ ਕੀਤਾ ਸੀ।

ਫਿਰ ਸਾਰੇ ਚੁੱਪ ਹੋ ਗਏ।

ਸ਼ਾਇਦ ਇਹ ਸਾਰੇ ਆਮ ਲੋਕਾਂ ਵਾਂਗ ਛੋਟੀਆ-ਛੋਟੀਆ ਗੱਲਾ ਕਰਨ ਦੇ ਅਸਮਰੱਥ ਨੇ, ਹਰਦਿਆਲ ਦੇ ਮਨ 'ਚ ਸੋਚ ਉਭਰੀ। ਆਖ਼ਿਰ ਕਿਸੇ ਨੇ ਵੀ ਰੱਬ ਦੇ ਭਾਣੇ ਦੀ ਗੱਲ ਨਹੀਂ ਕੀਤੀ ਸੀ। ਕਿਸਮਤ ਤੇ ਕਰਮਾਂ ਦਾ ਜ਼ਿਕਰ ਨਹੀਂ ਛਿੜਿਆ ਸੀ। ਕਿਸੇ ਨੇ ਇਹ ਵੀ ਨਹੀਂ ਕਿਹਾ ,ਜੋ ਰੱਬ ਮੂੰ ਮਨਜ਼ੂਰ ਸੀ ਉਹ ਹੋ ਗਿਆ। ਹਰਦਿਆਲ ਨੂੰ ਅਹਿਸਾਸ ਹੋਇਆ ਕਿ ਸਾਡੀਆਂ ਪ੍ਰੇਮ ਕਥਾਵਾਂ ਦਾ ਆਧਾਰ ਅਜਿਹੇ ਦੁਖਾਂਤ ਹੀ ਸਨ। ਰਾਂਝਾ, ਮਿਰਜ਼ਾ, ਮਹੀਂਵਾਲ ਵਰਗੇ ਸਾਰੇ ਪ੍ਰੇਮੀ ਮਰਦੇ ਸਨ ਨਾਲ ਹੀ ਮਾਸ਼ੂਕ ਮਰਦੀ ਸੀ, ਜਾ ਪਹਿਲਾਂ ਮਾਸ਼ੂਕ ਮਰਦੀ ਸੀ ਤੇ ਬਾਅਦ ਵਿਚ ਉਹ ਮਰਦੇ ਸਨ।

ਵੈਸੇ ਦੇਖਿਆ ਜਾਏ ਤਾਂ ਬੰਦਾ ਸਮਾਜ ਤੋਂ ਦੌੜ ਨਹੀਂ ਸਕਦਾ [6]

ਇਸ ਸਮਾਜ ਅੰਦਰ ਧਰਮ ਜਾਂ ਕਿਸੇ ਖ਼ਾਸ ਫ਼ਿਰਕੇ ਨਾਲ ਜੁੜੇ ਲੋਕਾਂ ਦਾ ਇੱਕ ਵੈਰ ਵਿਰੋਧ ਦੀ ਭਾਵਨਾ ਨਾਲ ਹਰ ਸਮੇਂ ਉਥਾਨ ਕੀਤਾ ਜਾਂਦਾ ਹੈ। ਇਹ ਭਾਵਨਾ ਮਨੁੱਖ ਦੇ ਸਾਰੇ ਗੁਣਾ ਨੂੰ ਲੁਕਾ ਕੇ ਉਸ ਦੀ ਧਰਮ ਜਾਂ ਖ਼ਾਸ ਫ਼ਿਰਕਾਪ੍ਰਸਤੀ ਦੀ ਪਹਿਚਾਣ ਨੂੰ ਮੁੱਖ ਰੱਖ ਕੇ ਸ਼ੱਕ ਦੀ ਨਿਗ੍ਹਾ ਨਾਲ ਪਰਖਣ ਦਾ ਕਾਰਜ ਕੀਤਾ ਜਾਂਦਾ ਹੈ। ਸਮਾਜ ਅੰਦਰ ਵਿਅਕਤੀ ਦੀ ਹੋਂਦ ਨੂੰ ਕਾਲਪਨਿਕ ਮੰਨ ਕੇ ਉਸ ਨੂੰ ਉਨ੍ਹਾਂ ਪਹਿਚਾਣਾ ਵਿਚੋਂ ਦੀ ਲੰਘਣ ਲਈ ਮਜਬੂਰ ਕੀਤਾ ਜਾਂਦਾ ਹੈ ਜਿਸ ਨਾਲ ਉਸ ਦੇ ਸਵੈ ਮਾਨ ਨੂੰ ਠੇਸ ਪਹੁੰਚਦੀ ਹੈ ਇਹ ਪ੍ਰਸਥਿਤੀਆਂ ਹਰ ਵਾਰ ਮਨੁੱਖ ਦੀ ਆਤਮਿਕ ਭਾਵਨਾ ਨੂੰ ਕੁਰੇਦਦੀਆਂ ਹਨ। ਕਿਰਕੇ

ਗਾਰਦ ਦੇ ਅਨੁਸਾਰ "ਅਸਤਿਤਵ ਦਾ ਅਰਥ ਹੈ ਵਿਅਕਤੀਗਤ ਮਾਨਵ ਦੀ ਸਮੂਰਤ ਹੋਂਦ ਹੈ। ਧਰਤੀ ਉੱਤੇ ਦਿਖਾਈ ਦੇ ਰਹੇ ਸਾਰੇ ਜੀਵਾਂ ਵਿਚੋਂ ਕੇਵਲ ਮਨੁੱਖ ਹੀ ਉੱਭਰਵੇਂ ਰੂਪ ਵਿਚ ਸਾਹਮਣੇ ਆਉਂਦਾ ਹੈ ਜਿਹੜਾ ਨਾ ਕੇਵਲ ਆਪਣੀ ਹੋਂਦ ਬਾਰੇ ਬਾਰੇ ਸੁਚੇਤ ਹੈ ਸਗੋਂ ਭਵਿੱਖ ਬਾਰੇ ਵੀ ਚੇਤੰਨ ਹੈ। [7]

ਕੀਰਕੇਗਾਰਦ ਨੇ ਅਸਤਿਤਵਵਾਦ ਦੇ ਬਾਰੇ ਜੋ ਸੰਕਲਪ ਦਿੱਤੇ ਹਨ ਇਸ ਪ੍ਰਕਾਰ ਹਨ- ਵਿਵਸਥਾ, ਤਰਕ ਵਿੱਦਿਆ, ਇਕਾਗਰਤਾ, ਵਸਤੂਪਰਕਤਾ। ਇਸ ਤੋਂ ਉਪਰੰਤ ਉਸ ਨੇ ਸੰਸਾਰ ਵਿਰੁੱਧ ਬਗ਼ਾਵਤ ਕਰ ਦਿੱਤੀ। ਉਸ ਨੇ ਬੰਦੇ ਨੂੰ ਇੱਕ ਕਲਪਨਾਤਮਿਕ ਹੋਂਦ ਮੰਨਿਆਂ ਹੈ।

> ਹਰਦਿਆਲ ਦੀ ਸਭ ਤੋਂ ਵੱਡੀ ਸਮੱਸਿਆ ਇਹ ਸੀ ਕਿ ਉਸ ਨੂੰ ਵਿਦਿਆਰਥੀ ਸਿਆਸਤ ਦੇ ਪ੍ਰਸੰਗ ਵਿਚ ਪਛਾਣਨਾ ਔਖਾ ਸੀ। ਆਮ ਤੌਰ ਤੇ ਕਾਮਰੇਡ ਜ਼ਿਆਦਾ ਪੜ੍ਹੇ ਲਿਖੇ ਸਨ ਉਨ੍ਹਾਂ ਨੂੰ ਗੱਲ ਵੀ ਕਰਨੀ ਆਉਂਦੀ ਸੀ। ਹਰਦਿਆਲ ਵਧਿਆ ਗੱਲ ਕਰ ਸਕਦਾ ਸੀ ਪਰ ਉਹ ਕਾਮਰੇਡ ਨਹੀਂ ਸਨ।ਇਸੇ ਕਾਰਨ ਵਾਕਿਫ ਵਿਦਿਆਰਥੀਆਂ ਵਿਚ ਉਸ ਨੂੰ ਸ਼ੱਕ ਨਾਲ ਵੇਖਿਆ ਜਾਂਦਾ ਸੀ। [8]

ਇਸ ਨਾਵਲ ਵਿਚ ਪੇਸ਼ ਕੀਤਾ ਹਰਦਿਆਲ ਦਾ ਕਿਰਦਾਰ ਇੱਕ ਅਜਿਹੀ ਪਰਸਥਿਤੀ ਵਿਚੋਂ ਦੀ ਲੰਘਦਾ ਹੈ ਜਿਸ ਵਿਚ ਉਸ ਨੂੰ ਆਪਣੀ ਕਾਮਰੇਡ ਨਾ ਹੋਣ ਦੀ ਪਹਿਚਾਣ ਕਾਰਨ ਆਪਣੇ ਅਸਤਿਤਵ ਨੂੰ ਬਣਾਈ ਰੱਖਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਜਿਸ ਸਮੇਂ ਉਸ ਦੇ ਨਾਲ ਵਾਲੇ ਦੋਸਤ ਜਾਂ ਜੋ ਉਸ ਤੋਂ ਪੂਰੀ ਤਰ੍ਹਾਂ ਵਾਕਫ਼ ਹਨ ਉਸ ਨੂੰ ਇੱਕ ਸ਼ੱਕ ਦੀ ਨਜ਼ਰ ਨਾਲ ਵੇਖਦੇ ਪ੍ਰਤੀਤ ਹੁੰਦੇ ਹਨ ਤਾਂ ਉਹ ਅੱਗੇ ਆ ਕੇ ਵਿਦਿਆਰਥੀ ਸੰਗਠਨ ਵਿਚ ਚੱਲ ਰਹੀ ਹੜਤਾਲ ਵਿਚ ਆਪਣੇ ਆਪ ਨੂੰ ਉਭਾਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਦਾ ਚੰਗਾ ਨਤੀਜਾ ਨਿਕਲ ਕੇ ਆਉਂਦਾ ਹੈ। "ਬੂਬਰ" ਦੇ ਅਨੁਸਾਰ ਵਿਅਕਤੀ ਦਾ ਵਾਤਾਵਰਨ ਅਤੇ ਆਪਣੇ ਅਨੁਭਵ ਨਾਲ ਦੂਹਰਾ ਸਬੰਧ ਹੈ। ਉਸ ਦੇ ਅਨੁਸਾਰ ਸਥਿਤੀ ਗਿਆਨ ਬਾਹਰਮੁਖੀ ਵਤੀਰਾ ਹੈ ਅਤੇ ਸਾਕਾਰ ਕਰਨ ਦੁਆਰਾ ਜੀਵਨ ਦੇ ਅੰਤਰੀਵੀ ਅਰਥ ਪੈਦਾ ਹੁੰਦੇ ਹਨ।ਬੂਬਰ ਦੀਆਂ ਨਜ਼ਰਾਂ ਵਿਚ ਸਾਰੀ ਵਾਸਤਵਿਕ ਹੋਂਦ ਮਿਲਾਪ ਹੀ ਹੈ। ਇੱਕ ਦੂਜੇ ਨਾਲ ਸਬੰਧ ਦੈਵੀ ਸੰਬੰਧਾਂ ਦਾ ਅਹਿਸਾਸ ਕਰਵਾਉਂਦੇ ਹਨ। ਮਿਲਾਪ ਵਿਚੋਂ ਹੀ ਪ੍ਰਮਾਣਿਤ ਅਸਤਿਤਵ ਹੋਂਦ ਗ੍ਰਹਿਣ ਕਰਦਾ ਹੈ। ਮੈਂ-ਤੂੰ ਦੇ ਸੰਬੰਧਾਂ ਦੇ ਨਾਲ ਹੀ ਅਸੀਂ ਬਣਦੇ ਹਾਂ।

ਵਿਅਕਤੀਗਤ ਪਹਿਚਾਣ ਨੂੰ ਬਣਾਈ ਰੱਖਣ ਲਈ ਮਨੁੱਖ ਨੂੰ ਬਹੁਤੀ ਵਾਰ ਉਨ੍ਹਾਂ ਸੰਦਾਂ ਦਾ ਸਹਾਰਾ ਲੈਣਾ ਪੈਂਦਾ ਹੈ ਜਿਨ੍ਹਾਂ ਨਾਲ ਉਨ੍ਹਾਂ ਦਾ ਸਮਾਜ ਵਿਚ ਦਰਜਾ ਹੋਰ ਵੀ ਨਿਘਾਰ ਵਿਚ ਚਲਾ ਜਾਂਦਾ ਹੈ। ਪਰ ਇਸ ਨਿਘਾਰ ਦੇ ਉਪਰੰਤ ਵੀ ਉਹ ਵਿਅਕਤੀ ਆਪਣੀ ਉਸ ਪਛਾਣ ਨੂੰ ਉਜਾਗਰ ਕਰਨ ਲਈ ਸੰਘਰਸ਼ ਜਾਰੀ ਰੱਖਦਾ ਹੈ। ਇਸ ਨਾਵਲ ਵਿਚ ਪੇਸ਼ ਕੀਤੇ ਭਿੰਡਰਾਂਵਾਲੇ ਦੇ ਸਮਰਥਕਾਂ ਦੀ ਸੰਘਰਸ਼ ਦੀ ਸਥਿਤੀ ਨੂੰ ਨਾਵਲ ਕਾਰ ਨੇ ਇੱਕ ਅਜਿਹੇ ਸੰਘਰਸ਼ ਵਿਚ ਪੇਸ਼ ਕੀਤਾ ਹੈ। ਜਿਸ ਦਾ ਸਮਾਜ ਲਈ ਇੱਕ ਮਾਰੂ ਨਤੀਜਾ ਨਿਕਲਦਾ ਹੈ।

> ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਨੂੰ ਅਜੇ ਦਸ ਦਿਨ ਵੀ ਨਹੀਂ ਹੋਏ ਸਨ ਕਿ ਕੁਝ ਸਿੱਖ ਨੌਜਵਾਨਾਂ ਨੇ ਸ੍ਰੀਨਗਰ ਤੋਂ ਇੰਡੀਅਨ ਏਅਰਲਾਇਨਜ਼ ਦਾ ਦਿੱਲੀ ਆ ਰਿਹਾ ਜਹਾਜ਼ ਹਾਈਜੈਕ ਕਰ ਲਿਆ ਤੇ ਉਹਨੂੰ ਲਾਹੌਰ ਲੈ ਗਏ। ਅਗਵਾ ਕਰ ਕੇ ਲੈ ਜਾਣ ਵਾਲਾਂ ਦੀ ਇੱਕ ਮੰਗ ਸੀ ਕਿ ਭਿੰਡਰਾਂਵਾਲੇ ਨੂੰ ਜੇਲ੍ਹ ਤੋਂ ਰਿਹਾ ਕੀਤਾ ਜਾਵੇ। [9]

ਭਿੰਡਰਾਂਵਾਲੇ ਦੇ ਸਮਰਥਕਾਂ ਨੂੰ ਇਸ ਪੈਦਾ ਕੀਤੀ ਜਾ ਰਹੀ ਸਥਿਤੀ ਬਾਰੇ ਗਿਆਨ ਹੈ ਕੇ ਇਸ ਦੇ ਮਾੜੇ ਨਤੀਜੇ ਆਉਣਗੇ ਪਰ ਫੇਰ ਵੀ ਉਹ ਆਪਣੇ ਅਸਤਿਤਵ ਨੂੰ ਸਾਬਤ ਕਰਨ ਲਈ ਆਪਣੀ ਪਛਾਣ ਦੀ ਝੰਡੀ ਬਣਾਈ ਰੱਖਣ ਲਈ ਸਮਾਜ ਨੂੰ ਹੀ ਗਲਤ ਤਰੀਕੇ ਨਾਲ ਵਰਤ ਰਹੇ ਹਨ। ਇਸ ਸੰਘਰਸ਼ ਦੀ ਵਜਾ ਉਨ੍ਹਾਂ ਦੇ ਧਰਮ ਦੀ ਬੇਅਦਬੀ ਹੈ। ਜਿਸ ਕਾਰਨ ਮਨੁੱਖ ਦਾ ਅੰਦਰੀਵੀ ਵਿਅਕਤੀਤਵ ਪ੍ਰਭਾਵਿਤ ਹੁੰਦਾ ਹੈ ਅਤੇ ਇਹ ਅੰਦਰੀਵੀ ਵਿਅਕਤੀਤਵ ਉਸ ਨੂੰ ਅਜਿਹੇ ਕਦਮ ਚੁੱਕਣ ਲਈ ਉਤੇਜਿਤ ਕਰਦਾ ਹੈ। ਇਨ੍ਹਾਂ ਕਾਰਨ ਲਈ ਉਸ ਦੀ ਬੁੱਧੀ ਵੀ ਉਸ ਦਾ ਸਾਥ ਨਹੀਂ ਦਿੰਦੀ ਜਿਸ ਕਾਰਨ ਚੰਗੇ ਮਾੜੇ ਕੰਮਾਂ ਦਾ ਉਸ ਮਨੁੱਖ ਨੂੰ ਗਿਆਨ ਵੀ ਨਹੀਂ ਰਹਿੰਦਾ। "ਮਾਰਸ਼ਲ" ਦੇ ਅਨੁਸਾਰ ਬੰਦੇ ਦੀਆਂ ਸਮੱਸਿਆਵਾਂ ਦਾ ਕੋਈ ਬੌਧਿਕ ਅਤੇ ਬੁਨਿਆਦੀ ਹੱਲ ਨਹੀਂ ਕੱਢਿਆ ਜਾ ਸਕਦਾ।

ਧਰਮ ਦੇ ਨਾਮ ਤੇ ਇਸ ਸਮਾਜ ਅੰਦਰ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਦੀ ਇਹ ਰੀਤ ਤਾਂ ਸਦੀਆਂ ਤੋਂ ਚੱਲੀ ਆ ਰਹੀ ਹੈ। ਜਿਸ ਦਾ ਮੁੱਖ ਕਾਰਜ ਵਿਅਕਤੀ ਦੀਆਂ ਅੰਦਰੂਨੀ ਭਾਵਨਾ ਨੂੰ ਠੇਸ ਪਹੁੰਚਾ ਕੇ ਅੱਗੇ ਵਧਣਾ। ਇਸ ਕਾਰਜ ਲਈ ਮਨੁੱਖ ਉਨ੍ਹਾਂ ਨਿਯਮਾਂ ਨੂੰ ਤੋੜ ਦਾ ਹੈ ਜਿਨ੍ਹਾਂ ਨਾਲ ਕਿਸੇ ਧਰਮ ਦੀਆਂ ਧਾਰਮਿਕ ਭਾਵਨਾਵਾਂ ਰੋਹ-ਰੀਤਾਂ ਜੁੜਿਆਂ ਹੁੰਦੀਆਂ ਹਨ। ਇਹ ਧਾਰਮਿਕ ਨਿਯਮ ਮਨੁੱਖ ਵੱਲੋਂ ਬਣਾਏ ਹਨ ਪਰ ਜਦੋਂ ਇਨ੍ਹਾਂ ਨੂੰ ਕੋਈ ਦੂਸਰਾ ਵਿਅਕਤੀ ਤੋੜ ਦਾ ਹੈ ਤਾਂ ਮਨੁੱਖ ਦੇ ਵਿਅਕਤੀਤਵ ਨੂੰ ਸੱਟ ਵੱਜਦੀ ਹੈ ਜਿਸ ਨਾਲ ਉਹ ਆਪਣੇ ਧਰਮ ਨੂੰ ਬਣਾਈ ਰੱਖਣ ਲਈ ਸੰਘਰਸ਼ ਕਰਦਾ ਹੈ। ਅਜਿਹੀਆਂ ਸਮਾਜ ਮਾਰੂ ਰਣਨੀਤੀਆਂ ਲਈ ਜਿਸ ਸੰਸਥਾ ਜਾ ਧਰਮ ਦੀ ਰਾਜਨੀਤੀ ਕਰਨ ਵਾਲੀ ਕਿਸੇ ਵੀ ਸਮਾਜ ਖ਼ਿਲਾਫ਼ ਚੱਲਣ ਵਾਲੀ ਕਮੇਟੀ ਦਾ ਵਿਰੋਧ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀ ਸਥਿਤੀ ਇਸ ਨਾਵਲ ਵਿਚ ਪੇਸ਼ ਕਰਦਿਆਂ ਨਾਵਲ ਕਾਰ ਨੇ ਹਿੰਦੂਆਂ ਦੇ ਇਸ ਠੇਸ ਰੂਪੀ ਸੰਘਰਸ਼ ਨੂੰ ਵਿਚਾਰ ਵਜੋਂ ਪੇਸ਼ ਕੀਤਾ ਹੈ ।

> ਜਦੋਂ ਹਰਦਿਆਲ ਦਾ ਪਹਿਲਾ ਚੈਪਟਰ ਵਾਪਸ ਕੀਤਾ ਤਾਂ ਉਸ ਦਿਨ ਅੰਮ੍ਰਿਤਸਰ ਵਿਚ ਕਿਸੇ ਨੇ ਮੰਦਿਰ ਦੇ ਸਾਹਮਣੇ ਗਾਵਾਂ ਦਾ ਸਿਰ ਸੁੱਟ ਦਿੱਤੇ ਸਨ। ਦਲ ਖ਼ਾਲਸ ਨੇ ਇਸ ਦੀ ਜ਼ਿੰਮੇਵਾਰੀ ਲਈ ਸੀ। ਇਸ ਘਟਨਾ ਦੇ ਇੱਕ ਹਫ਼ਤੇ ਬਾਅਦ ਹੀ ਭਾਰਤ ਸਰਕਾਰ ਨੇ ਦਲ ਖ਼ਾਲਸਾ ਤੇ ਕੌਂਸਲ ਆਫ਼ ਖ਼ਾਲਿਸਤਾਨ 'ਤੇ ਪਾਬੰਦੀ ਲਗਾ ਤੀ ਸੀ। ਹੁਣ ਇਹ ਗ਼ੈਰ ਕਾਨੂੰਨੀ ਜਥੇਬੰਦੀਆਂ ਹੋ ਗਈਆ ਸਨ।[10]

ਸਮਾਜ ਅੰਦਰ ਆਪਣਾ ਦਬਦਬਾ ਬਣਾਉਣ ਲਈ ਵਿਅਕਤੀਗਤ ਤੋਰ ਤੇ ਕਿਸੇ ਧਰਮ ਦੀਆਂ ਭਾਵਨਾਵਾਂ ਨੂੰ ਉਤੇਜਿਤ ਕਰਨ ਅਤੇ ਆਪਣੀ ਹੀ ਧਰਮ ਵਿਰੋਧੀ ਭਾਵਨਾ ਨੂੰ ਸੰਘਰਸ਼ ਵਜੋਂ ਉਭਾਰਨਾ ਸਮਾਜ ਲਈ ਗਲਤ ਪ੍ਰਸਥਿਤੀਆਂ ਪੈਦਾ ਕਰਦਾ ਹੈ।

ਜਦੋਂ ਕਿਸੇ ਖ਼ਾਸ ਵਿਰੋਧੀ ਭਾਵਨਾ ਅਤੇ ਧਰਮ ਵਿਰੋਧੀ ਕਾਰਜ ਦੇ ਚੱਲ ਦਿਆਂ ਮਨੁੱਖ ਦੇ ਅਸਤਿਤਵ ਤੇ ਸਿੱਧੀ ਉਂਗਲੀ ਉੱਠਦੀ ਹੈ ਫਿਰ ਇਹ ਵੈਰ ਵਿਰੋਧ ਦੀ ਲੜਾਈ ਵੀ ਤੇਜ਼ ਹੋ ਜਾਂਦੀ ਹੈ। ਇਹ ਵਿਅਕਤੀਗਤ ਵਿਰੋਧ ਉਸ ਸਮੇਂ ਸਮਾਜ ਅੰਦਰ ਦੰਗਿਆਂ ਦੇ ਹਾਲਾਤ ਪੈਦਾ ਕਰਦਾ ਹੈ। ਇਨ੍ਹਾਂ ਦੰਗਿਆਂ ਵਿਚ ਫਿਰ ਹਰ ਵਿਅਕਤੀ ਦਾ ਸੰਘਰਸ਼ ਆਪਣੇ ਅਸਤਿਤਵ ਲਈ ਤੇਜ਼ ਹੋ ਜਾਂਦਾ ਹੈ। ਕਿਉਂਕਿ ਮਨੁੱਖ ਆਪਣੇ ਅਸਤਿਤਵ ਨੂੰ ਬਣਾਈ ਰੱਖਣ ਲਈ ਯੁੱਗ ਮਾਰੂ ਰਣਨੀਤੀਆਂ ਦਾ ਆਰੰਭ ਕਰਦਾ ਹੈ।

> ਇੰਦਰਾ ਗਾਂਧੀ ਚੋਣਾਂ ਜਿੱਤ ਗਈ ਸੀ। ਲੋਕ ਸਭਾ 'ਚ ਬਹੁ-ਗਿਣਤੀ ਕਰ ਕੇ ਉਹ ਪ੍ਰਧਾਨ ਮੰਤਰੀ ਬਣ ਗਈ ਸੀ। ਇਹ ਸਾਰਾ ਕੁੱਝ ਹੋ ਰਿਹਾ ਸੀ ਕਿ ਦਿੱਲੀ ਵਿਚ ਨਿਰੰਕਾਰੀ ਮੱਤ ਦੇ ਮੁੱਖੀ ਦਾ ਕਾਲ ਕਰ ਦਿੱਤਾ ਗਿਆ ਜਿਸ ਦੀ ਸਿੱਧੀ ਉਂਗਲੀ ਜਰਨੈਲ ਸਿੰਗ ਭਿੰਡਰਾਂਵਾਲੇ ਤੇ ਉੱਠਦੀ ਸੀ। ਉਸ ਦੀ ਵਾਕਿਫ਼ਕਾਰੀ ਵਿਚੋ ਸਿੱਖ ਪਿਛੋਕੜ ਵਾਲੇ ਕਾਪੀ ਮੁੰਡੇ ਖੁਸ਼ ਨਜ਼ਰ ਆ ਰਹੇ ਸਨ।[11]

ਹਰ ਜਗ੍ਹਾ ਹਰ ਇਨਸਾਨ ਲਈ ਨਵੀਂ ਹੁੰਦੀ ਹੈ। ਉਸ ਥਾਂ ਉੱਤੇ ਆਪਣੀ ਪਛਾਣ ਬਣਾਉਣੀ ਇੱਕ ਸੰਘਰਸ਼ ਤੋਂ ਘੱਟ ਨਹੀਂ ਹੈ। ਪਰ ਬਹੁਤੀ ਵਾਰ ਮਨੁੱਖ ਆਪਣੇ ਅਸਤਿਤਵੀ ਦੀ ਪਛਾਣ ਬਣਾਉਣ ਵਿਚ ਆਪਣੇ ਆਪ ਨੂੰ ਅਸਮਰਥ ਸਮਝਦਾ ਹੈ। ਇਹੋ ਜਿਹੀ ਸਥਿਤੀ ਮਨੁੱਖ ਨੂੰ ਉਸ ਦੇ ਅਸਤਿਤਵ ਨੂੰ ਬਣਾਈ ਰੱਖਣ ਲਈ ਮਜ਼ਬੂਤ ਕਰਦੀ ਹੈ ਪਰ ਕਈ ਵਾਰ ਮਨੁੱਖ ਇਨ੍ਹਾਂ ਸਥਿਤੀਆਂ ਵਿਚ ਆਪਣੇ ਆਪ ਨੂੰ ਫਸਿਆ ਮਹਿਸੂਸ ਕਰਦਾ ਹੈ। ਜੋ ਮਨੁੱਖੀ ਅਸਤਿਤਵੀ ਸੰਘਰਸ਼ ਦਾ ਇੱਕ ਰਸਤਾ ਬਣਦਾ ਹੈ। ਅਜਿਹੀ ਸਥਿਤੀ ਬਾਰੇ ਅਸਤਿਤਵਵਾਦੀ ਚਿੰਤਕ "ਪਾੱਲ ਟਿਲਿਕ" ਦਾ ਵਿਚਾਰ ਹੈ ਕਿ ਅਸਤਿਤਵਵਾਦੀ ਮਨੁੱਖੀ ਸਥਿਤੀ ਤੇ ਧਿਆਨ ਇਕਾਗਰ ਕਰਦੇ ਹਨ। ਅਸਤਿਤਵਵਾਦੀ ਬਾਹਰਮੁਖੀ ਦ੍ਰਿਸ਼ਟੀ ਦੀ ਥਾਂ ਅੰਤਰਮੁਖੀ ਦ੍ਰਿਸ਼ਟੀ ਅਨੁਸਾਰ ਕਾਰਜਸ਼ੀਲ ਹੁੰਦਾ ਹੈ। ਅਸਤਿਤਵਵਾਦੀ ਸੁਰੱਖਿਆ/ਅਸੁਰੱਖਿਆ ਦੀ ਚਿੰਤਾ ਦਾ ਵਿਸ਼ਾ ਹੈ ਜਿਸ ਦਾ ਸਬੰਧ ਬੰਦੇ ਦੀ ਹੋਂਦ ਨਾਲ ਸਬੰਧ ਰੱਖਦਾ ਹੈ।

> ਉਹ ਮੀਜ਼ੋ ਲੋਕਾਂ ਵਿਚ ਇਕੱਲਾ ਪੰਜਾਬੀ ਸੀ। ਸਭ ਤੋਂ ਜ਼ਿਆਦਾ ਗਿਣਤੀ ਬੰਗਾਲੀਆਂ ਦੀ ਸੀ। ਅਸਾਮੀ ਤੇ ਉੜੀਆ ਵੀ ਸਨ। ਕਾਲਜ ਦਾ ਖੇਤਰ ਵੱਡਾ ਸੀ। ਪਰ ਸਾਰੇ ਅਧਿਆਪਕ ਇੱਕ ਵੱਡੇ ਕਮਰੇ ਵਿਚ ਹੀ ਬੈਠਦੇ ਸਨ।ਇਸ ਤੋਂ ਇਲਾਵਾ ਉੱਥੇ ਯੂਨੀਵਰਸਿਟੀ ਵਾਲਾ ਕੋਈ ਮਾਜੌਂਲ ਨਹੀਂ ਸੀ। ਕੁੱਝ ਹੀ ਦਿਨਾਂ ਵਿਚ ਹਰਦਿਆਲ ਆਪਣੇ ਆਪ ਨੂੰ ਫਸਿਆ ਮਹਿਸੂਸ ਕਰਨ ਲੱਗ ਪਿਆ ਸੀ।[12]

ਇਸ ਨਾਵਲ ਦਾ ਪਾਤਰ ਹਰਦਿਆਲ ਜਦੋਂ ਮਿਜ਼ੋਰਾਮ ਵਿਚ ਆਪਣੀ ਨੌਕਰੀ ਕਰ ਰਿਹਾ ਹੈ ਤਾਂ ਉਸ ਨੂੰ ਉੱਥੇ ਆਪਣੇ ਨਾਲ ਦੇ ਸਾਰੇ ਅਧਿਆਪਕ ਸਾਥੀਆ ਵਿਚ ਜਿਨ੍ਹਾਂ ਵਿਚ ਉਹ ਇਕੱਲਾ ਹੈ। ਉਸ ਨੂੰ ਆਪਣੀ ਇੱਕ ਥਾਂ ਬਣਾਉਣ ਲਈ ਸੰਘਰਸ਼ ਕਰਨਾ ਪੈਂਦਾ ਹੈ ਕਿਉਂਕਿ ਇੱਕ ਸਿੱਖ ਅਤੇ ਪੰਜਾਬੀ ਹੋਣ ਨਾਤੇ ਉਸ ਨੂੰ ਵੀ ਇੰਦਰਾ ਗਾਂਧੀ ਦੇ ਨਾਲ ਵੈਰ-ਵਿਰੋਧ ਰੱਖਣ ਵਾਲਿਆਂ ਵਿਚੋਂ ਸਮਝਿਆ ਜਾਂਦਾ ਹੈ। ਸਾਰੇ ਅਧਿਆਪਕਾ ਦਾ ਵਰਤਾਓ ਉਸ ਨਾਲ ਰੁਖੇਵੇ ਵਾਲਾ ਹੈ ਜਿਸ ਕਾਰਨ ਆਪਣੇ ਨਾਲ ਦੇ ਉਸ ਵਿਅਕਤੀਆਂ ਵਿਚ ਆਪਣੀ ਅਹਿਮ ਥਾਂ ਬਣਾ ਕੇ ਰੱਖਣਾ ਅਤੇ ਉਹ ਵੀ ਇੱਕੋ ਛੱਤ ਹੇਠ ਉਸ ਲਈ ਬਹੁਤ ਔਖਾ ਸੀ ਜਿਸ ਕਾਰਨ ਉਸ ਥਾਂ ਹਰਦਿਆਲ ਆਪਣੇ ਆਪ ਨੂੰ ਫਸਿਆ ਮਹਿਸੂਸ ਕਰਦਾ ਹੈ ਤੇ ਆਪਣੇ ਥੀਸਿਸ ਨੂੰ ਪੂਰਾ ਕਰਨ ਉਪਰੰਤ ਕੁੱਝ ਹੀ ਸਮੇਂ ਵਿਚ ਉਹ ਥਾਂ ਛੱਡਣਾ ਚਾਹੁੰਦਾ ਹੈ। "ਫਰੈਡਿਕ ਨੀਤਸ਼ੇ" ਨੇ ਇਸ ਸੰਦਰਭ ਵਿਚ ਇਕਲਤਾ ਦਾ ਸੰਕਲਪ ਪੇਸ਼ ਕੀਤਾ ਹੈ ਜਿਸ ਦਾ ਮੁੱਖ ਕਾਰਨ ਮਨੁੱਖ ਦਾ ਆਪਣੇ ਆਪ ਨੂੰ ਫਸਿਆ ਮਹਿਸੂਸ ਹੋਣਾ ਹੈ।

ਰਾਜਨੀਤੀ ਸਮਾਜ ਵਿਚ ਵਿਅਕਤੀ ਦੇ ਅਸਤਿਤਵ ਨੂੰ ਬੰਨ੍ਹ ਕੇ ਰੱਖਦੀ ਹੈ। ਰਾਜਨੀਤੀ ਲਈ ਭਾਵੇਂ ਮਨੁੱਖ ਆਪਣੀ ਰਾਏ, ਵੋਟ, ਲੋਕਤੰਤਰ ਚਾਹੇ ਜੋ ਵੀ ਹੋਵੇ ਮਨੁੱਖ ਦਾ ਇਹ ਸਾਰਾ ਕੁੱਝ ਆਪਣਾ ਬਣਾਇਆ ਹੋਇਆ ਹੈ ਪਰ ਇਹ ਰਾਜਨੀਤੀ ਜਿਸ ਨੂੰ ਸਮਾਜ ਅੰਦਰ ਮਨੁੱਖ ਆਪ ਸਿਰਜਦਾ ਹੈ ਆਪਣੇ ਮਤ ਅਨੁਸਾਰ ਉਹ ਰਾਜਨੀਤੀ ਹੀ ਮਨੁੱਖ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਨ ਲਈ ਮਜਬੂਰ ਕਰਦੀ ਹੈ। ਇਸ ਕਾਰਨ ਮਨੁੱਖ ਦਾ ਅਸਤਿਤਵ ਨਾ ਚਾਹੁੰਦੇ ਵੀ ਸੰਘਰਸ਼ ਲਈ ਗਤੀਸ਼ੀਲ ਹੁੰਦਾ ਹੈ।

> ਤੂੰ ਕਿਉਂ ਸੋਚਦੈਂ ਕਿ ਹਾਲਾਤ ਵਿਗੜਨਗੇ?
>
> ਰਾਜ ਕੁਮਾਰ ਨੇ ਨੰਦਨ ਨੂੰ ਪੁੱਛਿਆ।ਅਕਾਲੀਆਂ ਦੀ ਰਾਜਨੀਤੀ ਉੱਤੇ ਭਰੋਸਾ ਨਹੀਂ।ਇਹ ਸਿੱਖਾਂ ਨਾਲ ਧੱਕਾ ਦੀ ਗੱਲ ਕਰਦੇ ਆ।[13]

ਇਸ ਨਾਵਲ ਵਿਚ ਮਨੁੱਖ ਨਾਵਲ ਅਨੁਸਾਰ ਇਨ੍ਹਾਂ ਪਾਤਰਾਂ ਵਿਚ ਵਿਚਰ ਰਿਹਾ ਹੈ। ਉਹ ਇਸ ਰਾਜਨੀਤੀ ਚਾਹੇ ਉਹ ਕਾਂਗਰਸ ਹੋਵੇ ਜਾਂ ਅਕਾਲੀ ਉਨ੍ਹਾਂ ਦੀ ਰਣਨੀਤੀ ਦਾ ਇੱਕ ਅਜਿਹਾ ਮੁਹਰਾ ਬਣ ਕੇ ਪਾਬੰਦ ਰਹਿੰਦਾ ਹੈ ਕਿ ਉਹ ਉਸ ਦਾ ਗ਼ੁਲਾਮ ਹੋਵੇ ਇਸ ਨਾਵਲ ਵਿਚ ਰਾਜ ਕੁਮਾਰ ਅਤੇ ਨੰਦਨ ਨਾਮ ਦੇ ਪਾਤਰ ਸਿੱਖਾਂ ਨਾਲ ਹੋ ਰਹੇ ਧੱਕੇ ਨੂੰ ਮਹਿਸੂਸ ਕਰ ਰਹੇ ਹਨ। ਆਪਣੇ ਅਸਤਿਤਵ ਨਾਲ ਉਹ ਬਾਕੀ ਸਾਰੇ ਸਮਾਜ ਨੂੰ ਵੀ ਇਨ੍ਹਾਂ ਪ੍ਰਸਥਿਤੀਆਂ ਵਿਚੋਂ ਦੀ ਲੰਘਦਾ ਦੇਖਦੇ ਹਨ। ਰਾਜਨੀਤੀ ਦੇ ਨਾਮ ਤੇ ਆਮ ਲੋਕਾਂ ਦਾ ਜੋ ਸ਼ੋਸ਼ਣ ਹੋ ਰਿਹਾ ਹੈ ਉਹ ਇਸ ਨਾਵਲ ਵਿਚ ਦੀਆ ਪ੍ਰਸਥਿਤੀਆਂ ਨੂੰ ਅਸਤਿਤਵੀ ਸੰਘਰਸ਼ ਵੱਲ ਮੋੜਦਾ ਹੈ। ਸਮਾਜ ਦੀ ਵਿਵਸਥਾ ਮਨੁੱਖ ਦੇ ਸੰਘਰਸ਼ ਦਾ ਕਾਰਨ ਬਣਦੀ ਹੈ ਜਿਸ ਬਾਰੇ ਪ੍ਰਸਿੱਧ ਚਿੰਤਕ "ਕੀਰਕੇਗਾਰਦ" ਦਾ ਮੰਨਣਾ ਹੈ ਕਿ "ਅਸਤਿਤਵ ਦਾ ਅਰਥ ਹੈ ਵਿਅਕਤੀਗਤ ਮਾਨਵ ਦੀ ਸਮੂਰਤ ਹੋਂਦ ਹੈ। ਧਰਤੀ ਉੱਤੇ ਦਿਖਾਈ ਦੇ ਰਹੇ ਸਾਰੇ ਜੀਵਾਂ ਵਿਚੋਂ ਕੇਵਲ ਮਨੁੱਖ ਹੀ ਉੱਭਰਵੇਂ ਰੂਪ ਵਿਚ ਸਾਹਮਣੇ ਆਉਂਦਾ ਹੈ ਜਿਹੜਾ ਨਾ ਕੇਵਲ ਆਪਣੀ ਹੋਂਦ ਬਾਰੇ ਬਾਰੇ ਸੁਚੇਤ ਹੈ ਸਗੋਂ ਭਵਿੱਖ ਬਾਰੇ ਵੀ ਚੇਤੰਨ ਹੈ।" [14]
ਕੀਰਕੇਗਾਰਦ ਨੇ ਅਸਤਿਤਵਵਾਦ ਦੇ ਬਾਰੇ ਜੋ ਸੰਕਲਪ ਦਿੱਤੇ ਹਨ ਇਸ ਪ੍ਰਕਾਰ ਹਨ- ਵਿਵਸਥਾ, ਤਰਕ ਵਿੱਦਿਆ, ਇਕਾਗਰਤਾ, ਵਸਤੂਪਰਕਤਾ। ਇਸ ਤੋਂ ਉਪਰੰਤ ਉਸ ਨੇ ਸੰਸਾਰ ਵਿਰੁੱਧ ਬਗ਼ਾਵਤ ਕਰ ਦਿੱਤੀ। ਉਸ ਨੇ ਬੰਦੇ ਨੂੰ ਇੱਕ ਕਲਪਨਾਤਮਿਕ ਹੋਂਦ ਮੰਨਿਆਂ ਹੈ। [15]

ਇੱਕ ਵਿਅਕਤੀ ਨੂੰ ਉਸ ਦੀ ਇੱਕ ਅਜਿਹੀ ਪਛਾਣ ਵਜੋਂ ਦੇਖਣਾ ਜਿਸ ਤੋਂ ਉਸ ਦਾ ਵਾਸੀ ਤਾਂ ਹੈ ਪਰ ਉਸ ਰੂਪ ਵਿਚ ਨਹੀਂ ਹੈ ਜਿਸ ਵਿਚ ਸਮਾਜ ਅੰਦਰ ਕੁੱਝ ਖ਼ਾਸ ਹਾਲਾਤ ਵੀ`ਚ ਵਿਅਕਤੀਆਂ ਵੱਲੋਂ ਮੰਨ ਲਿਆ ਜਾਂਦਾ ਹੈ। ਇਹ ਸਥਿਤੀ ਮਨੁੱਖ ਲਈ ਉਸ ਦੇ ਵਿਅਕਤੀਤਵ ਦੀ ਪਹਿਚਾਣ ਲਈ ਇੱਕ ਸੰਘਰਸ਼ ਦਾ ਰੂਪ ਧਾਰਨ ਕਰਦੀ ਹੈ। ਅਜਿਹੇ ਹਾਲਾਤ ਹੀ ਇਸ ਨਾਵਲ ਵਿਚ ਪੇਸ਼ ਹਰਦਿਆਲ ਨਾਮੀ ਪਾਤਰ ਦੇ ਵੀ ਹੁੰਦੇ ਹਨ ਜਿਸ ਨੂੰ ਹਰ ਥਾਂ ਆਪਣੀ ਅਸਲ ਪਛਾਣ ਲਈ ਸੰਘਰਸ਼ ਕਰਨਾ ਪੈਂਦਾ ਹੈ।

> ਅਗਲੇ ਦਿਨ ਜਦੋਂ ਉਹ ਕਾਲਜ ਪਹੁੰਚਿਆ ਤਾਂ ਕਈ ਸਾਰੇ ਟੀਚਰਜ਼ ਨੇ ਉਹ ਨੂੰ ਘੇਰ ਲਿਆ ਸੀ।ਪਹਿਲਾਂ ਵਾਂਗ ਹੀ ਉਹਨੇ ਆਪਣੀ ਅਗਿਆਨਤਾ ਹੀ ਪ੍ਰਗਟ ਕੀਤੀ ਸੀ ।ਜਦੋਂ ਸ਼ਰਮੇ ਨੇ ਉਹਨੂੰ ਹਮਲੇ ਦੇ ਅਸਰ ਬਾਰੇ ਪੁੱਛਿਆ ਤਾਂ ਉਹ ਸਪੱਸ਼ਟ ਸੀ, ਇਸ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜੀ ਹੈ।
>
> ਉਸ ਦਾ ਸਾਰਾ ਦਿਨ ਹਰਿਮੰਦਰ ਸਾਹਿਬ ਦੇ ਹਮਲੇ ਨੂੰ ਲੈ ਕੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦਾ ਹੀ ਲੰਘ ਗਿਆ ਸੀ।ਇਸ ਸਿਲਸਿਲੇ ਵਿਚ ਜਿਹੜੀ ਗੱਲ ਉਸ ਨੂੰ ਸਭ ਤੋਂ ਜ਼ਿਆਦਾ ਚੁੱਭ ਰਹੀ ਸੀ ਉਹ ਇਹ ਸੀ ਕਿ ਸਾਰੇ ਉਸ ਨੂੰ ਸਿੱਖ ਸਮਝ ਕੇ ਗੱਲ ਕਰ ਰਹੇ ਸਨ।[16]

ਹਰਦਿਆਲ ਦਾ ਹਰ ਇੱਕ ਥਾਂ ਉੱਤੇ ਸਿੱਖ ਸ਼ਖ਼ਸੀਅਤ ਵਜੋਂ ਪਛਾਣ ਵਿਚ ਆਉਣਾ ਉਸ ਦੇ ਅਸਤਿਤਵ ਲਈ ਖ਼ਤਰਾ ਪੈਦਾ ਕਰਦਾ ਹੈ ਕਿਉਂਕਿ ਸਮਾਜ ਅੰਦਰ ਜੋ ਵੀ ਵਿਅਕਤੀ ਉਸ ਦੇ ਸੰਪਰਕ ਵਿਚ ਆਉਂਦਾ ਹੈ ਉਹ ਉਸ ਨੂੰ ਇੱਕ ਘਾਤਕ ਵਿਅਕਤੀ ਵਜੋਂ ਪਰਖ ਕਰਦਾ ਹੈ ਜਿਸ ਨਾਲ ਹਰ ਸਮੇਂ ਹਰਦਿਆਲ ਦੇ ਮੰਨ ਨੂੰ ਸੱਟ ਵੱਜਦੀ ਹੈ ਉਹ ਆਪਣੇ ਅਸਤਿਤਵ ਨੂੰ ਆਪਣੀ ਪਛਾਣ ਨੂੰ ਬਣਾਉਣ ਲਈ ਸੰਘਰਸ਼ ਕਰਦਾ ਹੈ। ਉਸ ਦੀ ਇਸ ਸਮਾਜ ਅੰਦਰ ਜੋ ਸਥਿਤੀ ਬਾਕੀ ਉਸ ਦੇ ਵਿਰੋਧੀ ਅਤੇ ਗੈਰ ਵਿਰੋਧੀ ਸਾਥੀਆਂ ਵੱਲੋਂ ਬਣਾਈ ਗਈ ਹੈ ਉਸ ਨਾਲ ਉਹ ਅੰਦਰੋ-ਅੰਦਰੀ ਘੁੱਟ ਦਾ ਜਾ ਰਿਹਾ ਹੈ ਜਿਸ ਕਾਰਨ ਅਸਤਿਤਵੀ ਸ਼ੰਘਰਸ਼ ਦੀ ਸਥਿਤੀ ਉਤਪੰਨ ਹੁੰਦੀ ਹੈ। ਇਸ ਬਾਰੇ ਪ੍ਰਸਿੱਧ ਚਿੰਤਕ "ਕਾਰਲ ਜੈਸਪਰਸ" ਦੇ ਵਿਚਾਰਾ ਅਨੁਸਾਰ ਬੰਦੇ ਦਾ ਅਸਤਿਤਵ ਉਸ ਦੀ ਸੰਸਾਰ ਵਿਚ ਸਥਿਤੀ ਤੋਂ ਪ੍ਰਭਾਵਿਤ ਹੁੰਦਾ ਹੈ। ਇਹ ਕਿਸੇ ਨਾਲ ਵੰਡਿਆਂ ਨਹੀਂ ਜਾ ਸਕਦਾ। ਇਸ ਨੂੰ ਅੰਦਰੋਂ ਹੀ ਸਮਝਿਆ ਜਾ ਸਕਦਾ ਹੈ। ਬੇਸ਼ੱਕ ਬੰਦੇ ਦੀ ਸੰਸਾਰਿਕ ਸਥਿਤੀ ਲਗਭਗ ਨਿਸ਼ਚਿਤ ਹੁੰਦੀ ਹੈ ਪਰ ਉਸ ਦੀ ਚੇਤਨਾ ਅੱਗੇ ਕੁਝ ਬਣਨ ਲਈ ਅਨੇਕਾਂ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ। ਬੰਦੇ ਦੇ ਸਵੈ ਨੇ ਆਪਣੀ ਸਥਿਤੀ ਵਿਚ ਜਿਹੜੀ ਚੋਣ ਕੀਤੀ ਹੈ ਉਹ ਉਸ ਦੀ ਆਪਣੀ ਹੋਵੇਗੀ। ਇਹ ਚੋਣ ਹੀ ਅੱਗੇ ਵਧਦੀ ਹੈ। ਜਦੋਂ ਬੰਦੇ ਵਿਚ ਸਵੈ ਚੇਤਨਾ ਜਾਗਦੀ ਹੈ ਤਾਂ ਉਹ ਉਸ ਦੀ ਸੁਤੰਤਰਤਾ ਹੁੰਦੀ ਹੈ।

ਜਿਸ ਸਮੇਂ ਇੱਕ ਵਿਅਕਤੀ ਦਾ ਕਿਸੇ ਦੂਸਰੇ ਫ਼ਿਰਕੇ ਜਾਂ ਧਰਮ ਨਾਲ ਸਬੰਧ ਹੁੰਦਾ ਹੈ ਤਾਂ ਸਮਾਜ ਲਈ ਪੇਸ਼ ਆ ਰਹੇ ਘਟਨਾ ਪ੍ਰਸਤ ਮਾਹੌਲ ਵਿਚ ਇੱਕ ਦੂਸਰੇ ਦਾ ਸ਼ੱਕ ਕਰਨਾ ਵੱਧ ਜਾਂਦਾ ਹੈ। ਫਿਰ ਅਜਿਹੀਆਂ ਸਥਿਤੀਆਂ ਵਿਚ ਆਪਣੇ ਅਸਲ ਵਿਅਕਤੀਤਵ ਦੀ ਪਛਾਣ ਦੇਣਾ ਬਹੁਤ ਔਖਾ ਹੋ ਜਾਂਦਾ ਹੈ ਇਸ ਨਾਵਲ ਵਿਚ ਭਾਵੇਂ ਪ੍ਰੋ.ਕੋਹਲੀ ਨੇ ਸਮਾਜ ਵਿਚ ਚੱਲ ਰਹੀਆਂ ਗਲਤ ਅਤੇ ਵੈਰ-ਵਿਰੋਧ ਸਥਿਤੀਆਂ ਵਿਚ ਕੁੱਝ ਮਾੜੇ ਜਾਂ ਚੰਗੇ ਹਾਲਾਤ ਨੂੰ ਦੇਖਦੇ ਹੋਏ ਅਜਿਹੇ ਵਿਚਾਰ ਲਗਾ ਵੀ ਦਿੱਤੇ ਪਰ ਇਹ ਉਸ ਦੇ ਆਪਣੇ ਵਿਚਾਰ ਸਨ। ਇਨ੍ਹਾਂ ਵਿਚਾਰਾ ਨੇ ਪ੍ਰੋ.ਕੋਹਲੀ ਨੂੰ ਉਸ ਦੇ ਹੀ ਸਾਥੀ ਦੋਸਤਾਂ ਅਤੇ ਵਿਦਿਆਰਥੀਆਂ ਤੋਂ ਦੂਰ ਕਰ ਦਿੱਤਾ। ਜਿਸ ਲਈ ਪ੍ਰੋ.ਕੋਹਲੀ ਨੂੰ ਆਪਣੀ ਯੂਨੀਵਰਸਿਟੀ ਅੰਦਰ ਆਪਣੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚ ਸਫ਼ਾਈ ਦੇਣ ਲਈ ਅਤੇ ਆਪਣੇ ਅਸਤਿਤਵ ਲਈ ਕਾਫ਼ੀ ਸਮਾਂ ਸੰਘਰਸ਼ ਕਰਨਾ ਪੈਂਦਾ ਹੈ।ਜਿਵੇਂ:

> ਪਤਾ ਨਹੀਂ ਕਦੋਂ ਤੋਂ ਕਿਵੇਂ ਇੱਥੇ ਸਿੱਖ ਪ੍ਰੋਫ਼ੈਸਰਾਂ ਵਿਚ ਇਹ ਹੋ ਗਿਆ ਕਿ ਕੋਹਲੀ ਬਲਿਊ ਸਟਾਰ ਓਪਰੇਸ਼ਨ ਤੇ ਬਹੁਤ ਖੁਸ਼ ਤੇ।ਕੋਈ ਕਹਿੰਦਾ ਕਿ ਮਿਸਿਜ਼ ਕੋਹਲੀ ਨੇ ਕਹਿ ਦਿੱਤਾ ਕਿ ਚੰਗਾ ਹੋਇਆ ਸਿੱਖਾਂ ਨੂੰ ਸਬਕ ਮਿਲ

ਗਿਆ।ਪਰ ਜੋਵੀ ਹੋਇਆ ਉਹ ਦਾ ਨਤੀਜਾ ਇਹ ਨਿਕਲਿਆ ਕਿ ਉਹ ਦੇ ਸਾਰੇ ਸਿੱਖ ਦੋਸਤ ਉਹਦੇ ਨਾਲ ਬੋਲਣੋਂ ਹੱਟ ਗਏ।[17]

ਮਨੁੱਖ ਦਾ ਆਪਣਿਆਂ ਵਿਚ ਰਹਿ ਕੇ ਵਿਰੋਧਾਭਾਸ ਨੂੰ ਸਹਿਣ ਕਰਨਾ ਅਸਤਿਤਵੀ ਸੰਘਰਸ਼ ਦਾ ਸਭ ਤੋਂ ਵੱਡਾ ਉਪਰਾਲਾ ਹੈ। ਇਸ ਸੰਘਰਸ਼ ਵਿਚ ਪ੍ਰੋ.ਕੋਹਲੀ ਆਪਣੇ ਅਤੇ ਆਪਣੀ ਪਤਨੀ ਦੋਵਾਂ ਦੇ ਅਸਤਿਤਵ ਲਈ ਸੰਘਰਸ਼ ਕਰ ਰਹੇ ਹਨ। ਬੁਲਟਮਾਨ" ਅਨੁਸਾਰ "ਬੰਦੇ ਨੂੰ ਆਪਣੀ ਅਸਤਿਤਵ ਹੋਂਦ ਨੂੰ ਸਮਝਣਾ ਚਾਹੀਦਾ ਹੈ। ਰੱਬ ਨੇ ਬੰਦੇ ਨੂੰ ਇੱਕ ਜ਼ਿੰਮੇਵਾਰ ਵਿਅਕਤੀ ਵਜੋਂ ਸਿਰਜਿਆ ਹੈ ਅਤੇ ਆਪਣੇ ਅਸਤਿਤਵ ਨੂੰ ਪ੍ਰਮਾਣਿਕ ਅਤੇ ਅਪ੍ਰਮਾਣਿਤ ਬਣਾਉਣ ਦੀ ਸੰਭਾਵਨਾ ਦਿੱਤੀ ਹੈ। ਬੰਦਾ ਆਪਣੇ ਗੁਨਾਹਾਂ ਕਰ ਕੇ ਅਜਿਹੀਆਂ ਸੰਭਾਵਨਾਵਾਂ ਵਿਚ ਫਸ ਜਾਂਦਾ ਹੈ ਕਿ ਉਹ ਆਪਣੇ ਅਸਤਿਤਵ ਨੂੰ ਪ੍ਰਮਾਣਿਕ ਨਹੀਂ ਬਣਾ ਸਕਦਾ। ਅਜਿਹੀ ਸਥਿਤੀ ਵਿਚ ਬੰਦੇ ਦਾ ਬਾਹਰ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ।"

ਧਰਮ ਹੋਵੇ ਜਾਂ ਰਾਜਨੀਤੀ ਜਿਸ ਨਾਲ ਜੋ ਵੀ ਵਿਅਕਤੀ ਜੁੜਿਆਂ ਹੁੰਦਾ ਹੈ ਉਹ ਉਸ ਧਰਮ, ਰਾਜਨੀਤੀ ਦਾ ਵੀ ਉਨ੍ਹਾਂ ਹੀ ਹਿੱਸੇਦਾਰ ਹੁੰਦਾ ਹੈ ਜਿਨ੍ਹਾਂ ਉਹ ਧਰਮ ਜਾਂ ਰਾਜਨੀਤਿਕ ਪਾਰਟੀ। ਕਿਸੇ ਵੀ ਥਾਂ ਤੇ ਮਨੁੱਖ ਜਦੋਂ ਆਪਣੀ ਪਛਾਣ ਬਣਾਉਂਦਾ ਹੈ ਤਾਂ ਉਸ ਦੇ ਧਰਮ ਅਤੇ ਰਾਜਨੀਤਿਕ ਪਾਰਟੀ ਵਜੋਂ ਜੋ ਉਸ ਦੀ ਪਛਾਣ ਹੁੰਦੀ ਹੈ ਉਹ ਪਛਾਣ ਹੀ ਸਾਰੇ ਵਿਅਕਤੀਆਂ ਲਈ ਉਸ ਦੀ ਅਸਲ ਪਛਾਣ ਬਣ ਜਾਂਦੀ ਹੈ। ਜਿਸ ਸਮੇਂ ਵੀ ਉਸ ਪਾਰਟੀ ਜਾਂ ਧਰਮ ਨਾਲ ਕੁੱਝ ਬੁਰਾ ਹੁੰਦਾ ਹੈ ਤਾਂ ਉਸ ਨਾਲ ਜੁੜੇ ਸਾਰੇ ਹੀ ਵਿਅਕਤੀਆਂ ਦਾ ਅਸਤਿਤਵ ਸੰਘਰਸ਼ ਦੇ ਘੇਰੇ ਵਿਚ ਆਉਂਦਾ ਹੈ ਨਾਵਲਕਾਰ ਨੇ ਅਜਿਹੀ ਹਾਲਤ ਨੂੰ ਬਹੁਤ ਜੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ।ਜਿਵੇਂ:

ਹਰਦਿਆਲ ਲਈ ਇੰਦਰਾ ਗਾਂਧੀ ਦਾ ਸਿੱਖ ਬਾਡੀਗਾਰਡਜ਼ ਦੁਆਰਾ ਕਤਲ ਇੱਕ ਮਾੜੀ ਗੱਲ ਸੀ।ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ ਰੇਡੀਉ ਵਿਚ ਖ਼ਬਰ ਆ ਗਈ ਸੀ ਕਿ ਉਸ ਨੂੰ ਮਹਾਰਾਸ਼ਟਰ ਦੇ ਬ੍ਰਾਹਮਣ ਨੇ ਗੋਲੀ ਮਾਰੀ ਸੀ।

ਘੋਸ਼ ਨਹੀਂ ਆਇਆ? ਹਰਦਿਆਲ ਨੇ ਗਿਰਿੰਦਰ ਨੂੰ ਪੁੱਛਿਆ।

ਉਹ ਇੰਦਰਾ ਗਾਂਧੀ ਦੇ ਕਤਲ ਕਰ ਕੇ ਬਹੁਤ ਡਿਸਟਰਬਡ ਆ।ਅੱਜ ਉਹ ਸ਼ਾਇਦ ਹੀ ਖਾਣਾ ਖਾਏ,"ਪਾਸ਼ ਬੋਲਿਆ।[18]

ਘੋਸ਼ ਹਰਦਿਆਲ ਦੇ ਨਾਲ ਮਿਜ਼ੋਰਾਮ ਛਿਲਾਂਗ ਵਿਚ ਨੌਕਰੀ ਕਰਦਾ ਹੈ। ਪਰ ਉਹ ਹਰਦਿਆਲ ਨੂੰ ਸਿੱਖ ਟੈਰਿਰਸਟ ਮੰਨਦਾ ਹੈ ਜਿਸ ਦੇ ਸਾਥੀਆਂ ਨੇ ਇੰਦਰਾ ਗਾਂਧੀ ਦਾ ਕਤਲ ਕਰਵਾਇਆ ਹੈ। ਉਸ ਲਈ ਸਾਰੇ ਸਿੱਖ ਇੱਕ ਬਰਾਬਰ ਹਨ ਜਿਨ੍ਹਾਂ ਨੇ ਇੰਦਰਾ ਗਾਂਧੀ ਦਾ ਕਤਲ ਕੀਤਾ ਹੈ। ਜਦੋਂ ਇੰਦਰਾ ਗਾਂਧੀ ਅਤੇ ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਮਹਾਤਮਾ ਗਾਂਧੀ ਨੂੰ ਇੱਕ ਬ੍ਰਾਹਮਣ ਨੇ ਗੋਲੀ ਮਾਰੀ ਹੈ ਤਾਂ ਉਸ ਆਪਣੀ ਵੀ ਬ੍ਰਾਹਮਣ ਹੋਣ ਦੀ ਪਛਾਣ ਅਤੇ ਸਿੱਖਾਂ ਵੱਲੋਂ ਇੰਦਰਾ ਗਾਂਧੀ ਦੇ ਕਤਲ ਨੂੰ ਲੈ ਕੇ ਅਲਗਾਉ ਵਰਗੀ ਸਥਿਤੀ ਉਤਪੰਨ ਕਰਦਾ ਹੈ। ਉਸ ਦਾ ਕਿਤੇ ਨਾ ਕਿਤੇ ਆਪਣੇ ਨਾਲ ਵੀ ਸੰਘਰਸ਼ ਵੱਧ ਜਾਂਦਾ ਹੈ ਜੋ ਉਸ ਲਈ ਅਸਤਿਤਵੀ ਪਛਾਣ ਬਣਾਉਣ ਲਈ ਸੰਘਰਸ਼ ਸ਼ੀਲ ਹੁੰਦਾ ਹੈ। ਅਸਤਿਤਵਵਾਦੀ ਕਵੀਆਂ ਦੇ ਅਨੁਸਾਰ ਵਿਅਕਤੀ ਆਪਣੇ ਆਪ ਨਾਲ ਹੀ ਅਲਗਾਉ ਵਾਲੀ ਸਥਿਤੀ ਵਿਚ ਰਹਿੰਦਾ ਹੈ। ਸਾਡਾ ਅੰਦਰੂਨੀ ਅਸਤਿਤਵ ਲਗਾਤਾਰ ਟਕਰਾਉਂਦੇ ਦਾਅਵਿਆਂ ਤੇ ਉਦੇਸ਼ ਹੇਠ ਤਣਾਅਪੁਰਨ ਰਹਿੰਦਾ ਹੈ। ਅਸਤਿਤਵਵਾਦੀ ਚਿੰਤਕ ਅਲਗਾਉ ਨੂੰ ਸਮਾਜਕ ਯਥਾਰਥਕ ਨਾਲ ਜੋੜਦੇ ਹਨ।

ਮਨੁੱਖ ਆਪਣੀ ਪਛਾਣ ਬਣਾਉਣ ਲਈ ਅਤੇ ਆਪਣੇ ਵੈਰ-ਵਿਰੋਧ ਵਤੀਰੇ ਨੂੰ ਬਣਾਈ ਰੱਖਣ ਲਈ ਬਹੁਤੀ ਬਾਰ ਆਪਣੀ ਅੰਤਰੀਵੀ ਭਾਵਨਾ ਨੂੰ ਕਿਸੇ ਵੀ ਥਾਂ ਕੱਢਣ ਤੋਂ ਗੁਰੇਜ਼ ਨਹੀਂ ਕਰਦਾ। ਕਿਸੇ ਦੂਸਰੇ ਦੇ ਅਸਤਿਤਵ ਨੂੰ ਨੀਵਾਂ ਦਿਖਾਉਣ ਲਈ ਜਦੋਂ ਇੱਕ ਵਿਅਕਤੀ ਕਾਰਜ ਕਰਦਾ ਹੈ ਤਾਂ ਇਸ ਤੋਂ ਉਸ ਦਾ ਅਸਤਿਤਵ ਵੀ ਸੰਘਰਸ਼ ਵਿਚ ਪੈਂਦਾ ਹੈ। ਇਸ ਕਾਰਜ ਨੂੰ ਕਰਨ ਲਈ ਮਨੁੱਖ ਹਰ ਉਪਰਾਲਾ ਕਰਦਾ ਹੈ। ਭਾਵੇਂ ਇਹ ਵਿਰੋਧ ਉਸ ਦੇ ਇਸ ਅਸਤਿਤਵੀ ਸੰਘਰਸ਼ ਲਈ ਸਮਾਜ ਵਿਚ ਚੱਲ ਰਹੀਆਂ ਸਥਿਤੀਆਂ ਹੀ ਕਿਉਂ ਨਾ ਜ਼ਿੰਮੇਵਾਰ ਹੁਣ ਪਰ ਮਨੁੱਖ ਆਪਣੇ ਮਨ ਦੀ ਵਿਰੋਧ ਵਿਚਾਰਧਾਰਾ ਨੂੰ ਦੂਸਰੇ ਵਿਅਕਤੀਆਂ 'ਤੇ ਹੀ ਝਾੜਦਾ ਹੈ। ਜਿਵੇਂ:

ਚੱਲ ਮੈਨੂੰ ਦੱਸ ਤੂੰ ਇੰਦਰਾ ਗਾਂਧੀ ਬਾਰੇ ਕੀ ਸੋਚਦਾ ਏ? ਘੋਸ਼ ਉਤੇਜਿਤ ਸੀ।

ਮੇਰਾ ਖ਼ਿਆਲ ਏ ਕਿ ਉਹ ਮਹਾਨ ਨੇਤਾ ਸੀ।ਬੰਗਾਲ ਦੇਸ਼ ਦੀ ਲੜਾਈ ਉਹਨੇ ਜਿੱਤੀ।ਅੰਤਰਰਾਸ਼ਟਰੀ ਕੂਟਨੀਤੀ ਵਿਚ ਭਾਰਤ ਦੀ ਮਹੱਤਤਾ ਵਧਾਈ ਪਰ ਉਹਨੇ ਐਮਰਜੈਂਸੀ ਲਾਈ ਜਿਸ ਲਈ ਉਸ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ ।ਪੂਰੀ ਦੀ ਪੂਰੀ ਕੌਮ ਜ਼ਲੀਲ ਕੀਤੀ। "ਹਰਦਿਆਲ ਸ਼ਾਂਤ ਸੀ ।ਗਿਰਿੰਦਰ ਨੇ ਉਸ ਨੂੰ ਕੂਹਣੀ ਮਾਰ ਕੇ ਹੌਲੀ ਦੇਣੀ ਆਖਿਆ, ਚੁੱਪ ਰਹਿ। ਪਰ ਹਰਦਿਆਲ ਦਾ ਜ਼ਿਆਦਾ ਧਿਆਨ ਘੋਸ਼ ਵੱਲ ਸੀ।

ਹੁਣ ਆ ਗਈ ਨਾ ਗੱਲ ਬਾਹਰ।ਤੂੰ ਇੰਦਰਾ ਗਾਂਧੀ ਦੇ ਕਤਲ ਤੋਂ ਖੁਸ਼ ਏ,"ਘੋਸ਼ ਬੋਲਿਆ।

ਦਾਦਾ, ਇੱਕ ਹਿੰਦੂ ਮੌਲਿਕਵਾਦੀ ਵਾਂਗ ਗੱਲ ਨਾ ਕਰ," ਹਰਦਿਆਲ ਨੇ ਆਖਿਆ।

ਜੇ ਘੋਸ਼ ਹਿੰਦੂ ਮੌਲਿਕਵਾਦੀ ਏ ਤਾਂ ਤੂੰ ਵੀ ਸਿੱਖ ਮੌਲਿਕ ਵਾਦੀ ਏ, ਪਾਂਡੇ ਅਗਲੀ ਸੀਟ ਤੋਂ ਇੰਨੀ ਉੱਚੀ ਬੋਲਿਆ ਕਿ ਬੱਸ ਦੀਆਂ ਸਾਰੀਆਂ ਸਵਾਰੀਆਂ ਚੁੱਪ ਹੋ ਕੇ ਉੱਧਰ ਵੇਖਣ ਲੱਗ ਪਈਆਂ।

ਇਹ ਨੂੰ ਸਬਕ ਸਿਖਾਉਣਾ ਚਾਹੀਦਾ ਏ।ਆਪਣੇ ਆਪ ਨੂੰ ਬਹੁਤ ਸਮਝਦਾ ਏ, ਪ੍ਰਸਾਦ ਨੇ ਆਖਿਆ।[19]

ਇਸ ਨਾਵਲ ਵਿਚ ਪੇਸ਼ ਹਰਦਿਆਲ ਅਤੇ ਘੋਸ਼ ਦਾ ਆਪਸੀ ਵਿਰੋਧ ਸਿਰਫ਼ ਸਮਾਜ ਵਿਚ ਚੱਲ ਰਹੀਆਂ ਸਰਕਾਰਾਂ ਅਤੇ ਧਰਮ ਦੀ ਰਾਜਨੀਤੀ ਕਰਨ ਵਾਲੀਆਂ ਤਾਕਤਾਂ ਦੇ ਆਪਣਾ ਪ੍ਰਭਾਵ ਬਣਾਈ ਰੱਖਣ ਦੇ ਸੰਦਰਭ ਵਿਚੋਂ ਆਉਂਦਾ ਹੈ। ਪਰ ਇਨਸਾਨ ਇਨ੍ਹਾਂ ਤਾਕਤਾਂ ਤੋਂ ਵਾਂਝਾ ਨਹੀਂ ਰਹਿ ਸਕਦਾ ਇਨ੍ਹਾਂ ਅੰਦਰ ਹੋਣ ਵਾਲੀ ਤਬਦੀਲੀ ਜਾਂ ਘਟਨਾ ਮਨੁੱਖ ਦੇ ਅਸਤਿਤਵ ਨੂੰ ਬਦਲ ਕੇ ਰੱਖ ਦਿੰਦੀ ਹੈ। "ਐਡਮੰਡ" ਜਰਮਨ ਦਾ ਦਾਰਸ਼ਨਿਕ ਸੀ ਅਸਤਿਤਵਵਾਦੀ ਅਧਿਐਨ ਦੇ ਲਈ ਉਸ ਦੀ ਪ੍ਰਮੁੱਖ ਘਟਨਾ ਕਿਰਿਆ ਜਾਂ ਦ੍ਰਿਸ਼ ਵਿਗਿਆਨ ਵੀ ਕਿਹਾ ਜਾ ਸਕਦਾ ਹੈ। ਉਸ ਦੀ ਵਿਧੀ ਇਹ ਸੀ ਕਿ ਅਨੁਭਵ ਹੋ ਚੁੱਕੇ ਸੰਸਾਰ ਨੂੰ ਬਰੈਕਟ ਮਾਰ ਦਿੰਦਾ ਸੀ ਅਤੇ ਆਪਣੀ ਚੇਤਨਾ ਨੂੰ ਉਸ ਨਾਲੋਂ ਵੱਖ ਕਰ ਦਿੰਦਾ ਸੀ। ਘਟਨਾ ਕਿਰਿਆ ਵਿਗਿਆਨ ਉਸ ਦਾ ਮੁੱਖ ਸੰਕਲਪ ਹੈ।

ਸਮਾਜ ਅੰਦਰ ਮਨੁੱਖ ਦੀ ਪਛਾਣ ਧਰਮ ਦੇ ਨਾਂ 'ਤੇ ਹੁੰਦੀ ਹੈ ਇਹ ਸਾਰੇ ਸੰਸਾਰ ਦਾ ਢਾਂਚਾ ਧਰਮ ਨਾਲ ਜੁੜਿਆਂ ਹੋਇਆ ਹੈ। ਇਸ ਲਈ ਕਿਸੇ ਵੀ ਵਿਅਕਤੀ ਨੂੰ ਉਸ ਦੀ ਧਾਰਮਿਕ ਪਛਾਣ ਵਜੋਂ ਪਰਖਿਆਂ ਜਾਂਦਾ ਹੈ। ਇਸ ਕਾਰਜ ਵਿਚ ਚਾਹੇ ਇੱਕ ਆਮ ਇਨਸਾਨ ਆ ਜਾਵੇ ਜਾਂ ਇੱਕ ਵਫ਼ਾਦਾਰ ਫ਼ੌਜ ਦਾ ਸਿਪਾਹੀ। ਧਰਮ ਮਨੁੱਖ ਨੇ ਆਪ ਬਣਾ ਕੇ ਆਪਣੇ ਆਪ ਨੂੰ ਇੱਕ ਤਸੱਲੀ ਬਖ਼ਸ਼ ਵਿਸ਼ਵਾਸ ਦੇਣ ਲਈ ਕੀਤਾ ਸੀ ਪਰ ਅੱਜ ਦਾ ਧਰਮ ਮਨੁੱਖ ਨੂੰ ਇਸ ਤੋਂ ਪਰੇ ਲੈ ਗਿਆ ਹੈ। ਇਸ ਦੀ ਮਿਸਾਲ ਨਾਵਲਕਾਰ ਨੇ ਇਸ ਨਾਵਲ ਵਿਚ ਪੇਸ਼ ਕੀਤੀ ਹੈ ਜਿਵੇਂ:

ਹੋਵੀ ਸਕਦੀ ਏ, ਪਰ ਜ਼ਮੀਲ ਸਾਹਿਬ, ਧਾਰਮਿਕ ਪਛਾਣ ਬਹੁਤ ਖ਼ਤਰਨਾਕ ਵੀ ਹੋ ਸਕਦੀ ਏ।

ਉਹ ਤਾਂ ਮੈਨੂੰ ਪਤਾ ਏ।ਦੇਖ ਲਓ ਤੇਰਾਂ ਸਾਲ ਹੋ ਗਏ ਹਨ ਬੰਗਾਲਾ ਦੇਸ਼ ਵਾਲੀ ਲੜਾਈ ਨੂੰ।ਜਦੋਂ ਉਹ ਲੜਾਈ ਲੱਗੀ ਸੀ ਤਾਂ ਮੇਰੀ ਤੇ ਕੁਝ ਹੋਰ ਮੁਸਲਮਾਨ ਪੁਲਿਸ ਕਰਮਚਾਰੀਆਂ ਦੀ ਫ਼ੀਲਡ ਡਿਊਟੀ ਔਫ਼ ਕਰ ਦਿੱਤੀ ਸੀ।ਕੀ ਸਾਨੂੰ ਸਮਝ ਨਹੀਂ

ਸੀ ਕਿ ਕੀ ਹੋ ਰਿਹਾ ਸੀ? ਇਹ ਸਾਰਾ ਢਾਂਚਾ ਕਿਸੇ ਢੰਗ ਨਾਲ ਧਰਮ ਨਾਲ ਜੁੜਿਆ ਹੋਇਆ ਹੈ।ਇੱਕ ਮੁਸਲਮਾਨ ਹੋਣ ਕਰਕੇ ਮੇਰੀ ਦੇਸ਼ ਭਗਤੀ ਨੂੰ ਸ਼ੱਕ ਨਾਲ ਵੇਖਿਆ।[20]

ਹਰਦਿਆਲ ਦਾ ਮਿਜ਼ੋਰਾਮ ਵਿਚ ਇੱਕ ਸਿੱਖ ਪਛਾਣ ਕਰ ਕੇ ਜਾਨਣਾ ਅਤੇ ਘੋਸ਼ ਦਾ ਉਸ ਨੂੰ ਵੀ ਕਾਤਲਾ ਦੀ ਕੌਮ ਵਿਚ ਰੱਖ ਕੇ ਉਸ ਨਾਲ ਕੀਤੀ ਗਈ ਗਲੋਚ ਅਤੇ ਹਰਦਿਆਲ ਦੇ ਨਾਲ ਹੋਏ ਝਗੜੇ ਕਾਰਨ ਜ਼ਮੀਲ ਸਾਹਿਬ ਦਾ ਆਉਣਾ ਅਤੇ ਹਰਦਿਆਲ ਦਾ ਇਹ ਕਹਿਣਾ ਕਿ ਉਸ ਨੂੰ ਕਿਸੇ ਪੁਲਿਸ ਫੋਰਸ ਦੀ ਜ਼ਰੂਰਤ ਨਹੀਂ ਅਸਤਿਤਵੀ ਸੰਘਰਸ਼ ਦੀ ਪਹਿਚਾਣ ਹਨ। ਹਰਦਿਆਲ ਆਪਣੇ ਲਈ ਲਗਾਈ ਇਸ ਸੁਰੱਖਿਆ ਨੂੰ ਆਪਣੇ ਅਸਤਿਤਵ ਦੇ ਖ਼ਿਲਾਫ਼ ਸਮਝ ਕੇ ਮਨ੍ਹਾ ਕਰਨਾ ਹਰਦਿਆਲ ਦੇ ਅਸਤਿਤਵੀ ਸੰਘਰਸ਼ ਦੇ ਕਾਰਜ ਦਾ ਅਹਿਮ ਹਿੱਸਾ ਹੈ। ਇਸ ਗੱਲ ਤੋਂ ਖੁਸ਼ ਹੋ ਕੇ ਜ਼ਮੀਲ ਸਾਹਿਬ ਦਾ ਆਪਣੇ ਅਸਤਿਤਵੀ ਸੰਘਰਸ਼ ਲਈ ਕੀਤੇ ਯਤਨ ਅਤੇ ਉਨ੍ਹਾਂ ਨਾਲ ਬੰਗਾਲ ਦੀ ਲੜਾਈ ਸਮੇਂ ਸਰਕਾਰ ਅਤੇ ਆਰਮੀ ਦਾ ਸ਼ੱਕੀ ਵਤੀਰਾ ਉਨ੍ਹਾਂ ਸਾਰੇ ਮੁਸਲਮਾਨ ਆਰਮੀ ਅਫ਼ਸਰਾਂ ਦਾ ਅਸਤਿਤਵੀ ਸੰਘਰਸ਼ ਨਾਲ ਮੇਲ ਮਿਲਾਪ ਦੀ ਨਿਸ਼ਾਨੀ ਹੈ ਜਿਸ ਕਾਰਨ ਨਿਰਾਸ਼ਾ ਵਰਗੀ ਸਥਿਤੀ ਪੈਦਾ ਹੁੰਦੀ ਹੈ ਜੋ ਮਨੁੱਖ ਦੇ ਅਸਤਿਤਵ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰਦੀ ਹੈ। ਨਿਰਾਸ਼ਾ ਅਸਤਿਤਵੀ ਸੰਘਰਸ਼ ਦਾ ਅਹਿਮ ਅੰਗ ਹੈ। "ਐਡਮੰਡ ਹੁਸਰਲ" ਜਰਮਨ ਦਾ ਦਾਰਸ਼ਨਿਕ ਸੀ ਅਸਤਿਤਵਵਾਦੀ ਅਧਿਐਨ ਦੇ ਲਈ ਉਸ ਦੀ ਪ੍ਰਮੁੱਖ ਘਟਨਾ ਕਿਰਿਆ ਜਾਂ ਦ੍ਰਿਸ਼ ਵਿਗਿਆਨ ਵੀ ਕਿਹਾ ਜਾ ਸਕਦਾ ਹੈ। ਉਸ ਦੀ ਵਿਧੀ ਇਹ ਸੀ ਕਿ ਅਨੁਭਵ ਹੋ ਚੁੱਕੇ ਸੰਸਾਰ ਨੂੰ ਬਰੈਕਟ ਮਾਰ ਦਿੰਦਾ ਸੀ ਅਤੇ ਆਪਣੀ ਚੇਤਨਾ ਨੂੰ ਉਸ ਨਾਲੋਂ ਵੱਖ ਕਰ ਦਿੰਦਾ ਸੀ। ਘਟਨਾ ਕਿਰਿਆ ਵਿਗਿਆਨ ਉਸ ਦਾ ਮੁੱਖ ਸੰਕਲਪ ਹੈ।ਇਹ ਕਿਰਿਆਵਾਂ ਅਤੇ ਘਟਨਾਵਾਂ ਮਨੁੱਖ ਵਿਚ ਨਿਰਾਸ਼ਾ ਪੈਦਾ ਕਰਦੀਆਂ ਹਨ।[21]

ਉਤੇਜਨਾ ਮਨੁੱਖ ਨੂੰ ਇੱਕ ਪ੍ਰਕਾਰ ਨਾਲ ਅੰਦਰੀਵੀ ਵਿਚਾਰਾ ਨੂੰ ਕਿਸੇ ਅੱਗੇ ਰੱਖਣ ਦੀ ਖੁੱਲ੍ਹ ਬਖ਼ਸ਼ਦੀ ਹੈ। ਪਰ ਇਹ ਵਿਚਾਰ ਚੰਗੇ ਜਾਂ ਮਾੜੇ ਹੋਣਗੇ ਇਹ ਮਨੁੱਖ ਦੀ ਮਨ ਦੀ ਅਵਸਥਾ ਦੇ ਸਮਰੱਥ ਹੈ। ਹਰਦਿਆਲ ਨਾਲ ਘੋਸ਼ ਦਾ ਟਕਰਾਓ ਇੱਕ ਤਾਂ ਲਾਲਨੁਨਪੁਈ ਕਰ ਕੇ ਸੀ ਦੂਸਰਾ ਉਸ ਦਾ ਸਿੱਖ ਹੋਣਾ ਉਸ ਨੂੰ ਸਭ ਤੋਂ ਵੱਧ ਚੱਬਦਾ ਸੀ ਜਿਸ ਕਾਰਨ ਦੋਵਾਂ ਦਾ ਆਪਣੇ ਆਪਣੇ ਅਸਤਿਤਵ ਲਈ ਸੰਘਰਸ਼ ਕਰਨਾ ਲਾਜ਼ਮੀ ਹੈ। ਪਰ ਹਰਦਿਆਲ ਆਪਣੇ ਅਸਤਿਤਵ ਨੂੰ ਬਚਾਉਣ ਲਈ ਘੋਸ਼ ਦੀ ਕੀਤੀ ਜਾ ਰਹੀ ਗਾਲ੍ਹੀ ਗਲੋਚ ਤੇ ਦੋ-ਦੋ ਹੱਥ ਕਰਨੋਂ ਵੀ ਨਹੀਂ ਡਰਦਾ ਆਪਣੇ ਅਸਤਿਤਵ ਲਈ ਦੋਵੇਂ ਸੰਘਰਸ਼ ਕਰ ਰਹੇ ਹਨ। ਜਿਵੇਂ:

> ਗਿਰਿੰਦਰ ਬੋਲਿਆ, "ਪ੍ਰਸਾਦ ਤਾਂ ਲਾਲਨੁਨਪੁਈ ਕਰ ਕੇ ਤੇਰੇ ਨਾਲ ਖੁੰਦਕ ਕੱਢਦਾ ਹੈ। ਉਹਨੂੰ ਅੱਜ ਮੌਕਾ ਮਿਲ ਗਿਆ ਤੈਨੂੰ ਗਾਲ੍ਹਾਂ ਕੱਢਣ ਦਾ। ਅੱਜ ਸਵੇਰੇ ਕਾਲਜ ਵਿਚ ਵੀ ਉਹ ਤੇਰੇ ਖ਼ਿਲਾਫ਼ ਬੋਲ ਰਿਹਾ ਸੀ।
>
> ਰਹੂੰਗਾ ਤਾਂ ਮੈਂ ਆਪਣੇ ਫਲੇਟ ਵਿਚ ਹੀ। ਵੈਸੇ ਤਾਂ ਮੈਂ ਚੂੜੀਆਂ ਨਹੀਂ ਪਾਈਆਂ। ਪਰ ਫਿਰ ਵੀ ਮੈਂ ਲੜਨ ਭਿੜਨ ਦੇ ਖ਼ਿਲਾਫ਼ ਹਾਂ। ਪਰ ਜੇ ਮੈਂ ਤੇਰੇ ਫਲੈਟ ਵਿਚ ਅੱਜ ਸੌਂ ਗਿਆ ਤਾਂ ਪ੍ਰਸਾਦ ਨੇ ਰੋਜ਼ ਪੰਗਾ ਲੈਣਾ ਆ ਮੇਰੇ ਨਾਲ, ਹਰਦਿਆਲ ਸ਼ਾਮ ਨੂੰ ਆਉਣਾ ਕਹਿ ਕੇ ਆਪਣੇ ਫਲੈਟ ਵਿਚ ਚਲਾ ਗਿਆ।[22]

ਹਰਦਿਆਲ ਅਤੇ ਘੋਸ਼ ਨਾਲ ਹੋਏ ਝਗੜੇ ਦੇ ਡਰ ਤੋਂ ਹਰਦਿਆਲ ਡਰ ਕੇ ਜਾਂ ਕਿਸੇ ਤਰ੍ਹਾਂ ਦੀ ਵੀ ਸੁਰੱਖਿਆ ਲੈਣ ਦੀ ਮਨਾਹੀ ਕਰਦਾ ਹੈ ਕਿਉਂਕਿ ਕੋਈ ਵੀ ਵਿਅਕਤੀ ਆਪਣੇ ਆਪ ਨੂੰ ਕਿਸੇ ਤੋਂ ਘੱਟ ਨਹੀਂ ਸਮਝਦਾ ਉਹ ਆਪਣੇ ਅਸਤਿਤਵ ਲਈ ਆਪ ਸੰਘਰਸ਼ ਕਰਨ ਵਿਚ ਅੰਦਰੂਨੀ ਤਸੱਲੀ ਮਹਿਸੂਸ ਕਰਦਾ ਹੈ।ਜਿਸ ਕਾਰਨ ਉਹ ਬਿਨਾਂ ਕਿਸੇ ਡਰ ਦੇ ਅਜਿਹੀ ਥਾਂ 'ਤੇ ਇਕੱਲਾ ਹੀ

ਸੰਘਰਸ਼ ਕਰਦਾ ਹੈ ਜਿੱਥੇ ਉਸ ਦੇ ਅਤੇ ਉਸ ਦੀ ਪਛਾਣ ਦੇ ਵਿਰੋਧ ਵਿਚ ਸਾਰੇ ਖੜੇ ਹਨ। ਅਜਿਹੀ ਸਥਿਤੀ ਵਿਚ ਵੀ ਹਰਦਿਆਲ ਆਪਣੇ ਅਸਤਿਤਵ ਲਈ ਲੜਦਾ ਹੈ ਅਤੇ ਸਫਲ ਹੁੰਦਾ ਹੈ

ਇਸ ਸਮਾਜ ਅੰਦਰ ਬਹੁਤ ਸਾਰੇ ਅਜਿਹੇ ਵਿਕਾਰ ਅਤੇ ਘਟਨਾਵਾਂ ਆਉਂਦੀਆਂ ਹਨ ਜਿਨ੍ਹਾਂ ਤੋਂ ਮਨੁੱਖ ਨੂੰ ਆਪਣੇ ਆਪ ਨੂੰ ਬਚਾਉਣ ਲਈ ਸੰਘਰਸ਼ ਕਰਨਾ ਪੈਂਦਾ ਹੈ।

## ਹਵਾਲੇ ਅਤੇ ਟਿੱਪਣੀਆਂ

[1] ਧਰਮ ਚੰਦ ਵਾਤਿਸ਼, ਅਸਤਿਤਵਵਾਦੀ ਆਲੋਚਨਾ ਸਿਧਾਂਤ ਅਤੇ ਵਿਹਾਰ ਪੰਨਾ-124

[2] ਪਰਮਜੀਤ ਸਿੰਘ ਜੱਜ, ਪਛਾਣ ਬਦਲ ਗਈ, ਪੰਨਾ-21

[3] ਉਹੀ, ਪੰਨਾ-21

[4] Jean paul, sartee, The literature of possibility,p-11

[5] ਪਰਮਜੀਤ ਸਿੰਘ ਜੱਜ, ਪਛਾਣ ਬਦਲ ਗਈ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ, ਪੰਨਾ-61

[6] ਉਹੀ, ਪੰਨਾ-64

[7] ਗੁਰਚਰਨ ਸਿੰਘ ਅਰਸ਼ੀ ਜੱਜ,ਅਸਤਿਤਵਵਾਦ, ਪੰਨਾ-15

[8] ਪਰਮਜੀਤ ਸਿੰਘ ਜੱਜ, ਪਛਾਣ ਬਦਲ ਗਈ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ, ਪੰਨਾ-109

[9] ਉਹੀ, ਪੰਨਾ-164

[10] ਉਹੀ, ਪੰਨਾ-171

[11], ਪੰਨਾ-142

[12] ਉਹੀ, ਪੰਨਾ-180

[13] ਉਹੀ, ਪੰਨਾ-151

[14] ਗੁਰਚਰਨ ਸਿੰਘ ਅਰਸ਼ੀ,ਅਸਤਿਤਵਵਾਦ, ਪੰਨਾ-15

[15] ਉਹੀ, ਪੰਨਾ-15

[16] ਪਰਮਜੀਤ ਸਿੰਘ ਜੱਜ, ਪਛਾਣ ਬਦਲ ਗਈ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ, ਪੰਨਾ-200

[17] ਉਹੀ, ਪੰਨਾ-208

[18] ਉਹੀ, ਪੰਨਾ-218

[19] ਉਹੀ, ਪੰਨਾ-224

[20] ਉਹੀ, ਪੰਨਾ-226

[21] ਗੁਰਚਰਨ ਸਿੰਘ ਅਰਸ਼ੀ,ਅਸਤਿਤਵਵਾਦ, ਪੰਨਾ-15

[22] ਪਰਮਜੀਤ ਸਿੰਘ ਜੱਜ, ਪਛਾਣ ਬਦਲ ਗਈ, ਪੰਨਾ-224

# ਅਧਿਆਇ-4

# ਅਸਤਿਤਵੀ ਸੰਕਟ ਦੇ ਸਮਾਜ ਅਤੇ ਵਿਅਕਤਿਤਵ ਉੱਪਰ ਪ੍ਰਭਾਵ

ਸਮਾਜ ਅੰਦਰ ਮਨੁੱਖ ਸਮਾਜਿਕ ਘਟਨਾਵਾਂ ਨਾਲ ਜੂਝਦਾ ਹੋਇਆ ਆਪਣੇ ਅਸਤਿਤਵ ਦੀ ਪਛਾਣ ਨੂੰ ਬਣਾਈ ਰੱਖਣ ਲਈ ਸੰਘਰਸ਼ ਕਰਦਾ ਰਹਿੰਦਾ ਹੈ। ਇਸ ਸੰਘਰਸ਼ ਲਈ ਬਹੁਤੀ ਵਾਰ ਕਰਦਿਆਂ ਮਨੁੱਖ ਨੂੰ ਸਮਾਜਿਕ ਭਲਾਈ ਲਈ ਬਣਾਏ ਗਏ ਨਿਯਮਾਂ ਨੂੰ ਵੀ ਤੋੜਨਾ ਪੈਂਦਾ ਹੈ। ਇੱਕ ਵਿਅਕਤੀ ਜੋ ਇਸ ਅਸਤਿਤਵੀ ਸੰਕਟ ਵਿੱਚ ਦੀ ਆਪਣੇ ਆਪ ਨੂੰ ਸੰਘਰਸ਼ ਮਈ ਸਥਿਤੀ ਵਿੱਚ ਲੰਘਾ ਰਿਹਾ ਹੁੰਦਾ ਹੈ ਉਸ ਦੇ ਅਸਤਿਤਵੀ ਸੰਕਟ ਨਾਲ ਸਿਰਫ਼ ਉਹ ਆ ਹੀ ਪ੍ਰਭਾਵਿਤ ਨਹੀਂ ਹੁੰਦਾ ਸਗੋਂ ਉਸ ਦੇ ਨਾਲ ਇਸ ਸਮਾਜ ਉੱਤੇ ਵੀ ਪ੍ਰਭਾਵ ਪੈਂਦਾ ਹੈ। ਵਿਅਕਤੀਗਤ ਤੌਰ ਤੇ ਆਪਣੇ ਵਿਅਕਤਿਤਵ ਲਈ ਜੋ ਵੀ ਘਾਲਣਾ ਮਨੁੱਖ ਕਰਦਾ ਹੈ ਉਸ ਦਾ ਪ੍ਰਸੰਗ ਉਸ ਦੇ ਬਾਹਰੀ ਵਰਤਾਓ ਤੋਂ ਦੇਖਿਆ ਜਾ ਸਕਦਾ ਹੈ।

ਅਸਤਿਤਵੀ ਸੰਕਟ ਇਕ ਅਜਿਹਾ ਕਾਰਜ ਜਿਸ ਦੇ ਦੁਆਰਾ ਮਨੁੱਖ ਨੂੰ ਸਮਾਜ ਵਿੱਚ ਵਿਚਰਦਿਆਂ ਜਿਨ੍ਹਾਂ ਘਟਨਾਵਾਂ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਕਿਸੇ ਵਿਅਕਤੀ ਜਾਂ ਸਮਾਜ ਵਿੱਚ ਉਸ ਨੂੰ ਉਸ ਦੀ ਇੱਛਾ ਤੋਂ ਉਲਟ ਵਰਤਾਓ ਵਰਤਦਾ ਮਿਲਦਾ ਹੈ ਤਾਂ ਅਜਿਹੀਆਂ ਸਥਿਤੀਆਂ ਵਿੱਚ ਮਨੁੱਖ ਦਾ ਅਸਤਿਤਵੀ ਸੰਕਟ ਲਈ ਸੰਘਰਸ਼ ਸ਼ੁਰੂ ਹੋ ਜਾਂਦਾ ਹੈ।

ਅਸਤਿਤਵੀ ਸੰਕਟ ਮਨੁੱਖ ਦੇ ਅੰਤਰੀਵੀ ਸਥਿਤੀਆਂ ਦਾ ਜਦੋਂ ਕਿਸੇ ਬਾਹਰੀ ਤਾਕਤ, ਪ੍ਰਭਾਵ, ਪਰਸਥਿਤੀ, ਅਤੇ ਵਿਅਕਤੀਗਤ ਇੱਛਾ ਉਲਟ ਵਰਤਾਓ ਮਿਲਦਾ ਹੈ ਤਾਂ ਮਨੁੱਖ ਦੇ ਸਵੈ ਨੂੰ ਠੇਸ ਪਹੁੰਚਦੀ ਹੈ। ਇਸ ਠੇਸ ਕਾਰਨ ਜਦੋਂ ਮਨੁੱਖ ਆਪਣੇ ਆਪ ਨੂੰ ਦੱਬਿਆ, ਕੁਚਲਿਆਂ, ਨਿਰਾਰਥਕ ਮਹਿਸੂਸ ਕਰਦਾ ਹੈ ਤਾਂ ਉਸ ਨੂੰ ਲੱਗਦਾ ਹੈ ਕਿ ਸਮਾਜ ਵਿੱਚ ਉਸ ਦੀ ਪਛਾਣ ਨੂੰ ਖ਼ਤਰਾ ਹੈ ਤਾਂ ਉਹ ਇਸ ਲਈ ਆਪਣੇ ਆਪ ਦੀ ਸਮਾਜ ਵਿੱਚ ਪਛਾਣ ਬਣਾਉਣ ਲਈ ਯਤਨਸ਼ੀਲ ਹੁੰਦਾ ਹੈ ਜੋ ਅਸਤਿਤਵੀ ਸੰਕਟ ਦੀ ਅਹਿਮ ਨਿਸ਼ਾਨੀ ਹੈ।

ਅਸਤਿਤਵੀ ਸੰਕਟ ਉਤਪੰਨ ਹੋਣ ਦੀ ਸਥਿਤੀ ਮਨੁੱਖ ਅੰਦਰ ਉਸ ਸਮੇਂ ਹੁੰਦੀ ਹੈ ਜਦੋਂ ਸਮਾਜ ਵਿੱਚ ਮਨੁੱਖ ਨੂੰ ਉਸ ਦਾ ਬਣਦਾ ਹੱਕ ਨਹੀਂ ਮਿਲਦਾ ਜਾਂ ਜੋ ਥਾਂ ਇਸ ਸਮਾਜ ਅੰਦਰ ਉਸ ਮਨੁੱਖ ਦੀ ਆਪਣੀ ਹੈ ਜਦੋਂ ਉਸ ਪਾਸੋਂ ਉਹ ਥਾਂ ਖੋਹ ਲਈ ਜਾਂਦੀ ਹੈ ਜਾਂ ਕਿਸੇ ਹੋਰ ਸ਼ਖ਼ਸ ਨੂੰ ਦਿੱਤੀ ਜਾਂਦੀ ਹੈ ਉਸ ਸਮੇਂ ਜੋ ਈਰਖਾ ਮਨੁੱਖ ਦੇ ਮਨ ਅੰਦਰ ਪੈਦਾ ਹੁੰਦੀ ਹੈ ਉਹ ਅਸਲ ਵਿੱਚ ਅਸਤਿਤਵੀ ਸੰਕਟ ਹੈ।

ਅਸਤਿਤਵੀ ਸੰਕਟ ਇਕ ਵਿਅਕਤੀਗਤ ਪ੍ਰਕਿਰਿਆ ਨਾ ਹੋ ਕੇ ਇਕ ਸਮਾਜਿਕ ਵਰਤਾਰਾ ਹੈ। ਅਸਤਿਤਵੀ ਸੰਕਟ ਉਪਜਣ ਦਾ ਕਾਰਨ ਹੀ ਸਮਾਜ ਹੈ, ਕਿਉਂਕਿ ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਇਸ ਸਮਾਜ ਵਿੱਚ ਵਿਚਰਦੇ ਹੀ ਉਸ ਨੂੰ ਆਪਣੀ ਅਸਲ ਪਛਾਣ ਦਾ ਆਭਾਸ ਹੁੰਦਾ ਹੈ। ਇਹ ਪ੍ਰਕਿਰਿਆ ਮਨੁੱਖ ਵਿੱਚ ਹੀ ਨਹੀਂ ਬਲਕਿ ਸੰਪੂਰਨ ਸੰਸਾਰ ਦੀ ਹੈ। ਇਕ ਛੋਟੇ ਤੋਂ ਛੋਟਾ ਜੀਵ ਵੀ ਆਪਣੇ ਅਸਤਿਤਵ ਨੂੰ ਬਣਾਈ ਰੱਖਣ ਲਈ ਅਸਤਿਤਵੀ ਸੰਕਟ ਵਿੱਚ ਦੀ ਲੰਘਦਾ ਹੈ।

ਉਦਾਹਰਨ ਲਈ ਇੱਕ ਸ਼ੇਰ ਜੇਕਰ ਪਾਣੀ ਵਿੱਚ ਆਪਣਾ ਪਰਛਾਵਾਂ ਵੀ ਦੇਖ ਲੈਂਦਾ ਹੈ ਤਾਂ ਉਹ ਆਪਣੇ ਆਪ ਨੂੰ ਅਸਤਿਤਵੀ ਸੰਕਟ ਵਿੱਚ ਮਹਿਸੂਸ ਕਰ ਦਹਾੜਦਾ ਹੈ ਉਸ ਦੀ ਇਹ ਦਹਾੜ ਵਿਅਕਤੀਗਤ ਨਾ ਹੋ ਕੇ ਉਸ ਦੇ ਨਾਲ ਵਾਲੇ ਸਾਰੇ ਜਾਨਵਰਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਇਸੇ ਪ੍ਰਕਾਰ ਮਨੁੱਖ ਵੀ ਆਪਣੇ ਲਈ ਸਮਾਜ ਅੰਦਰ ਆਪਣੇ ਆਪ ਨੂੰ ਸਾਬਤ ਕਰਨ ਲਈ ਜਿਸ ਦੌਰ ਵਿੱਚੋਂ ਦੀ ਲੰਘਦਾ ਹੈ ਉਸ ਵਿੱਚ ਉਸ ਦਾ ਸਵੈ ਮਾਨ ਅਹਿਮ ਹੁੰਦਾ ਹੈ।

ਮਨੁੱਖ ਆਪਣੀ ਵਰਤਮਾਨ ਸਥਿਤੀ ਤੋਂ ਉਤਾਂਹ ਉੱਠ ਕੇ ਪਰਮਾਤਮਾ ਦੀ ਭਾਲ ਵਿੱਚ ਰਹਿੰਦਾ ਹੈ। ਪੂੰਜੀਵਾਦ ਦੀ ਤਾਕਤ ਸਾਹਮਣੇ ਮਨੁੱਖ ਨਿਤਾਣਾ ਬੇਸ਼ੱਕ ਹੈ, ਪਰ ਉਸ ਦੀ ਮਨੁੱਖੀ ਬਣਨ ਦੀ ਲੋਚਾ ਖ਼ਤਮ ਨਹੀਂ ਹੁੰਦੀ। ਇਹ ਮਨੁੱਖੀ ਹੋਂਦ ਦਾ ਸੱਚ ਹੈ। ਮਨੁੱਖ ਆਪਣੇ ਅਸਤਿਤਵ ਦੀ ਪੂਰਨਤਾ ਲਈ ਸੰਘਰਸ਼ ਕਰਦਾ ਵਿਸੰਗਤ ਹੋ ਕੇ ਭਟਕਦਾ ਹੈ ਅਤੇ ਆਪਣੀ ਇਸ ਤਲਾਸ਼ ਵਿੱਚ ਉਸ ਨੂੰ ਵਿਸ਼ਾਦ ਤੇ ਹਾਰ ਦਾ ਮੂੰਹ ਦੇਖਣਾ ਪੈਂਦਾ ਹੈ। ਇਹ ਨਾਵਲ ਮਨੁੱਖੀ ਹੋਂਦ ਦੇ ਤੱਥ ਉਜਾਗਰ ਕਰਦਾ ਹੋਇਆ ਵਿਅਕਤੀ ਦੀ ਮਾਨਸਿਕਤਾ ਨੂੰ ਉਸ ਦੀ ਸਮਾਜਿਕ ਵਾਸਤਵਿਕਤਾ ਸੰਦਰਭ ਵਿੱਚ ਚਿਤਰਦਾ ਹੈ।ਮਨੁੱਖੀ ਹੋਂਦ ਦੀ ਵਾਸਤਵਿਕ ਬਿਆਨੀ ਇਸ ਨਾਵਲ ਦਾ ਵਹਿਣ ਬਣਦੀ ਹੈ।[1]

ਅਸਤਿਤਵੀ ਸੰਕਟ ਦੇ ਸਮਾਜ ਅਤੇ ਵਿਅਕਤਿਤਵ ਉੱਪਰ ਪ੍ਰਭਾਵ ਦਾ ਹੋਣਾ ਲਾਜ਼ਮੀ ਹੈ ਕਿਉਂਕਿ ਮਨੁੱਖ ਸਮਾਜ ਅੰਦਰ ਆਪਣੇ ਅਸਤਿਤਵ ਲਈ ਅਸਤਿਤਵੀ ਸੰਕਟ ਨੂੰ ਆਪਣੇ ਆਪ ਤੇ ਹੰਢਾਉਂਦਾ ਹੈ। ਇਸ ਸਮਾਜ ਅੰਦਰ ਵਿਚਰ ਰਿਹਾ ਹਰ ਇੱਕ ਜੀਵ ਅਸਤਿਤਵੀ ਸੰਕਟ ਤੋਂ ਬਿਨਾ ਆਪਣੀ ਜ਼ਿੰਦਗੀ ਬਸਰ ਨਹੀਂ ਕਰ ਸਕਦਾ। ਇਸ ਲਈ ਮਨੁੱਖ ਦਾ ਵਿਅਕਤੀਗਤ ਤੌਰ ਤੇ ਕੀਤਾ ਗਿਆ ਸੰਘਰਸ਼ ਸਮਾਜ ਉੱਤੇ ਪ੍ਰਭਾਵ ਪਾਏ ਬਿਨਾਂ ਅਸਤਿਤਵੀ ਪਛਾਣ ਤੱਕ ਨਹੀਂ ਪਹੁੰਚ ਸਕਦਾ।

ਅਸਤਿਤਵਵਾਦੀ ਚਿੰਤਕਾਂ ਨੇ ਇਸ ਅਸਤਿਤਵੀ ਸੰਕਟ ਬਾਰੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਹਨ ਪਰ ਜੇਕਰ ਇਨ੍ਹਾਂ ਸਾਰੇ ਚਿੰਤਕਾਂ ਦੇ ਦਿੱਤੇ ਵਿਚਾਰਾ ਦਾ ਨਿਚੋੜ ਕੱਢੀਏ ਤਾਂ ਇਹੋ ਗੱਲ ਨਿਕਲ ਕੇ ਆਉਂਦੀ ਹੈ ਕਿ ਅਸਤਿਤਵੀ ਸੰਕਟ ਲਈ ਜ਼ਿੰਮੇਵਾਰ ਸਥਿਤੀਆਂ ਮਨੁੱਖ ਦੇ ਮਨ ਦੇ ਅੰਦਰ ਦਾ ਸਵੈ ਪ੍ਰਗਟਾਵਾ ਹੈ ਜਿਸ ਨੂੰ ਮਨੁੱਖ ਵੱਲੋਂ ਪੈਦਾ ਕੀਤੇ ਗਏ ਤੱਤ ਪ੍ਰਭਾਵਿਤ ਕਰਦੇ ਹਨ ਜਿਵੇਂ: ਸਮਾਜ ਅੰਦਰ ਇਕ ਦੂਸਰੇ ਤੋਂ ਪਿੱਛੇ ਨਾ ਰਹਿ ਜਾਣ ਦਾ ਡਰ, ਆਧੁਨਿਕ ਜੀਵਨ ਜਾਂਚ ਕਾਰਨ ਮਨੁੱਖ ਅੰਦਰ ਨਿਰਾਸ਼ਾ, ਆਪਣਾ ਅਸਤਿਤਵ ਸੰਕਟ ਵਿਚ ਮਹਿਸੂਸ ਹੋਣਾ, ਘੁਟਨ, ਇਕੱਲਤਾ, ਅਕੇਵਾਂ, ਪਦਾਰਥੀਕਰਨ, ਅਲਗਾਉ, ਆਦਿ ਵਿਸੰਗਤੀਆਂ ਪੈਦਾ ਹੋ ਰਹੀਆਂ ਹਨ। ਮਨੁੱਖ ਨੂੰ ਇੰਝ ਮਹਿਸੂਸ ਹੋ ਰਿਹਾ ਹੈ ।ਜਿਸ ਨਾਲ ਮਨੁੱਖ ਨੂੰ ਇਕ ਘੋਰ ਮਾਨਸਿਕ ਸੰਕਟ ਵਿਚੋਂ ਲੰਘਣਾ ਪਿਆ ਉਸ ਦੇ ਲਈ ਆਪਣਾ ਹੀ ਅਸਤਿਤਵ ਇਕ ਵੱਡੀ ਸਮੱਸਿਆ ਬਣ ਗਿਆ ਅਤੇ ਆਪਣੀ ਹੀ ਹੋਂਦ ਦੇ ਉੱਪਰ ਕਿੰਤੂ ਹੋਣ ਲੱਗ ਪਿਆ। ਮਨੁੱਖ ਦੀ ਹੋਂਦ ਆਲ਼ੇ ਦੁਆਲੇ ਤੋਂ ਟੁੱਟ ਕੇ ਭਟਕਣ ਦੀ ਅਵਸਥਾ ਵਿਚ ਆ ਜਾਂਦੀ ਹੈ। "ਭਟਕਣ ਦੀ ਵਿਆਕੁਲਤਾ ਆਧੁਨਿਕ ਮਨੁੱਖ ਦੀ ਹੋਂਦ ਦੁਚਿੱਤੀ ਅਤੇ ਮਾਨਸਿਕ ਵਿਰੋਧਾਂ ਦੇ ਰੂਪ ਵਿਚ ਟੁੱਟਦੀ ਹੈ ਅਤੇ ਉਸ ਦੇ ਸਹਿਮਾਂ ਨੂੰ ਹੋਰ ਡੂੰਘਾ ਕਰਦੀ ਹੈ। ਇਹ ਸਹਿਮ, ਅਵਿਸ਼ਵਾਸ, ਬੇ-ਪ੍ਰਤੀਤੀ ਅਤੇ ਵਿਸੰਗਤੀ ਦੀਆਂ ਆਧੁਨਿਕਵਾਦੀ ਸੁਰਾਂ ਨੂੰ ਜਨਮ ਦਿੰਦੀਆਂ ਹਨ। ਇਨ੍ਹਾਂ ਸੁਰਾਂ ਵਿਚ ਮਨੁੱਖੀ ਚੇਤਨਾ ਮਨ ਅੰਤਰ ਦੀ ਸੁੰਨ ਵਿਚ ਸੁੰਗੜਦੀ ਪ੍ਰਤੀਤ ਹੁੰਦੀ ਹੈ।

ਅਸਤਿਤਵਵਾਦੀ ਚਿੰਤਕਾਂ ਅਨੁਸਾਰ ਮਨੁੱਖ ਦੇ ਸਵੈ ਜਾਂ ਅਸਤਿਤਵ ਨੂੰ ਹੇਠ ਲਿਖੇ ਅਸਤਿਤਵ ਖ਼ਤਰੇ ਮਹਿਸੂਸ ਹੁੰਦੇ ਹਨ। ਅਸਤਿਤਵਵਾਦੀ ਚਿੰਤਕਾਂ ਨੇ ਵਿਅਕਤੀ ਨੂੰ ਪ੍ਰਮੁੱਖਤਾ ਦਿੰਦੇ ਹੋਏ ਮਨੁੱਖ ਅੰਦਰ ਵਿਸ਼ਵ ਯੁੱਧ ਦੇ ਖ਼ਤਰਿਆਂ, ਉਦਯੋਗਿਕ ਕ੍ਰਾਂਤੀ ਕਾਰਨ ਪੈਦਾ ਹੋਏ ਪਦਾਰਥੀਕਰਨ ਅਤੇ ਇੱਕ ਬੱਝਵੀਂ ਅਤੇ ਨਾ ਬਦਲ ਸਕਣ ਵਾਲੀ ਰੋਜ਼ਾਨਾ ਜੀਵਨ ਦੀ ਤੋਰ ਦੇ ਕਾਰਨ ਪੈਦਾ ਹੋਏ ਅਕੇਵੇਂ ਵਿਚੋਂ ਉਪਜ ਰਹੇ ਅਸਤਿਤਵੀ ਨੂੰ ਪਛਾਣਨ ਦਾ ਯਤਨ ਕੀਤਾ ਹੈ। ਇਨ੍ਹਾਂ ਸਾਰੇ ਤੱਤਾਂ ਦਾ ਮਨੁੱਖ ਜਦੋਂ ਆਪਣੇ ਅੱਪ ਤੇ ਪ੍ਰਭਾਵ ਮਹਿਸੂਸ ਕਰਦਾ ਹੈ ਤਾਂ ਉਸ ਦਾ ਅੰਦਰੂਨੀ ਅਸਤਿਤਵ ਆਪਣੇ ਨਾਲ-ਨਾਲ ਬਾਹਰੀ ਅਸਤਿਤਵ ਨੂੰ ਵੀ ਪ੍ਰਭਾਵਿਤ ਕਰਦਾ ਹੈ। ਨਾਵਲ "ਪਛਾਣ ਬਦਲ ਗਈ" ਵਿੱਚ "ਡਾ.ਪਰਮਜੀਤ ਸਿੰਘ ਜੱਜ" ਵੱਲੋਂ ਪੇਸ਼ ਕੀਤੇ ਅਸਤਿਤਵੀ ਸੰਕਟ ਦੀ ਪਛਾਣ ਲਈ ਸੰਘਰਸ਼ ਕਰ ਰਹੇ ਪਾਤਰ ਅਤੇ ਘਟਨਾਵਾਂ ਪੰਜਾਬ ਦੇ ਉਸ ਕਾਲੇ ਦੌਰ ਦੀ ਦਾਸਤਾ ਉੱਤੇ ਅਧਾਰਿਤ ਨਾਵਲ ਹੈ ਹਿੱਸ ਸਮੇਂ ਮਨੁੱਖ ਦਾ ਅਸਤਿਤਵ ਆਪਣੇ ਅਸਤਿਤਵੀ ਸੰਕਟ ਦੇ ਨਾਲ-ਨਾਲ ਸਮਾਜ ਨੂੰ ਵੀ ਵਿਅਕਤੀਗਤ ਤੌਰ ਤੇ ਪ੍ਰਭਾਵਿਤ ਕਰ ਰਿਹਾ ਸੀ। ਸੰਨ 1975 ਤੋਂ 1984 ਤੱਕ ਦਾ ਦੌਰ ਅਜਿਹੀ ਭਿਆਨਕ ਤਪਸ਼ ਦੇ ਕੇ ਗਿਆ ਹੈ ਜਿਸ ਵਿੱਚੋਂ ਅੱਜ ਤੱਕ ਪੰਜਾਬ ਦੇ ਬਹੁਤ ਸਾਰੇ ਲੋਕ ਪ੍ਰਭਾਵਿਤ ਹਨ। ਉਸ ਸਮੇਂ ਦੀ ਰਾਜਨੀਤੀ ਅਤੇ ਧਰਮ ਦੀ ਰਾਜਨੀਤੀ ਨੇ ਆਪਣੇ ਅਸਤਿਤਵ ਨੂੰ ਬਣਾਈ ਰੱਖਣ ਲਈ ਸਮਾਜ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਇਸ ਸਮਾਜ ਅੰਦਰ ਜੀਵਨ ਬਸਰ ਕਰ ਰਹੇ ਹਰ ਵਿਅਕਤੀ ਦਾ ਅਸਤਿਤਵੀ ਸੰਕਟ ਤੋਂ ਬੱਚ ਨਾ ਸਕਿਆ। ਇਸ ਤਪਸ਼ ਤੋਂ ਪਹਿਲਾਂ ਸੰਨ 1947 ਦੀ ਦਰਦਨਾਕ ਤਪਸ਼ ਅਜੇ ਤੱਕ ਲੋਕਾਂ ਨੂੰ ਭੁੱਲੀ ਵੀ ਨਹੀਂ ਸੀ ਕਿ ਇਕ ਹੋਰ ਚੰਗਿਆੜੀ ਸਮਾਜ ਵਿੱਚ ਫੁੱਟ ਪਈ ਲੋਕ ਦੇਸ਼ ਵੰਡ ਦੀ ਬਦਲ ਕੇ ਪੇਸ਼ ਕੀਤੀ ਪਹਿਚਾਣ ਨੂੰ ਅਜੇ ਸਥਾਪਿਤ ਵੀ ਨਹੀਂ ਸੀ ਕਰ ਪਾਏ ਕੀ ਕੁੱਝ ਹੋਰ ਨਵੀਆਂ ਪਛਾਣਾਂ ਉਨ੍ਹਾਂ ਦੇ ਬੂਹੇ ਤੇ ਸਨ। ਇਸ ਸਾਰੇ ਹਾਲ ਦਾ ਕਾਰਨ ਸਮੇਂ ਦੀਆਂ ਸਰਕਾਰਾਂ ਅਤੇ ਧਰਮ ਦੀ ਰਾਜਨੀਤੀ ਕਰਨ ਵਾਲੇ ਕਾਰਕ ਜ਼ਿੰਮੇਵਾਰ ਸਨ। ਇਸ ਲਈ ਇਹ ਕਹਿਣਾ ਉਚਿੱਤ ਹੈ ਕਿ ਅਸਤਿਤਵੀ ਸੰਕਟ ਦਾ ਸਮਾਜ ਅਤੇ ਵਿਅਕਤੀਤਵ ਉੱਪਰ ਪ੍ਰਭਾਵ ਪੈਂਦਾ ਹੈ।

ਅਸਤਿਤਵੀ ਸੰਕਟ ਦੇ ਸਮਾਜ ਉੱਪਰ ਪ੍ਰਭਾਵਾਂ ਬਾਰੇ ਇਸ ਨਾਵਲ ਪੇਸ਼ ਕੀਤੇ ਵਿਸ਼ੇ ਜਿਨ੍ਹਾਂ ਦੁਆਰਾ ਨਾਵਲਕਾਰ ਨੇ ਆਪਣੇ ਨਾਵਲ ਨੂੰ ਇਸ ਅਸਤਿਤਵੀ ਸੰਕਟ ਵਿੱਚ ਰੱਖ ਕੇ ਪੇਸ਼ ਕੀਤਾ ਹੈ ਜਿਵੇਂ:-

ਸਮਾਜ ਇਕ ਅਜਿਹੀ ਇਕਾਈ ਹੈ ਜਿਸ ਵਿਚ ਵਿਚਰਦਾ ਹਰ ਮਨੁੱਖ ਆਪਣੇ ਅਸਤਿਤਵ ਨੂੰ ਬਣਾਈ ਰੱਖਣ ਲਈ ਲੋੜ ਤੋਂ ਵੀ ਵੱਧ ਯਤਨ ਕਰਦਾ ਹੈ। ਇਨ੍ਹਾਂ ਯਤਨਾਂ ਵਿਚ ਬਹੁਤੀ ਵਾਰ ਮਨੁੱਖ ਇਕ ਪਛਾਣ ਤੋਂ ਦੂਸਰੀ ਪਛਾਣ ਵੱਲ ਵਧਦਾ ਰਹਿੰਦਾ ਹੈ। ਕਈ ਵਾਰ ਸਮਾਜ ਅੰਦਰ ਅਜਿਹੇ ਕਾਰਨ ਉਤਪੰਨ ਹੁੰਦੇ ਜਾਂ ਕੀਤੇ ਜਾਂਦੇ ਹਨ ਜਿਨ੍ਹਾਂ ਨਾਲ ਮਨੁੱਖ ਆਪਣੀ ਅਸਲ ਪਛਾਣ ਨੂੰ ਲੁਕਾ ਕੇ ਸਮਾਜ ਵਿਚ ਚੰਗਾ ਰੁਤਬਾ ਬਣਾਈ ਰੱਖਣ ਲਈ ਆਪਣੇ ਆਪ ਦੀ ਪਛਾਣ ਨੂੰ ਵੱਖਰੀ ਵਿਖਾ ਕੇ ਪੇਸ਼ ਕਰਦਾ ਹੈ ਜਿਸ ਤਰ੍ਹਾਂ ਦੀ ਸਮਾਜ ਮੰਗ ਕਰਦਾ ਹੈ।

ਇਸ ਨਾਵਲ ਦੇ ਸ਼ੁਰੂਆਤ ਵਿਚ ਹੀ ਇਸ ਨਾਵਲ ਵਿਚਲਾ ਸੱਚ ਸਾਹਮਣੇ ਪੇਸ਼ ਆਉਂਦਾ ਹੈ। ਬਹੁਤ ਸਾਰੇ ਲੋਕਾਂ ਦੀਆਂ ਨੀਲੀਆਂ ਪੱਗਾਂ ਦਾ ਰੰਗ ਬਦਲ ਕੇ ਚਿੱਟਾ ਹੋ ਗਿਆ ਸੀ 'ਤੇ ਹੁਣ ਸੁਰ ਵੱਖਰੀ ਪਛਾਣ ਵਾਲੇ ਹੋ ਗਏ

ਸਨ। ਕਈਆਂ ਨੇ ਨੀਲੀ ਪੱਗ ਨੂੰ ਸਿਰੜ ਨਾਲ ਬੰਨ੍ਹੀ ਰੱਖਿਆ ਸੀ। ਉਹ ਖ਼ੁਦ ਨੂੰ ਪੱਗ ਦੀ ਹੋਂਦ ਤੋਂ ਅਲੱਗ ਨਹੀਂ ਸੋਚਦੇ, ਉਨ੍ਹਾਂ ਦੀ ਪਛਾਣ ਵੀ ਬਦਲ ਗਈ ਸੀ, ਕਿਉਂਕਿ ਦਫ਼ਤਰ ਤੇ ਕਈ ਸਰਕਾਰੀ ਅਦਾਰਿਆਂ ਵਿਚ ਅਜਿਹੇ ਸਿਰੜੀ ਬੰਦਿਆਂ ਨੂੰ ਪਛਾਣਿਆ ਨਹੀਂ ਸੀ ਜਾ ਰਿਹਾ।"[2]

ਸ਼ੁਰੂ ਤੋਂ ਹੀ ਸਾਡੇ ਸਮਾਜ ਵਿਚ ਪਛਾਣਾਂ ਦਾ ਮੁੱਦਾ ਅਹਿਮ ਰਿਹਾ ਹੈ। ਮਨੁੱਖ ਆਪਣੇ ਅਸਤਿਤਵ ਨੂੰ ਬਣਾਈ ਰੱਖਣ ਲਈ ਆਪਣੇ ਕਿਰਦਾਰ ਬਦਲਦਾ ਰਹਿੰਦਾ ਹੈ ਇਸ ਨਾਵਲ ਵਿਚ ਵੀ ਇਸ ਮੁੱਦੇ ਨੂੰ ਪੇਸ਼ ਕੀਤਾ ਗਿਆ ਹੈ। ਮਨੁੱਖ ਇਕ ਸਮਾਜਿਕ ਜੀਵ ਹੈ ਸਮਾਜ ਵਿਚ ਵਿਚਰਦੇ ਹੋਏ ਉਹ ਆਪਣੀ ਪਛਾਣ ਦੇ ਗੁਆਚ ਜਾਣ ਅਤੇ ਦਬਾਅ ਦੇ ਡਰ ਤੋ ਆਪਣੀ ਮੂਲ ਪਛਾਣ ਨੂੰ ਛੁਪਾਉਂਦਾ ਰਹਿੰਦਾ ਹੈ ਜੋ ਅਸਤਿਤਵੀ ਸੰਕਟ ਦੀ ਅਹਿਮ ਕੜੀ ਹੈ।

ਮਨੁੱਖ ਦੇ ਮਨ ਅੰਦਰ ਪਛਾਣ ਨੂੰ ਬਣਾਈ ਰੱਖਣ ਲਈ ਹਰ ਵਕਤ ਕੁੱਝ ਨਾ ਕੁੱਝ ਸੋਚ ਵਿਚਾਰ ਕਰਦਾ ਰਹਿੰਦਾ ਹੈ ਜੋ ਉਸ ਦੇ ਮਨ ਨੂੰ ਟਿਕਾਓ ਦੀ ਸਥਿਤੀ ਵਿਚ ਨਹੀਂ ਆਉਣ ਦਿੰਦੇ ਜਿਸ ਕਾਰਨ ਮਨੁੱਖ ਅੰਦਰ ਉਤੇਜਨਾ ਪੈਦਾ ਹੁੰਦੀ ਰਹਿੰਦੀ ਹੈ।

ਧਰਮ ਅਤੇ ਰਾਜਨੀਤੀ ਇੱਕੋ ਸਿੱਕੇ ਦੇ ਦੋ ਪਹਿਲੂ ਹਨ ਜਿਨ੍ਹਾਂ ਨੂੰ ਵੱਖ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ। ਧਰਮ ਰਾਜਨੀਤੀ ਅਤੇ ਰਾਜਨੀਤੀ ਧਰਮ ਤੇ ਆਪਣਾ ਪੂਰਾ ਪ੍ਰਭਾਵ ਬਣਾ ਕੇ ਰੱਖਦੀ ਹੈ। ਇਹ ਦੋਵੇਂ ਹੀ ਮਨੁੱਖ ਦੀ ਮਾਨਸਿਕ ਅਤੇ ਵਿਅਕਤੀਗਤ ਸੁਭਾ ਉੱਤੇ ਅਸਰ ਪਾਉਂਦੀਆਂ ਹਨ। ਰਾਜਨੀਤੀ ਵਿਚ ਖੜਨ ਵਾਲੀ ਚਾਹੇ ਕੋਈ ਵੀ ਪਾਰਟੀ ਕਿਉਂ ਨਾ ਹੋਵੇ ਉਹ ਵੋਟਾਂ ਅਤੇ ਆਪਣੀ ਆਪਸੀ ਕੱਟੜ ਪੁਣੇ ਦੀ ਵਿਰੋਧਤਾ ਨੂੰ ਕੱਢਣ ਲਈ ਆਮ ਲੋਕਾਂ ਦਾ ਸਹਾਰਾ ਲੈਂਦੇ ਹਨ। ਪਹਿਲਾਂ ਪਿੰਡਾ ਦੇ ਆਮ ਲੋਕਾਂ ਨੂੰ ਧਰਮ ਨਾਲ ਜੋੜਿਆਂ ਜਾਂਦਾ ਹੈ। ਫਿਰ ਉਸ ਧਰਮ ਦੀ ਆੜ ਵਿਚ ਉਨ੍ਹਾਂ ਤੋਂ ਹੀ ਅਜਿਹੇ ਕਾਰਜ ਕਰਵਾਏ ਜਾਂਦੇ ਹਨ ਜੋ ਕਿ ਕਿਸੇ ਵੀ ਧਰਮ ਵਿਚ ਜ਼ੁਲਮ ਤੋਂ ਜ਼ਿਆਦਾ ਕੁੱਝ ਨਹੀਂ ਹੈ। ਅਜਿਹੀ ਸਥਿਤੀ ਅਤੇ ਘਟਨਾਵਾਂ ਪੇਸ਼ ਕਰਦਾ ਇਹ ਨਾਵਲ ਵਿਚਲਾ ਕੇਂਦਰੀ ਬਿੰਦੂ ਹੈ। ਜਿਸ ਵਿਚ ਇਕ ਧਰਮ ਦੂਜੇ ਦੇ ਵਿਰੋਧ ਵਿਚ ਖੜਦਾ ਹੈ।ਜਿਵੇਂ ਇਸ ਪ੍ਰਕਾਰ ਨਾਵਲ ਵਿਚ ਦਰਸਾਇਆ ਗਿਆ ਹੈ।

ਕੁੱਝ ਦਿਨਾ ਬਾਅਦ ਹਰਦਿਆਲ ਦਾ ਮਨ ਪਿੰਡ ਜਾ ਕੇ ਹਫ਼ਤਾ ਕੁ ਉੱਥੇ ਰਹਿਣ ਦਾ ਸੀ। ਪਿੰਡ ਪਹੁੰਚਦਿਆਂ ਹੀ ਉਸ ਨੂੰ ਬਦਲ ਰਹੀ ਹਵਾ ਦਾ ਅਹਿਸਾਸ ਹੋ ਗਿਆ। ਇਹ ਹਵਾ ਸਿਆਸੀ ਤਾਂ ਨਹੀਂ ਹੋ ਸਕਦੀ ਸੀ। ਜਨਤਾ ਪਾਰਟੀ ਨੇ ਸੱਤਾ 'ਚ ਆਉਂਦਿਆਂ ਹੀ ਉੱਤਰੀ ਭਾਰਤ ਦੇ ਕਈ ਪ੍ਰਾਂਤਾਂ ਦੀਆ ਰਾਜ ਸਰਕਾਰਾਂ ਭੰਗ ਕਰਕੇ ਦੁਆਰਾ ਚੋਣਾਂ ਵੀ ਕਰਵਾ ਲਈਆਂ ਸਨ। ਸ਼ਾਮ ਤੱਕ ਹਰਦਿਆਲ ਨੂੰ ਪਤਾ ਲੱਗ ਗਿਆ ਸੀ ਕਿ ਪਿੰਡ ਵਿਚ ਨਿਰੰਕਾਰੀਆਂ ਨੂੰ ਲੈ ਕੇ ਰੋਲਾ ਪਿਆ ਹੋਇਆ ਸੀ। ਇਸ ਤੋਂ ਵੀ ਦਿਲਚਸਪ ਗੱਲ ਇਹ ਸੀ ਕਿ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਪਿੰਡ ਆ ਰਹੇ ਸਨ ਤੇ ਉਹ ਨਿਰੰਕਾਰੀਆਂ ਦੇ ਖ਼ਿਲਾਫ਼ ਸਨ।[3]

ਰਾਜਨੀਤੀ, ਧਰਮ, ਅਤੇ ਪਾਰਟੀਆਂ ਅਜਿਹੀਆਂ ਪਛਾਣਾਂ ਹਨ ਜੋ ਪੂਰੇ ਮਨੁੱਖੀ ਜੀਵਨ ਵਿਚ ਅਹਿਮ ਰੋਲ ਨਿਭਾਉਂਦੀਆਂ ਹਨ। ਇਸ ਕਾਰਨ ਕਈ ਵਾਰ ਮਨੁੱਖ ਆਪਣੀ ਆਤਮਿਕ ਸ਼ਾਂਤੀ ਅਤੇ ਇਕ ਤਾਕਤਵਰ ਪਛਾਣ ਬਣਾਈ ਰੱਖਣ ਲਈ ਕਿਸੇ ਪਾਰਟੀ ਜਾਂ ਧਰਮ ਦੇ ਠੇਕੇਦਾਰਾ ਦਾ ਸਹਾਰਾ ਲੈਂਦਾ ਹੈ।

ਧਰਮ ਦੇ ਠੇਕੇਦਾਰ ਅਤੇ ਰਾਜਨੀਤੀ ਦੇ ਸਰਮਾਏਦਾਰ ਆਪਣੀ ਰੰਜਸ਼ ਨੂੰ ਪੂਰਾ ਕਰਨ ਲਈ ਆਮ ਪਿੰਡ ਦੇ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਆ। ਨਾਵਲ ਵਿਚ ਪੇਸ਼ ਕੀਤਾ ਦ੍ਰਿਸ਼ ਇਸੇ ਤਰ੍ਹਾਂ ਦੇ ਮੋੜ ਵਿਚੋਂ ਲੰਘਦਾ ਹੈ। ਇਸ ਕਾਰਨ ਪਿੰਡ ਵਾਲੇ ਅਨਪੜ੍ਹ ਅਤੇ ਕੁੱਝ ਪੜ੍ਹੇ ਲਿਖੇ ਲੋਕਾਂ ਦਾ ਅਸਤਿਤਵ ਸੰਕਟ ਵਿਚ ਪੈਂਦਾ ਹੈ।

ਸਾਫ਼ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਆਪਣੀ ਪਛਾਣ ਨੂੰ ਬਣਾਈ ਰੱਖਣ ਲਈ ਹੁਣ ਨਿਰੰਕਾਰੀਆਂ ਅਤੇ ਭਿੰਡਰਾਂਵਾਲੇ ਦੇ ਵਿਚਕਾਰ ਚੱਲ ਰਹੀ ਲੜਾਈ ਮਨੁੱਖ ਦੇ ਅੰਦਰ ਦੀ ਬਜਾਏ ਬਾਹਰ ਨਿਕਲ ਕੇ ਆ ਰਹੀ ਸੀ। ਜਿਸ ਨਾਲ ਸਮਾਜ ਅਤੇ ਮਨੁੱਖਤਾ ਦੋਵੇਂ ਪ੍ਰਭਾਵਿਤ ਹੋ ਰਹੇ ਹਨ।

> ਬਾਈ ਤੂੰ ਸਿਆਣਾ ਆਦਮੀ ਆ। ਹੁਸ਼ਿਆਰਪੁਰ ਦਾ ਆ ਨਾਂ, ਹੁਸ਼ਿਆਰਪੁਰੀਏ ਬੜੇ ਸਿਆਣੇ ਹੁੰਦੇ ਆ,ਦਿਲੋਂ ਬੋਲਿਆ।
>
> ਇਹ ਤਾਂ ਮੈ ਪਹਿਲੀ ਵਾਰ ਸੁਣ ਰਿਹਾਂ। ਲੋਕ ਤਾਂ ਕਹਿੰਦੇ ਆ ਬੜੇ ਚਲਾਕ ਹੁੰਦੇ ਆ।
>
> ਵੈਸੇ ਜੇ ਤੂੰ ਬੁਰਾ ਨਾ ਮਨਾਏ ਤਾਂ ਬਾਈ ਆਮ ਵਿਚਾਰ ਇਹੀ ਆ ਦੁਆਬੀਆਂ ਬਾਰੇ ਇਹੀ ਸੋਚਦੇ ਆ, ਕੈਲਾਸ਼ ਬੋਲਿਆ।
>
> ਆਹੋ, ਕਹਿੰਦੇ ਆ ਭਰੋਸੇਯੋਗ ਨਹੀਂ ਹੁੰਦੇ, ਸ਼ਿਵ ਨੇ ਕੈਲਾਸ਼ ਦੀ ਗੱਲ ਦੀ ਪ੍ਰੋੜ੍ਹਤਾ ਕਰਦੇ ਹੋਏ ਆਖਿਆ।
>
> ਮੈ ਤਾਂ ਨੀ ਮੰਨਦਾ, 'ਵਿਸ਼ਵਾਨਾਥ ਬੋਲਿਆ। ਬਾਈ ਅਸੀਂ ਬਠਿੰਡੇ ਵਾਲੇ ਲੁਧਿਆਣੇ ਵਾਲਿਆਂ ਨੂੰ ਦੁਆਬੀਏ ਮੰਨਦੇ ਆ।[4]

ਪੰਜਾਬ ਦੇ ਹਰ ਖੇਤਰਾਂ ਦੀ ਆਪਣੀ ਵਿਲੱਖਣਤਾ ਅਤੇ ਪਛਾਣ ਹੈ। ਹਰ ਖੇਤਰ ਦੇ ਲੋਕ ਆਪਣੇ ਖੇਤਰ ਨੂੰ ਇਕ ਪਛਾਣ ਦਿੰਦੇ ਹਨ। ਉੱਥੇ ਦਾ ਸਭਿਆਚਾਰ ਵਿਲੱਖਣ ਹੈ। ਪਰ ਇਹ ਸਾਰੇ ਖੇਤਰ ਇਕ ਦੂਜੇ ਨੂੰ ਵਿਤਕਰੇ ਦੇ ਭਾਵਾਂ ਨਾਲ ਵਧੀਆ ਅਤੇ ਮਾੜੇ ਗੁਣਾ ਪੱਖੋਂ ਕਈ ਪਛਾਣਾਂ ਦਿੰਦੇ ਹਨ ਜਿਨ੍ਹਾਂ ਕਾਰਨ ਮਾਲਵੇ ਵਾਲੇ ਦੁਆਬੇ ਵਾਲੀਆ ਨੂੰ ਮਾਝੇ ਨਾਲੇ ਮਾਲਵੇ ਅਤੇ ਦੁਆਬੇ ਨੂੰ ਮਾੜਾ ਸਮਝਦੇ ਹਨ। ਗੱਲਾਂ-ਗੱਲਾਂ ਵਿਚ ਹੀ ਇਕ ਦੂਜੇ ਨੂੰ ਉਸ ਦੇ ਖੇਤਰ ਪੱਖੋਂ ਭੰਡਿਆ ਜਾਂਦਾ ਹੈ।

ਪੰਜਾਬ ਗੁਰੂਆਂ ਪੀਰਾਂ ਫ਼ਕੀਰਾ ਦੀ ਧਰਤੀ ਹੈ। ਇਸ ਧਰਤੀ ਤੇ ਸਭ ਤੋਂ ਵੱਧ ਲੋਕ ਧਰਮ ਨਾਲ ਜੁੜੇ ਹੋਏ ਹਨ। ਧਰਮ ਉਨ੍ਹਾਂ ਲਈ ਸਭ ਕੁੱਝ ਹੈ, ਚਾਹੇ ਉਹ ਧਰਮ ਅੰਧ ਵਿਸ਼ਵਾਸੀ ਹੋਵੇ ਜਾਂ ਸੱਚਾ। ਧਰਮ ਦੀ ਖ਼ਾਤਰ ਇੱਥੋਂ ਦੇ ਲੋਕਾਂ ਨੇ ਹਮੇਸ਼ਾ ਤੋਂ ਹੀ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਹੈ। ਧਰਮ ਲਈ ਅਜਿਹਾ ਜਜ਼ਬਾ ਰੱਖਣਾ ਕਿਸੇ ਹੱਦ ਤੱਕ ਠੀਕ ਹੈ। ਮਨੁੱਖ ਦੁਆਰਾ ਮੰਨੇ ਜਾਂਦੇ ਇਹ ਧਾਰਮਿਕ ਨਿਯਮ ਕਈ ਵਾਰ ਮਨੁੱਖ ਦੀ ਅੰਤਰ ਆਤਮਾ ਤੋਂ ਅਜਿਹੇ ਦ੍ਰਿੜ੍ਹ ਭਾਵਨਾਵਾਂ ਨੂੰ ਸਾਕਾਰ ਕਰਵਾਉਂਦੇ ਹਨ। ਜਿਨ੍ਹਾਂ ਦੀ ਮਦਦ ਨਾਲ ਮਨੁੱਖ ਆਪਣੇ ਆਪੇ ਨੂੰ ਸ਼ਾਂਤੀ ਵਿੱਚ ਰੱਖਣਾ ਹੈ। ਪਰ ਕਈ ਵਾਰ ਅਜਿਹੀ ਸਥਿਤੀ ਹੋ ਜਾਂਦੀ ਹੈ ਜਿੱਥੇ ਇਹ ਨਿੱਜ ਵਰਤਾਰੇ ਵਿੱਚ ਪੁਗਾਈ ਨਹੀਂ ਜਾਂਦੀ ਉਸ ਵਖਤ ਇਹ ਨਿਯਮ ਉਸ ਮਨੁੱਖ ਨੂੰ ਧਰਮ ਦੇ ਖ਼ਿਲਾਫ਼ ਖੜ੍ਹਾ ਕਰਕੇ ਉਸ ਦੇ ਅਸਤਿਤਵ ਨੂੰ ਛੱਕ ਦੀ ਨਿਗਾਹ ਨਾਲ ਵੇਖਦੇ ਹਨ। ਅਜਿਹੀ ਸਥਿਤੀ ਮਨੁੱਖ ਦੇ ਅਸਤਿਤਵੀ ਸੰਕਟ ਨੂੰ ਉਜਾਗਰ ਕਰਦੀ ਹੈ।

ਪੱਛਮੀ ਚਿੰਤਕ "ਸੋਰੇਨ ਕਿਰਕੇਗਾਰਦ" ਦਾ ਵਿਚਾਰ ਹੈ ਕਿ ਕਿਸੇ ਗਿਰਜੇ ਦੇ ਸਿਧਾਂਤ ਤੇ ਰਸਮਾਂ ਜਿਨ੍ਹਾਂ ਨੂੰ ਈਸਾਈਅਤ ਸਮਝ ਲਿਆ ਜਾਂਦਾ ਹੈ, ਅਸਲ ਵਿਚ ਪਥ-ਭ੍ਰਸ਼ਟਤਾ ਹੈ। ਉਸ ਨੂੰ ਜਦੋਂ ਇਹ ਗੱਲ ਸਮਝ ਆਈ ਤਾਂ ਉਹ ਈਸਾਈ ਸੰਸਥਾ ਦੇ ਵਿਰੋਧ ਵਿਚ ਖੜ੍ਹਾ ਹੁੰਦਾ ਹੈ ਜਿਸ ਨੂੰ ਸਮਝਣਾ ਥੋੜ੍ਹਾ ਔਖਾ ਹੈ। [5]

ਆਪਣੇ ਅਸਤਿਤਵੀ ਸੰਕਟ ਨਾਲ ਸੰਘਰਸ਼ ਕਰਦਾ ਵਿਅਕਤੀ ਜਾਂ ਤਾਂ ਉਸ ਗੱਲ ਨੂੰ ਆਪਣੇ ਅੰਦਰ ਲੈ ਕੇ ਅਲਗਾਉ ਵਾਲੀ ਸਥਿਤੀ ਪੈਦਾ ਕਰਕੇ ਆਪਣੇ ਆਪ ਅੰਦਰੋ-ਅੰਦਰੀ ਘੁੱਟਦਾ ਜਾਂਦਾ ਹੈ ਜਾਂ ਉਸ ਦੇ ਅਸਤਿਤਵੀ ਸੰਕਟ ਦੇ ਵਰਤਾਓ ਨਾਲ ਬਾਹਰੀ ਕਾਰਕ ਵੀ ਪ੍ਰਭਾਵਿਤ ਹੁੰਦੇ ਹਨ। ਇਸ ਨਾਵਲ ਵਿੱਚ ਨਾਵਲਕਾਰ ਵੱਲੋਂ ਪੇਸ਼ ਕੀਤੇ ਰਾਕੇਸ਼ ਅਤੇ ਆਰਤੀ ਦੇ ਪਿਆਰ ਨੂੰ ਪ੍ਰਵਾਨ ਨਾ ਚੜ੍ਹਨ ਦੀ ਹਾਲਤ ਵਿੱਚ ਆਰਤੀ ਵੱਲੋਂ ਸੁਸਾਇਡ ਕੀਤੇ ਕਾਰਨ ਦਾ ਵਰਣਨ ਕੀਤਾ ਹੈ।

ਜੇਕਰ ਦੇਖਿਆ ਜਾਵੇ ਤਾਂ ਇਸ ਘਟਨਾ ਵਿੱਚ ਆਰਤੀ ਆਪਣੀ ਮਰਜ਼ੀ ਅਨੁਸਾਰ ਵਿਆਹ ਨਾ ਹੋਣ ਦੀ ਹਾਲਤ ਵਿੱਚ ਆਪਣੇ ਅਸਤਿਤਵੀ ਸੰਕਟ ਵਿੱਚ ਗੁਜ਼ਰ ਰਹੀ ਹੈ।ਪਰ ਇਸ ਸੰਕਟ ਨੂੰ ਉਹ ਆਪਣੇ ਅੰਦਰ ਹੀ ਰੱਖ ਕੇ ਆਪਣੇ ਆਪ ਨੂੰ ਸਰੀਰਕ ਕਸ਼ਟ ਦਿੰਦੀ ਹੈ ਅਸਤਿਤਵੀ ਚਿੰਤਕਾਂ ਦਾ ਮੰਨਣਾ ਹੈ ਕਿ ਅਸਤਿਤਵੀ ਸੰਕਟ ਜਾਂ ਤਾਂ ਮਨੁੱਖ ਅਤੇ ਸਮਾਜ ਵਿੱਚ ਆ ਕੇ ਪਸਰਦਾ ਹੈ ਜਾਂ ਅੰਦਰ ਹੀ ਅੰਦਰ ਆਪਣੇ ਆਪ ਨੂੰ ਖ਼ਤਮ ਕਰ ਦੇਣ ਨਾਲ ਇਸ ਦਾ ਵਹਾਓ ਹੁੰਦਾ ਹੈ। ਇਸ ਨਾਵਲ ਵਿੱਚ ਆਰਤੀ ਨਾਮ ਦੀ ਪਾਤਰ ਦਾ ਅਸਤਿਤਵੀ ਸੰਕਟ ਵੀ ਵਿਅਕਤੀਗਤ ਤੌਰ ਤੇ ਉਸ ਨੂੰ ਪ੍ਰਭਾਵਿਤ ਕਰਦਾ ਹੈ। ਜਿਵੇਂ:

> ਦੋ ਹਫ਼ਤਿਆਂ ਬਾਅਦ ਜਦ ਉਹ ਵਾਪਸ ਆਇਆ ਤਾਂ ਸਭ ਤੋਂ ਪਹਿਲਾਂ ਉਹ ਨੂੰ ਕੈਲਾਸ਼ ਮਿਲਿਆ ਸੀ।
> ਫਿਰ ਕੀ ਖ਼ਬਰ ਐ? ਹਰਦਿਆਲ ਨੇ ਹੱਸਦਿਆਂ ਪੁੱਛਿਆ ਸੀ।
> ਤੈਨੂੰ ਪਤੈ ਉਹ ਜੇਹੜੀ ਕੈਮਿਸਟਰੀ ਵਾਲੀ ਜੋੜੀ ਆ?
> ਆਹੋ, ਮੁੰਡੇ ਦਾ ਨਾਂ ਰਾਕੇਸ਼ ਆ ਤੇ ਕੁੜੀ ਦਾ ਆਰਤੀ ਆ
> ਉਹ ਕੁੜੀ ਨੇ ਸੁਈਸਾਈਡ ਕਰ ਲਿਆ।
> ਆਹੋ। ਉਸੇ ਡਿਪਾਰਟਮੈਂਟ ਦਾ ਮੇਰਾ ਇਕ ਪੁਰਾਣਾ ਆੜੀ ਆ। ਉਹੀ ਦੱਸਦਾ ਸੀ ਕਿ ਕੁੜੀ ਅਰੋੜਿਆਂ ਦੀ ਸੀ ਤੇ ਮੁੰਡਾ ਚਮਾਰਾਂ ਦਾ। ਕੁੜੀ ਦੇ ਘਰ ਵਾਲੇ ਨਹੀਂ ਸੀ ਮੰਨਦੇ।ਪਿੰਡ ਗਈ ਨੇ ਦਵਾਈ ਖਾ ਲਈ[6]

ਅੱਜ ਦਾ ਸਮਾਜ ਚਾਹੇ ਵਿਗਿਆਨ ਅਤੇ ਅਗਾਂਹ ਵਧੂ ਸੋਚ ਦਾ ਧਾਰਨੀ ਕਿਉਂ ਨਾ ਹੋਵੇ ਅਸੀਂ ਆਪਣੇ ਧਰਮ, ਜਾਤ, ਅਤੇ ਉਚ ਨੀਚ ਵਰਗੇ ਫ਼ਰਕਾਂ ਨੂੰ ਨਹੀਂ ਛੱਡ ਪਾਉਂਦੇ। ਇਸ ਧਰਮ ਦੀ ਜਾਤ ਦੀ ਆੜ ਵਿਚ ਆ ਕੇ ਪਤਾ ਨਹੀਂ ਕਿੰਨੀਆਂ ਹੀ ਜਾਨਾਂ ਕਿਉਂ ਨਾ ਚਲੀਆਂ ਗਈਆਂ ਹੋਣ।ਨਾਵਲ ਵਿਚ ਦਰਸਾਏ ਗਏ ਪਾਤਰ ਰਾਕੇਸ਼ ਅਤੇ ਆਰਤੀ ਨੂੰ ਸਮਾਜ ਅਤੇ ਪਰਵਾਰ ਵੱਲੋਂ ਮਨਾਹੀ ਮਿਲਣ ਤੇ ਆਰਤੀ ਦਾ ਦਵਾਈ ਖਾ ਕੇ ਮਰ ਜਾਣਾ ਨਿਰਾਸ਼ਾ ਦਾ ਮੁੱਖ ਕਾਰਨ ਹੈ। ਨਿਰਾਸ਼ਾ ਤਣਾਓ ਅਤੇ ਅਲਗਾਉ ਪੈਦਾ ਕਰਦੀ ਹੈ। ਨਿਰਾਸ਼ਾ ਮਨੁੱਖ ਅੰਦਰ ਵਿਕਾਰ ਪੈਦਾ ਕਰਦੀ ਹੈ ਜੋ ਮਨੁੱਖ ਦੇ ਅਸਤਿਤਵ ਨੂੰ ਸੰਕਟ ਦੀ ਉਸ ਸੀਮਾ ਤੱਕ ਲੈ ਜਾਂਦੇ ਹਨ ਕਿ ਮਨੁੱਖ ਆਪਣੀ ਜ਼ਿੰਦਗੀ ਨਾਲ ਵੀ ਅਲਗਾਉ ਅਤੇ ਇਕੱਲਤਾ ਕਾਰਨ ਆਪਣੀ ਜਾਨ ਤੱਕ ਗੁਆ ਬੈਠਦਾ ਹੈ।

ਮਨੁੱਖ ਆਪਣੇ ਅੰਤਰੀਵੀ ਮਸਕੇ ਜਾਂ ਸੰਕਟ ਨੂੰ ਜਦੋਂ ਬਾਹਰੀ ਪੱਧਰ ਤੇ ਲਿਆ ਕੇ ਪਸਾਰਦਾ ਹੈ ਤਾਂ ਉਸ ਸਮੇਂ ਇਹ ਸਮਾਜ ਅੰਦਰ ਵੈਰ ਵਿਰੋਧ ਦੀ ਸਥਿਤੀ ਉਤਪੰਨ ਕਰਦਾ ਹੈ। ਉਸ ਦਾ ਆਪਣੇ ਅਸਤਿਤਵ ਲਈ ਪੈਦਾ ਹੋਇਆ ਸੰਕਟ ਸਮਾਜ ਅੰਦਰ ਉਥਲ-ਪੁਥਲ ਪੈਦਾ ਕਰਦਾ ਹੈ। ਅਸਤਿਤਵਵਾਦੀ ਚਿੰਤਕਾਂ ਦੇ ਵਿਚਾਰਾ ਅਨੁਸਾਰ ਮਨੁੱਖ ਆਪਣੇ ਅਸਤਿਤਵੀ ਸੰਕਟ ਨੂੰ ਸਮਾਜਿਕ ਪ੍ਰਸੰਗ ਵਿੱਚ ਘਟਨਾਵਾਂ ਦੀ ਪੈਦਾ ਵਾਰ ਦੇ ਜ਼ਰੀਏ ਕੱਢਦਾ ਹੈ। ਜਿਵੇਂ ਇਸ ਨਾਵਲ ਵਿੱਚ ਭਿੰਡਰਾਂਵਾਲੇ ਅਤੇ ਨਿਰੰਕਾਰੀਆਂ ਦਾ ਆਪਸ ਵਿੱਚ ਵਿਰੋਧ ਸਮਾਜ ਅੰਦਰ ਮਨੁੱਖ ਅਤੇ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ।

> ਭਿੰਡਰਾਂਵਾਲੇ ਦੇ ਅਕਾਲੀਆਂ ਤੇ ਨਿਰੰਕਾਰੀਆਂ ਵਿਰੁੱਧ ਬਿਆਨ ਛਪ ਰਹੇ ਸਨ ਪਰ ਹਰਦਿਆਲ ਨੇ ਇਨ੍ਹਾਂ ਵਿਚ ਦੋ ਗੁੱਟਾਂ ਵਿਚਕਾਰ ਹੋਈ ਹਿੰਸਾ ਨੂੰ ਸਿੱਖਾਂ ਤੇ ਨਿਰੰਕਾਰੀਆਂ ਵਿਚਕਾਰ ਲੜਾਈ ਦਾ ਨਾਮ ਦੇ ਦਿੱਤਾ ਸੀ। ਨਿਰੰਕਾਰੀਆਂ ਵਿਰੁੱਧ ਪ੍ਰਚਾਰ ਤੇਜ਼ ਹੋ ਗਿਆ ਸੀ। ਉਨ੍ਹਾਂ ਦੁਆਰਾ ਸਿੱਖ ਗੁਰੂਆਂ ਦੀ ਬੇਅਦਬੀ ਬਾਰੇ ਕਾਫ਼ੀ ਕੁਝ ਛਪ ਰਿਹਾ ਸੀ।ਇਕ ਢੰਗ ਨਾਲ ਪ੍ਰਕਾਸ਼ ਸਿੰਘ ਬਾਦਲ ਉੱਤੇ ਨਿਰੰਕਾਰੀ ਮੱਤ ਗੁਰਚਰਨ ਸਿੰਗ ਨੂੰ ਗ੍ਰਿਫ਼ਤਾਰ ਕਰਕੇ ਕੇਸ ਚਲਾਉਣ ਦਾ ਦਬਾਅ ਪੈ ਰਿਹਾ ਸੀ।[7]

ਅਖ਼ਬਾਰਾਂ ਵਿੱਚ ਲੱਗੀ ਬਿਆਨ ਬਾਜ਼ੀ ਮਨੁੱਖ ਨੂੰ ਇਸ ਕਦਰ ਵਧਾ ਚੜ੍ਹਾ ਕੇ ਦੱਸੀ ਜਾਂਦੀ ਹੈ ਕਿ ਕਈ ਵਾਰ ਇਹ ਇਕ ਖ਼ਤਰਨਾਕ ਰੂਪ ਲੈ ਲੈਂਦੀ ਹੈ। ਜਿਵੇਂ ਇਸ ਨਾਵਲ ਵਿੱਚ ਪੇਸ਼ ਕੀਤੇ ਇਸ ਬਿਰਤਾਂਤ ਵਿੱਚ ਦਰਸਾਇਆ ਗਿਆ ਹੈ। ਕਿ ਭਿੰਡਰਾਂਵਾਲੇ ਅਤੇ ਨਿਰੰਕਾਰੀਆਂ ਵਿਰੁੱਧ ਛਪ ਰਹੇ ਬਿਆਨਾਂ ਦੇ ਕਾਰਨ ਆਮ ਲੋਕ ਜੋ ਇਨ੍ਹਾਂ ਵਿਚੋਂ ਕਿਸੇ ਵੀ ਧਰਮ ਨਾਲ ਜੁੜੇ ਹੋਏ ਸਨ। ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਇਸ ਕਦਰ ਠੇਸ ਪਹੁੰਚਦੀ ਹੈ ਕਿ ਉਹ ਆਪਣੇ ਧਰਮ ਨੂੰ ਬਚਾਉਣ ਲਈ ਆਪਣੇ ਆਪੇ ਤੱਕ ਖੋਹ ਬੈਠਦੇ ਹਨ। ਧਰਮ ਦੀ ਰਾਜਨੀਤੀ ਖੇਡਣ ਵਾਲੇ ਰਾਜਨੀਤਕ ਦਲ ਧਰਮ ਦੇ ਨਾਮ ਤੇ ਪੈਰ ਪੈਰ 'ਤੇ ਲੋਕਾਂ ਦੇ ਅਸਤਿਤਵ ਨੂੰ ਸੰਕਟ ਵਿੱਚ ਪਾਉਂਦੇ ਹਨ। ਇਸ ਅਸਤਿਤਵੀ ਸੰਕਟ ਦਾ ਫ਼ਾਇਦਾ ਰਾਜਨੀਤੀ ਕਰਨ ਵਾਲੇ ਅਤੇ ਸਮਾਜ ਵਿਕਾਰਾਂ ਨੂੰ ਪੈਦਾ ਕਰਨ ਵਾਲੇ ਮਨੁੱਖਾਂ ਵੱਲੋਂ ਚੁੱਕਿਆ ਜਾਂਦਾ ਹੈ।

ਵਿਅਕਤੀਗਤ ਪਹਿਚਾਣ ਨੂੰ ਬਣਾਈ ਰੱਖਣ ਲਈ ਮਨੁੱਖ ਨੂੰ ਬਹੁਤੀ ਵਾਰ ਉਨ੍ਹਾਂ ਸੰਦਾਂ ਦਾ ਸਹਾਰਾ ਲੈਣਾ ਪੈਦਾ ਹੈ ਜਿਨ੍ਹਾਂ ਨਾਲ ਉਨ੍ਹਾਂ ਦਾ ਸਮਾਜ ਵਿੱਚ ਦਰਜਾ ਹੋਰ ਵੀ ਨਿਘਾਰ ਵਿੱਚ ਚਲਾ ਜਾਂਦਾ ਹੈ। ਪਰ ਇਸ ਨਿਘਾਰ ਦੇ ਉਪਰੰਤ ਵੀ ਉਹ ਵਿਅਕਤੀ ਆਪਣੀ ਉਸ ਪਛਾਣ ਨੂੰ ਉਜਾਗਰ ਕਰਨ ਲਈ ਸੰਘਰਸ਼ ਜਾਰੀ ਰੱਖਦਾ ਹੈ। ਇਸ ਨਾਵਲ ਵਿੱਚ ਪੇਸ਼ ਕੀਤੇ ਭਿੰਡਰਾਂਵਾਲੇ ਦੇ ਸਮਰਥਕਾਂ ਦੀ ਸੰਘਰਸ਼ ਦੀ ਸਥਿਤੀ ਨੂੰ ਨਾਵਲ ਕਾਰ ਨੇ ਇੱਕ ਅਜਿਹੇ ਸੰਘਰਸ਼ ਵਿੱਚ ਪੇਸ਼ ਕੀਤਾ ਹੈ। ਜਿਸ ਦਾ ਸਮਾਜ ਲਈ ਇੱਕ ਮਾਰੂ ਨਤੀਜਾ ਨਿਕਲਦਾ ਹੈ। ਇਸ ਨਾਵਲ ਵਿੱਚ ਪੇਸ਼ ਕੀਤੀ ਭਿੰਡਰਾਂਵਾਲੇ ਦੇ ਸਮਰਥਕਾਂ ਵੱਲੋਂ ਜਹਾਜ਼ ਹਾਇਜੈਕ ਕਰਨ ਦੀ ਘਟਨਾ ਨੂੰ ਬਿਆਨ ਕੀਤਾ ਹੈ। ਇਸ ਘਟਨਾ ਵਿੱਚ ਭਿੰਡਰਾਂਵਾਲੇ ਦੇ ਸਮਰਥਕਾਂ ਦਾ ਅਸਤਿਤਵੀ ਸੰਕਟ ਉਨ੍ਹਾਂ ਵਿੱਚ ਵਿਸੰਗਤੀਆਂ ਪੈਦਾ ਕਰਦਾ ਹੈ ਜਿਸ ਕਾਰਨ ਉਹ ਸਮਾਜ ਨੂੰ ਪ੍ਰਭਾਵਿਤ ਕਰਨ ਲਈ ਸਮਾਜ ਅਤੇ ਵਿਅਕਤੀਆਂ ਦੇ ਅਸਤਿਤਵ ਨੂੰ ਵੀ ਸੰਕਟ ਵਿੱਚ ਪਾਉਂਦੇ ਹਨ। ਉਨ੍ਹਾਂ ਦੇ ਸੰਘਰਸ਼ ਦਾ ਗ਼ਲਤ ਤਰੀਕਾ ਉਨ੍ਹਾਂ ਦੇ ਅਸਤਿਤਵ ਨੂੰ ਨਿਘਾਰ ਵਿੱਚ ਲੈ ਜਾਂਦਾ ਹੈ ਜਿਸ ਨਾਲ ਉਨ੍ਹਾਂ ਦਾ ਅਸਤਿਤਵ ਹੋਰ ਸੰਕਟ ਵਿੱਚ ਚਲਾ ਜਾਂਦਾ ਹੈ। ਜਿਵੇਂ ਡਾ.ਪਰਮਜੀਤ ਸਿੰਘ ਜੱਜ ਨੇ ਇਸ ਘਟਨਾ ਨੂੰ ਨਾਵਲ ਵਿੱਚ ਅਸਤਿਤਵੀ ਸੰਕਟ ਅੰਦਰ ਰੱਖ ਕੇ ਪੇਸ਼ ਕੀਤਾ ਹੈ:-

ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਨੂੰ ਅਜੇ ਦਸ ਦਿਨ ਵੀ ਨਹੀਂ ਹੋਏ ਸਨ ਕਿ ਕੁਝ ਸਿੱਖ ਨੌਜਵਾਨਾਂ ਨੇ ਸ੍ਰੀਨਗਰ ਤੋਂ ਇੰਡੀਅਨ ਏਅਰਲਾਈਨਜ਼ ਦਾ ਦਿੱਲੀ ਆ ਰਿਹਾ ਜਹਾਜ਼ ਹਾਈਜੈਕ ਕਰ ਲਿਆ ਤੇ ਉਹਨੂੰ ਲਾਹੌਰ ਲੈ ਗਏ। ਅਗਵਾ ਕਰਕੇ ਲੈ ਜਾਣ ਵਾਲਾਂ ਦੀ ਇਕ ਮੰਗ ਸੀ ਕਿ ਭਿੰਡਰਾਂਵਾਲੇ ਨੂੰ ਜੇਲ੍ਹ ਤੋਂ ਰਿਹਾ ਕੀਤਾ ਜਾਵੇ। [8]

ਭਿੰਡਰਾਂਵਾਲੇ ਦੇ ਸਮਰਥਕਾਂ ਨੂੰ ਇਸ ਪੈਦਾ ਕੀਤੀ ਜਾ ਰਹੀ ਸਥਿਤੀ ਬਾਰੇ ਗਿਆਨ ਹੈ ਕੇ ਇਸ ਦੇ ਮਾੜੇ ਨਤੀਜੇ ਆਉਣਗੇ ਪਰ ਫੇਰ ਵੀ ਉਹ ਆਪਣੇ ਅਸਤਿਤਵ ਨੂੰ ਸਾਬਤ ਕਰਨ ਲਈ ਆਪਣੀ ਪਛਾਣ ਦੀ ਝੰਡੀ ਬਣਾਈ ਰੱਖਣ ਲਈ ਸਮਾਜ ਨੂੰ ਹੀ ਗ਼ਲਤ ਤਰੀਕੇ ਨਾਲ ਵਰਤ ਰਹੇ ਹਨ। ਇਸ ਸੰਘਰਸ਼ ਦੀ ਵਜਾ ਉਨ੍ਹਾਂ ਦੇ ਧਰਮ ਦੀ ਬੇਅਦਬੀ ਹੈ। ਜਿਸ ਕਾਰਨ ਮਨੁੱਖ ਦਾ ਅੰਦਰੀਵੀ ਵਿਅਕਤੀਤਵ ਪ੍ਰਭਾਵਿਤ ਹੁੰਦਾ ਹੈ ਅਤੇ ਇਹ ਅੰਦਰੀਵੀ ਵਿਅਕਤੀਤਵ ਉਸ ਨੂੰ ਅਜਿਹੇ ਕਦਮ ਚੁੱਕਣ ਲਈ ਉਤੇਜਿਤ ਕਰਦਾ ਹੈ। ਇਨ੍ਹਾਂ ਕਾਰਨ ਲਈ ਉਸ ਦੀ ਬੁੱਧੀ ਵੀ ਉਸ ਦਾ ਸਾਥ ਨਹੀਂ ਦਿੰਦੀ ਜਿਸ ਕਾਰਨ ਚੰਗੇ ਮਾੜੇ ਕੰਮਾਂ ਦਾ ਉਸ ਮਨੁੱਖ ਨੂੰ ਗਿਆਨ ਵੀ ਨਹੀਂ ਰਹਿੰਦਾ। "ਮਾਰਸ਼ਲ" ਦੇ ਅਨੁਸਾਰ ਬੰਦੇ ਜਦੋਂ ਕਿਸੇ ਖ਼ਾਸ ਵਿਰੋਧੀ ਭਾਵਨਾ ਅਤੇ ਧਰਮ ਵਿਰੋਧੀ ਕਾਰਜ ਦੇ ਚੱਲ ਦਿਆਂ ਮਨੁੱਖ ਦੇ ਅਸਤਿਤਵ ਤੇ ਸਿੱਧੀ ਉਂਗਲੀ ਉੱਠਦੀ ਹੈ ਫਿਰ ਇਹ ਵੈਰ ਵਿਰੋਧ ਦੀ ਲੜਾਈ ਵੀ ਤੇਜ਼ ਹੋ ਜਾਂਦੀ ਹੈ। ਇਹ ਵਿਅਕਤੀਗਤ ਵਿਰੋਧ ਉਸ ਸਮੇਂ ਸਮਾਜ ਅੰਦਰ ਦੰਗਿਆਂ ਦੇ ਹਾਲਾਤ ਪੈਦਾ ਕਰਦਾ ਹੈ। ਇਨ੍ਹਾਂ ਦੰਗਿਆਂ ਵਿੱਚ ਫਿਰ ਹਰ ਵਿਅਕਤੀ ਦਾ ਸੰਘਰਸ਼ ਆਪਣੇ ਅਸਤਿਤਵ ਲਈ ਤੇਜ਼ ਹੋ ਜਾਂਦਾ ਹੈ। ਕਿਉਂਕਿ ਮਨੁੱਖ ਆਪਣੇ ਅਸਤਿਤਵ ਨੂੰ ਬਣਾਈ ਰੱਖਣ ਲਈ ਯੁੱਗ ਮਾਰੂ ਰਣਨੀਤੀਆਂ ਦਾ ਆਰੰਭ ਕਰਦਾ ਹੈ।

ਜਦੋਂ ਵੀ ਸਮਾਜ ਅੰਦਰ ਕੋਈ ਵੀ ਘਟਨਾ ਵਾਪਰਦੀ ਹੈ ਤਾਂ ਉਸ ਘਟਨਾ ਨਾਲ ਜੁੜਿਆ ਹਰ ਇੱਕ ਵਿਅਕਤੀ ਚਾਹੇ ਉਹ ਸਿੱਧੇ ਤੌਰ ਤੇ ਹੋਵੇ ਜਾਂ ਅਸਿੱਧੇ ਤੌਰ ਤੇ ਇਸ ਨਾਲ ਉਨ੍ਹਾਂ ਸਾਰਿਆ ਦਾ ਅਸਤਿਤਵ ਸੰਕਟ ਵਿੱਚ ਆਉਂਦਾ ਹੈ। ਇਸ ਨਾਵਲ ਵਿੱਚ ਨਿਰੰਕਾਰੀ ਮੱਤ ਦੇ ਮੁਖੀ ਦੇ ਕਤਲ ਪਿੱਛੋਂ ਭਿੰਡਰਾਂਵਾਲੇ ਖ਼ਿਲਾਫ਼ ਉਂਗਲ ਉੱਠਣਾ ਲਾਜ਼ਮੀ ਸੀ। ਕਿਉਂਕਿ ਨਿਰੰਕਾਰੀਆਂ ਵਿਰੁੱਧ ਭਾਸ਼ਣ ਦੇ ਕੇ ਉਨ੍ਹਾਂ ਨੂੰ ਆਪਣੇ ਵਿਰੋਧ ਵਿੱਚ ਕਰਨ ਦਾ ਕੰਮ ਇਨ੍ਹਾਂ ਵੱਲੋਂ ਹੀ ਕੀਤਾ ਜਾ ਰਿਹਾ ਸੀ। ਇਕ ਧਰਮ ਦੀ ਦੂਜੇ ਧਰਮ ਨਾਲ ਕੀਤੀ ਜਾ ਰਹੀ ਵਿਰੋਧੀ ਭਾਵਨਾ ਨੂੰ ਸਮਾਜਿਕ ਪੱਧਰ ਤੇ ਆਉਂਦਿਆਂ ਦੇਰ ਨਹੀਂ ਲੱਗਦੀ ਕਿਉਂਕਿ ਇਸ ਨਾਲ ਸਮਾਜ ਅੰਦਰ ਉਨ੍ਹਾਂ ਧਰਮਾਂ ਨਾਲ ਜੁੜੇ ਸਮਰਥਕਾਂ ਦੀਆਂ ਭਾਵਨਾਵਾਂ ਨੂੰ ਵੀ ਓਨੀ ਹੀ ਠੇਸ ਪਹੁੰਚ ਰਹੀ ਸੀ ਅਸਤਿਤਵੀ ਚਿੰਤਕਾਂ ਅਨੁਸਾਰ ਜਦੋਂ ਇਕ ਘਟਨਾ ਜੋ ਵਿਅਕਤੀਗਤ ਪੱਧਰ ਤੇ ਨਾ ਹੋ ਕੇ ਸਮਾਜਕ ਪੱਧਰ ਤੇ ਹੋਵੇ ਉਸ ਸੰਦਰਭ ਵਿੱਚ ਅਸਤਿਤਵੀ ਸੰਕਟ ਸਮਾਜ ਨੂੰ ਅਤੇ ਸਮਾਜਿਕ ਘਟਨਾਵਾਂ ਨੂੰ ਕੀਤੇ ਬਿਨਾਂ ਨਹੀਂ ਨਿਕਲ ਸਕਦਾ। ਇਸ ਨਾਵਲ ਵਿੱਚ ਨਿਰੰਕਾਰੀ ਮੱਤ ਦੇ ਮੁਖੀ ਦਾ ਕਤਲ ਹੋ ਜਾਣਾ ਅਤੇ ਭਿੰਡਰਾਂਵਾਲੇ ਦਾ ਜ਼ਿੰਮੇਵਾਰ ਹੋਣਾ ਇਸ ਅਸਤਿਤਵੀ ਸੰਕਟ ਦੀ ਉਦਾਹਰਨ ਹੈ ਜਿਸ ਨਾਲ ਸਮਾਜ ਵੀ ਪ੍ਰਭਾਵਿਤ ਹੋ ਰਿਹਾ ਹੈ। ਜਿਵੇਂ:-

ਇੰਦਰਾ ਗਾਂਧੀ ਚੋਣਾਂ ਜਿੱਤ ਗਈ ਸੀ। ਲੋਕ ਸਭਾ 'ਚ ਬਹੁ-ਗਿਣਤੀ ਕਰਕੇ ਉਹ ਪ੍ਰਧਾਨ ਮੰਤਰੀ ਬਣ ਗਈ ਸੀ। ਇਹ ਸਾਰਾ ਕੁੱਝ ਹੋ ਰਿਹਾ ਸੀ ਕਿ ਦਿੱਲੀ ਵਿਚ ਨਿਰੰਕਾਰੀ ਮੱਤ ਦੇ ਮੁਖੀ ਦਾ ਕਾਲ ਕਰ ਦਿੱਤਾ ਗਿਆ ਜਿਸ ਦੀ ਸਿੱਧੀ ਉਂਗਲੀ ਜਰਨੈਲ ਸਿੰਗ ਭਿੰਡਰਾਂਵਾਲੇ ਤੇ ਉੱਠਦੀ ਸੀ। ਉਸ ਦੀ ਵਾਕਿਫ਼ਕਾਰੀ ਵਿਚੋਂ ਸਿੱਖ ਪਿਛੋਕੜ ਵਾਲੇ ਕਾਫ਼ੀ ਮੁੰਡੇ ਖ਼ੁਸ਼ ਨਜ਼ਰ ਆ ਰਹੇ ਸਨ।[9]

ਹਰ ਜਗ੍ਹਾ ਹਰ ਇਨਸਾਨ ਲਈ ਨਵੀਂ ਹੁੰਦੀ ਹੈ। ਉਸ ਥਾਂ ਉੱਤੇ ਆਪਣੀ ਪਛਾਣ ਬਣਾਉਣੀ ਇੱਕ ਸੰਘਰਸ਼ ਤੋਂ ਘੱਟ ਨਹੀਂ ਹੈ। ਪਰ ਬਹੁਤੀ ਵਾਰ ਮਨੁੱਖ ਆਪਣੇ ਅਸਤਿਤਵੀ ਦੀ ਪਛਾਣ ਬਣਾਉਣ ਵਿੱਚ ਆਪਣੇ ਆਪ ਨੂੰ ਅਸਮਰਥ ਸਮਝਦਾ ਹੈ। ਇਹੋ ਜਿਹੀ ਸਥਿਤੀ ਮਨੁੱਖ ਨੂੰ ਉਸ ਦੇ ਅਸਤਿਤਵ ਨੂੰ ਬਣਾਈ ਰੱਖਣ ਲਈ ਮਜ਼ਬੂਤ ਕਰਦੀ ਹੈ ਪਰ ਕਈ ਵਾਰ ਮਨੁੱਖ ਇਨ੍ਹਾਂ ਸਥਿਤੀਆਂ ਵਿੱਚ ਆਪਣੇ ਆਪ ਨੂੰ ਫਸਿਆ ਮਹਿਸੂਸ ਕਰਦਾ ਹੈ। ਜੋ ਮਨੁੱਖੀ ਅਸਤਿਤਵੀ ਸੰਘਰਸ਼ ਦਾ ਇਕ ਰਸਤਾ ਬਣਦਾ ਹੈ। ਅਜਿਹੀ ਸਥਿਤੀ ਬਾਰੇ ਅਸਤਿਤਵਵਾਦੀ ਚਿੰਤਕ "ਪਾੱਲ ਟਿੱਲਿਕ" ਦਾ ਵਿਚਾਰ ਹੈ ਕਿ ਅਸਤਿਤਵਵਾਦੀ ਮਨੁੱਖੀ ਸਥਿਤੀ ਤੇ ਧਿਆਨ ਇਕਾਗਰ ਕਰਦੇ ਹਨ। ਅਸਤਿਤਵਵਾਦੀ ਬਾਹਰਮੁਖੀ ਦ੍ਰਿਸ਼ਟੀ ਦੀ ਥਾਂ ਅੰਤਰਮੁਖੀ ਦ੍ਰਿਸ਼ਟੀ ਅਨੁਸਾਰ ਕਾਰਜਸ਼ੀਲ ਹੁੰਦਾ ਹੈ। ਅਸਤਿਤਵਵਾਦੀ ਸੁਰੱਖਿਆ/ਅਸੁਰੱਖਿਆ ਦੀ ਚਿੰਤਾ ਦਾ ਵਿਸ਼ਾ ਹੈ ਜਿਸ ਦਾ ਸਬੰਧ ਬੰਦੇ ਦੀ ਹੋਂਦ ਨਾਲ ਸਬੰਧ ਰੱਖਦਾ ਹੈ।

> ਉਹ ਮੀਜ਼ੋ ਲੋਕਾਂ ਵਿਚ ਇਕੱਲਾ ਪੰਜਾਬੀ ਸੀ। ਸਭ ਤੋਂ ਜ਼ਿਆਦਾ ਗਿਣਤੀ ਬੰਗਾਲੀਆਂ ਦੀ ਸੀ। ਅਸਾਮੀ ਤੇ ਉੜੀਆ ਵੀ ਸਨ। ਕਾਲਜ ਦਾ ਖੇਤਰ ਵੱਡਾ ਸੀ। ਪਰ ਸਾਰੇ ਅਧਿਆਪਕ ਇਕ ਵੱਡੇ ਕਮਰੇ ਵਿਚ ਹੀ ਬੈਠਦੇ ਸਨ।ਇਸ ਤੋਂ ਇਲਾਵਾ ਉੱਥੇ ਯੂਨੀਵਰਸਿਟੀ ਵਾਲਾ ਕੋਈ ਮਾਹੌਲ ਨਹੀਂ ਸੀ। ਕੁੱਝ ਹੀ ਦਿਨਾਂ ਵਿਚ ਹਰਦਿਆਲ ਆਪਣੇ ਆਪ ਨੂੰ ਫਸਿਆ ਮਹਿਸੂਸ ਕਰਨ ਲੱਗ ਪਿਆ ਸੀ। [10]

ਇਸ ਨਾਵਲ ਦਾ ਪਾਤਰ ਹਰਦਿਆਲ ਜਦੋਂ ਮਿਜ਼ੋਰਮ ਵਿੱਚ ਆਪਣੀ ਨੌਕਰੀ ਕਰ ਰਿਹਾ ਹੈ ਤਾਂ ਉਸ ਨੂੰ ਉੱਥੇ ਆਪਣੇ ਨਾਲ ਦੇ ਸਾਰੇ ਅਧਿਆਪਕ ਸਾਥੀਆ ਵਿੱਚ ਜਿਨ੍ਹਾਂ ਵਿੱਚ ਉਹ ਇਕੱਲਾ ਹੈ। ਉਸ ਨੂੰ ਆਪਣੀ ਇੱਕ ਥਾਂ ਬਣਾਉਣ ਲਈ ਸੰਘਰਸ਼ ਕਰਨਾ ਪੈਂਦਾ ਹੈ ਕਿਉਂਕਿ ਇੱਕ ਸਿੱਖ ਅਤੇ ਪੰਜਾਬੀ ਹੋਣ ਨਾਤੇ ਉਸ ਨੂੰ ਵੀ ਇੰਦਰਾ ਗਾਂਧੀ ਦੇ ਨਾਲ ਵੈਰ-ਵਿਰੋਧ ਰੱਖਣ ਵਾਲਿਆਂ ਵਿਚੋਂ ਸਮਝਿਆ ਜਾਂਦਾ ਹੈ। ਸਾਰੇ ਅਧਿਆਪਕਾ ਦਾ ਵਰਤਾਓ ਉਸ ਨਾਲ ਰੁਖੇਵੇ ਵਾਲਾ ਹੈ ਜਿਸ ਕਾਰਨ ਆਪਣੇ ਨਾਲ ਦੇ ਉਸ ਵਿਅਕਤੀਆਂ ਵਿੱਚ ਆਪਣੀ ਅਹਿਮ ਥਾਂ ਬਣਾ ਕੇ ਰੱਖਣਾ ਅਤੇ ਉਹ ਵੀ ਇੱਕੋ ਛੱਤ ਹੇਠ ਉਸ ਲਈ ਬਹੁਤ ਔਖਾ ਸੀ ਜਿਸ ਕਾਰਨ ਉਸ ਥਾਂ ਹਰਦਿਆਲ ਆਪਣੇ ਆਪ ਨੂੰ ਫਸਿਆ ਮਹਿਸੂਸ ਕਰਦਾ ਹੈ ਤੇ ਆਪਣੇ ਥੀਸਿਸ ਨੂੰ ਪੂਰਾ ਕਰਨ ਉਪਰੰਤ ਕੁੱਝ ਹੀ ਸਮੇਂ ਵਿੱਚ ਉਹ ਥਾਂ ਛੱਡਣਾ ਚਾਹੁੰਦਾ ਹੈ। "ਫਰੈਡਿਕ ਇਕ ਵਿਅਕਤੀ ਨੂੰ ਉਸ ਦੀ ਇਕ ਅਜਿਹੀ ਪਛਾਣ ਵਜੋਂ ਦੇਖਣਾ ਜਿਸ ਤੋਂ ਉਸ ਦਾ ਵਾਸਤਾ ਤਾਂ ਹੈ ਪਰ ਉਸ ਰੂਪ ਵਿੱਚ ਨਹੀਂ ਹੈ ਜਿਸ ਵਿੱਚ ਸਮਾਜ ਅੰਦਰ ਕੁੱਝ ਖ਼ਾਸ ਹਾਲਾਤਾਂ ਵਿਚ ਵਿਅਕਤੀਆਂ ਵੱਲੋਂ ਮੰਨ ਲਿਆ ਜਾਂਦਾ ਹੈ। ਇਹ ਸਥਿਤੀ ਮਨੁੱਖ ਲਈ ਉਸ ਦੇ ਵਿਅਕਤੀਤਵ ਦੀ ਪਹਿਚਾਣ ਲਈ ਇਕ ਸੰਘਰਸ਼ ਦਾ ਰੂਪ ਧਾਰਨ ਕਰਦੀ ਹੈ। ਅਜਿਹੇ ਹਾਲਾਤ ਹੀ ਇਸ ਨਾਵਲ ਵਿੱਚ ਪੇਸ਼ ਹਰਦਿਆਲ ਨਾਮੀ ਪਾਤਰ ਦੇ ਵੀ ਹੁੰਦੇ ਹਨ ਜਿਸ ਨੂੰ ਹਰ ਥਾਂ ਆਪਣੀ ਅਸਲ ਪਛਾਣ ਲਈ ਸੰਘਰਸ਼ ਕਰਨਾ ਪੈਂਦਾ ਹੈ।ਹਰਦਿਆਲ ਦਾ ਮਿਜ਼ੋਰਮ ਵਿੱਚ ਨੌਕਰੀ ਕਰਦਿਆਂ ਅਜਿਹੀ ਘਟਨਾਵਾਂ ਨਾਲ ਸਿਰ-ਮੁੱਖ ਹੋਣ ਇਸ ਗੱਲ ਦਾ ਸਬੂਤ ਸੀ ਕਿ ਉਹ ਆਪਣੇ ਅਸਤਿਤਵ ਦੇ ਸੰਕਟ ਨੂੰ ਆਪਣੇ ਅੰਦਰ ਹੀ ਅੰਦਰ ਰੱਖ ਕੇ ਸੰਘਰਸ਼ ਕਰ ਰਿਹਾ ਸੀ ਕਿਉਂਕਿ ਉਸ ਥਾਂ ਤੇ ਉਸ ਦੇ ਵਿਰੋਧ ਵਿੱਚ ਬਹੁਤ ਲੋਕ ਸਨ ਜਿਨ੍ਹਾਂ ਨਾਲ ਉਹ ਆਪਣੇ ਬਾਰੇ ਗੱਲ ਘੱਟ ਹੀ ਕਰਦਾ ਸੀ।

ਅਕਸਰ ਮਨੁੱਖ ਦੇ ਅਸਤਿਤਵ ਨੂੰ ਸਮਾਜ ਅਤੇ ਵਿਅਕਤੀਆਂ ਵੱਲੋਂ ਅਜਿਹੀ ਰੂਪ-ਰੇਖਾ ਵਜੋਂ ਸਮਝਣ ਦਾ ਜਤਨ ਕਿੱਤਾ ਜਾਂਦਾ ਹੈ ਜੋ ਉਸ ਮਨੁੱਖ ਦੇ ਅਸਤਿਤਵ ਤੇ ਸਵਾਲ ਚੁੱਕਦਾ ਹੈ। ਉਸ ਦਾ ਅਸਤਿਤਵ ਇਸ ਸੰਦਰਭ ਵਿੱਚ ਸੰਕਟ ਦੇ ਘੇਰੇ ਵਿੱਚ ਵਿਚਰਦਾ ਪ੍ਰਤੀਤ ਹੁੰਦਾ ਹੈ। ਅਜਿਹੀ ਸਥਿਤੀ ਮਨੁੱਖ ਨੂੰ ਬਹੁਤੇ ਕਸ਼ਟ ਦਿੰਦੀ ਹੈ। ਇਨ੍ਹਾਂ ਕਸ਼ਟਾਂ ਦੇ ਅਧਾਰ ਤੇ ਮਨੁੱਖ ਆਪਣੇ ਆਪੇ ਤੋਂ ਕਈ ਵਾਰ ਬਾਹਰ ਹੋ ਜਾਂਦਾ ਹੈ ਜਾਂ ਉਸ ਨੂੰ ਮਨ ਦੇ ਅੰਦਰ ਰੱਖ ਕੇ ਮਾਨਸਿਕ ਪੀੜਾ ਨਾਲ ਗੁਜ਼ਰਦਾ ਹੈ ਇਸ ਤਰ੍ਹਾਂ ਦੇ ਹਾਲਾਤ ਇਸ ਨਾਵਲ ਵਿੱਚ ਉਸ ਸਮੇਂ ਪੈਦਾ ਹੁੰਦੇ ਹਨ ਜਦੋਂ ਹਰਦਿਆਲ ਤੋਂ ਸਾਰੇ ਹੀ ਹਰਿਮੰਦਰ ਸਾਹਿਬ ਦੇ ਹਮਲੇ ਦਾ ਹਾਲ ਪੁੱਛਦੇ ਹਨ। ਜਿਵੇਂ:-

> ਅਗਲੇ ਦਿਨ ਜਦੋਂ ਉਹ ਕਾਲਜ ਪਹੁੰਚਿਆ ਤਾਂ ਕਈ ਸਾਰੇ ਟੀਚਰਜ਼ ਨੇ ਉਹ ਨੂੰ ਘੇਰ ਲਿਆ ਸੀ।ਪਹਿਲਾਂ ਵਾਂਗ ਹੀ ਉਹ ਨੇ ਆਪਣੀ ਅਗਿਆਨਤਾ ਹੀ ਪ੍ਰਗਟ ਕੀਤੀ ਸੀ ।ਜਦੋਂ ਸ਼ਰਮੇ ਨੇ ਉਹਨੂੰ ਹਮਲੇ ਦੇ ਅਸਰ ਬਾਰੇ ਪੁੱਛਿਆ ਤਾਂ ਉਹ ਸਪਸ਼ਟ ਸੀ, "ਇਸ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜੀ ਹੈ।
>
> ਉਸ ਦਾ ਸਾਰਾ ਦਿਨ ਹਰਿਮੰਦਰ ਸਾਹਿਬ ਦੇ ਹਮਲੇ ਨੂੰ ਲੈ ਕੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦਾ ਹੀ ਲੰਘ ਗਿਆ ਸੀ।ਇਸ ਸਿਲਸਿਲੇ ਵਿਚ ਜਿਹੜੀ ਗੱਲ ਉਸ ਨੂੰ ਸਭ ਤੋਂ ਜ਼ਿਆਦਾ ਚੁਭ ਰਹੀ ਸੀ ਉਹ ਇਹ ਸੀ ਕਿ ਸਾਰੇ ਉਸ ਨੂੰ ਸਿੱਖ ਸਮਝ ਕੇ ਗੱਲ ਕਰ ਰਹੇ ਸਨ।[11]

ਹਰਦਿਆਲ ਦਾ ਹਰ ਇੱਕ ਥਾਂ ਉੱਤੇ ਸਿੱਖ ਸ਼ਖ਼ਸੀਅਤ ਵਜੋਂ ਪਛਾਣ ਵਿੱਚ ਆਉਣਾ ਉਸ ਦੇ ਅਸਤਿਤਵ ਲਈ ਖ਼ਤਰਾ ਪੈਦਾ ਕਰਦਾ ਹੈ ਕਿਉਂਕਿ ਸਮਾਜ ਅੰਦਰ ਜੋ ਵੀ ਵਿਅਕਤੀ ਉਸ ਦੇ ਸੰਪਰਕ ਵਿੱਚ ਆਉਂਦਾ ਹੈ ਉਹ ਉਸ ਨੂੰ ਇੱਕ ਘਾਤਕ ਵਿਅਕਤੀ ਵਜੋਂ ਪਰਖ ਕਰਦਾ ਹੈ ਜਿਸ ਨਾਲ ਹਰ ਸਮੇਂ ਹਰਦਿਆਲ ਦੇ ਮਨ ਨੂੰ ਸੱਟ ਵੱਜਦੀ ਹੈ ਉਹ ਆਪਣੇ ਅਸਤਿਤਵ ਨੂੰ ਆਪਣੀ ਪਛਾਣ ਨੂੰ ਬਣਾਉਣ ਲਈ ਸੰਘਰਸ਼ ਕਰਦਾ ਹੈ। ਇਸ ਸੰਘਰਸ਼ ਨਾਲ ਹਰਦਿਆਲ ਨੂੰ ਆਪਣੀ ਅਸਲ ਪਛਾਣ ਨੂੰ ਸਾਬਤ ਕਰਨ ਲਈ ਪ੍ਰਮਾਣ ਦੇਣ ਵਜੋਂ ਸਿਵਾਏ ਚੁੱਪ ਰਹਿਣ ਦੇ ਹੋਰ ਕੁੱਝ ਨਹੀਂ ਬਚਦਾ। ਉਸ ਦਾ ਅਸਤਿਤਵ ਸੰਕਟ ਵਿੱਚ ਜਾ ਰਿਹਾ ਹੁੰਦਾ ਹੈ ਜਿਸ 'ਚੋ ਬਾਹਰ ਨਿਕਲਣ ਲਈ ਉਹ ਮਾਨਸਿਕ ਤੌਰ ਤੇ ਪਰੇਸ਼ਾਨ ਹੁੰਦਾ ਹੈ। ਉਸ ਦੇ ਇਸ ਪਰੇਸ਼ਾਨੀ ਵਾਲੇ ਵਰਤਾਓ ਨਾਲ ਉਸ ਦੇ ਮਿੱਤਰ ਵੀ ਪ੍ਰਭਾਵਿਤ ਹੁੰਦੇ ਹਨ। ਇਹ ਸੰਕਟ ਉਸ ਸਮੇਂ ਵਿਅਕਤੀਗਤ ਨਾ ਹੋ ਕੇ ਸਮਾਜਿਕ ਹੋ ਜਾਂਦਾ ਹੈ।

ਜਦੋਂ ਮਨੁੱਖ ਆ ਅਸਤਿਤਵ ਸੰਕਟ ਦੇ ਘੇਰੇ ਵਿੱਚ ਆਉਂਦਾ ਹੈ ਤਾਂ ਉਹ ਇਸ ਸਥਿਤੀ ਵਿੱਚ ਭੜਕਾਊ ਸ਼ਬਦਾਵਲੀ ਅਤੇ ਗ਼ਲਤ ਉਪਚਾਰ ਕਰਦਾ ਹੈ। ਇਨ੍ਹਾਂ ਸਾਰੇ ਕਾਰਜਾਂ ਨਾਲ ਮਨੁੱਖ ਆਪਣੀ ਅੰਦਰ ਸਥਿਤੀ ਦੇ ਨਾਲ-ਨਾਲ ਬਾਹਰੀ ਤੌਰ ਤੇ ਵੀ ਉਸ ਦਾ ਪ੍ਰਗਟਾਵਾ ਕਰਦਾ ਹੈ। ਫਿਰ ਮਨੁੱਖ ਆਪਣੀ ਉਸ ਅਵਚੇਤਨ ਨੂੰ ਵੱਧ ਉਜਾਗਰ ਕਰਦਾ ਹੈ। ਉਸ ਦੇ ਇਸ ਵਰਤਾਓ ਤੋਂ ਉਸ ਦੇ ਆਲ਼ੇ ਦੁਆਲੇ ਦੀਆਂ ਵਸਤਾਂ, ਲੋਕ ਅਤੇ ਘਟਨਾਵਾਂ ਪ੍ਰਭਾਵਿਤ ਹੁੰਦੀਆਂ ਹਨ ਜਿਵੇਂ ਇਸ ਘਟਨਾ ਨੂੰ ਨਾਵਲਕਾਰ ਨੇ ਅਸਤਿਤਵੀ ਸੰਕਟ ਦੇ ਪ੍ਰਭਾਵ ਦੇ ਸੰਦਰਭ ਵਜੋਂ ਪੇਸ਼ ਕੀਤਾ ਹੈ:-

> ਹੁਣ ਆ ਗਈ ਨਾ ਗੱਲ ਬਾਹਰ।ਤੂੰ ਇੰਦਰਾ ਗਾਂਧੀ ਦੇ ਕਤਲ ਤੋਂ ਖ਼ੁਸ਼ ਏ, ਘੋਸ਼ ਬੋਲਿਆ।
>
> ਦਾਦਾ, ਇਕ ਹਿੰਦੂ ਮੌਲਿਕ ਵਾਦੀ ਵਾਂਗ ਗੱਲ ਨਾ ਕਰ," ਹਰਦਿਆਲ ਨੇ ਆਖਿਆ।

ਜੇ ਘੋਸ਼ ਹਿੰਦੂ ਮੌਲਿਕ ਵਾਦੀ ਏ ਤਾਂ ਤੂੰ ਵੀ ਸਿੱਖ ਮੌਲਿਕ ਵਾਦੀ ਏ, ਪਾਂਡੇ ਅਗਲੀ ਸੀਟ ਤੋਂ ਇੰਨੀ ਉੱਚੀ ਬੋਲਿਆ ਕਿ ਬੱਸ ਦੀਆਂ ਸਾਰੀਆਂ ਸਵਾਰੀਆਂ ਚੁੱਪ ਹੋ ਕੇ ਉੱਧਰ ਵੇਖਣ ਲੱਗ ਪਈਆਂ।

ਇਹ ਨੂੰ ਸਬਕ ਸਿਖਾਉਣਾ ਚਾਹੀਦਾ ਏ। ਆਪਣੇ ਆਪ ਨੂੰ ਬਹੁਤ ਸਮਝਦਾ ਏ, ਪ੍ਰਸਾਦ ਨੇ ਆਖਿਆ।[12]

ਇਸ ਨਾਵਲ ਵਿੱਚ ਪੇਸ਼ ਹਰਦਿਆਲ ਅਤੇ ਘੋਸ਼ ਦਾ ਆਪਸੀ ਵਿਰੋਧ ਸਿਰਫ਼ ਸਮਾਜ ਵਿੱਚ ਚੱਲ ਰਹੀਆਂ ਸਰਕਾਰਾਂ ਅਤੇ ਧਰਮ ਦੀ ਰਾਜਨੀਤੀ ਕਰਨ ਵਾਲੀਆਂ ਤਾਕਤਾਂ ਦੇ ਆਪਣਾ ਪ੍ਰਭਾਵ ਬਣਾਈ ਰੱਖਣ ਦੇ ਸੰਦਰਭ ਵਿਚੋਂ ਆਉਂਦਾ ਹੈ। ਪਰ ਇਨਸਾਨ ਇਨ੍ਹਾਂ ਤਾਕਤਾਂ ਤੋਂ ਵਾਂਝਾ ਨਹੀਂ ਰਹਿ ਸਕਦਾ ਇਨ੍ਹਾਂ ਅੰਦਰ ਹੋਣ ਵਾਲੀ ਤਬਦੀਲੀ ਜਾਂ ਘਟਨਾ ਮਨੁੱਖ ਦੇ ਅਸਤਿਤਵ ਨੂੰ ਬਦਲ ਕੇ ਰੱਖ ਦਿੰਦੀ ਹੈ। ਇਸ ਬਾਰੇ ਪ੍ਰਸਿੱਧ ਚਿੰਤਕ "ਕਾਰਲ ਜੈਸਪਰਸ" ਦੇ ਵਿਚਾਰਾ ਅਨੁਸਾਰ ਬੰਦੇ ਦਾ ਅਸਤਿਤਵ ਉਸ ਦੀ ਸੰਸਾਰ ਵਿੱਚ ਸਥਿਤੀ ਤੋਂ ਪ੍ਰਭਾਵਿਤ ਹੁੰਦਾ ਹੈ। ਇਹ ਕਿਸੇ ਨਾਲ ਵੰਡਿਆਂ ਨਹੀਂ ਜਾ ਸਕਦਾ। ਇਸ ਨੂੰ ਅੰਦਰੋਂ ਹੀ ਸਮਝਿਆ ਜਾ ਸਕਦਾ ਹੈ। ਬੇਸ਼ੱਕ ਬੰਦੇ ਦੀ ਸੰਸਾਰਿਕ ਸਥਿਤੀ ਲਗਭਗ ਨਿਸ਼ਚਿਤ ਹੁੰਦੀ ਹੈ ਪਰ ਉਸ ਦੀ ਚੇਤਨਾ ਅੱਗੇ ਕੁਝ ਬਣਨ ਲਈ ਅਨੇਕਾਂ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ। ਬੰਦੇ ਦੇ ਸਵੈ ਨੇ ਆਪਣੀ ਸਥਿਤੀ ਵਿਚ ਜਿਹੜੀ ਚੋਣ ਕੀਤੀ ਹੈ ਉਹ ਉਸ ਦੀ ਆਪਣੀ ਹੋਵੇਗੀ। ਇਹ ਚੋਣ ਹੀ ਅੱਗੇ ਵਧਦੀ ਹੈ। ਜਦੋਂ ਬੰਦੇ ਵਿਚ ਸਵੈ ਚੇਤਨਾ ਜਾਗਦੀ ਹੈ ਤਾਂ ਉਹ ਉਸ ਦੀ ਸੁਤੰਤਰਤਾ ਹੁੰਦੀ ਹੈ।ਘੋਸ਼ ਦਾ ਹਰਦਿਆਲ ਨੂੰ ਸਿੱਖ ਮੌਲਿਕ ਵਾਦੀ ਸਮਝ ਕੇ ਉਸ ਦਾ ਹਰ ਥਾਂ ਵਿਰੋਧ ਕਰਨਾ ਘੋਸ਼ ਦੇ ਅਸਤਿਤਵੀ ਸੰਕਟ ਦੀ ਇਕ ਪਾਸੜ ਤਸਵੀਰ ਪੇਸ਼ ਕਰਦਾ ਹੈ ਦੂਸਰੇ ਪਾਸੇ ਹਰਦਿਆਲ ਨੂੰ ਪੇਸ਼ ਆ ਰਹੀਆਂ ਅਸਤਿਤਵੀ ਸੰਕਟ ਦੀਆਂ ਮੁਸ਼ਕਲਾਂ ਹਰਦਿਆਲ ਦੇ ਅਸਤਿਤਵ ਨੂੰ ਪ੍ਰਭਾਵਿਤ ਕਰਨ ਦੇ ਨਾਲ ਉਸ ਪਰਸਥਿਤੀ ਵਿੱਚ ਵਿਚਰ ਰਹੀਆਂ ਸਥਿਤੀਆਂ ਨੂੰ ਵੀ ਇਸ ਸੰਕਟ ਵਿੱਚੋਂ ਲੰਘਾ ਰਹੀਆਂ ਹਨ। ਜਦੋਂ ਮਨੁੱਖ ਵਿਅਕਤੀਗਤ ਤੌਰ ਤੇ ਆਪਣੇ ਵੱਲੋਂ ਪੈਦਾ ਕੀਤੀਆਂ ਅਸਤਿਤਵੀ ਸੰਕਟ ਦੀਆਂ ਸਥਿਤੀਆਂ ਵਿਚੋਂ ਲੰਘਦਾ ਹੋਇਆ ਦੂਸਰਿਆਂ ਨੂੰ ਪ੍ਰਭਾਵਿਤ ਕਰਦਾ ਹੈ ਤਾਂ ਉਸ ਸੰਕਟ ਵਿੱਚ ਆਪਣੇ ਮੱਤ ਦਾ ਪ੍ਰਦਰਸ਼ਨ ਰੌਲਾ ਪਾ ਕੇ ਅਤੇ ਸਮਾਜ ਨੂੰ ਦਿਖਾ ਕੇ ਕਰਦਾ ਹੈ। ਇਸ ਨਾਲ ਉਸ ਦੇ ਭੋਗਣ ਯੋਗ ਬਣਿਆ ਅਸਤਿਤਵੀ ਸੰਕਟ ਉਸ ਦੇ ਨਾਲ-ਨਾਲ ਉਸ ਦੇ ਆਲੇ-ਦੁਆਲੇ ਨੂੰ ਵੀ ਸੰਕਟ ਵਿੱਚ ਪਾਉਂਦਾ ਹੈ।

ਅਸਤਿਤਵੀ ਸੰਕਟ ਦੇ ਵਿੱਚ ਵਿਚਰ ਰਿਹਾ ਮਨੁੱਖ ਜਿਸ ਸਮੇਂ ਇਸ ਵਿਚੋਂ ਨਿਕਲਣ ਲਈ ਗ਼ਲਤ ਵਿਸੰਗਤੀਆਂ ਦੇ ਸੰਪਰਕ ਵਿੱਚ ਆਉਂਦਾ ਹੈ ਤਾਂ ਉਹ ਹਰ ਤਰ੍ਹਾਂ ਨਾਲ ਆਪਣੇ ਅਸਤਿਤਵ ਨੂੰ ਬਚਾਉਣ ਲਈ ਗ਼ਲਤ ਢੰਗਾਂ ਦਾ ਪ੍ਰਯੋਗ ਕਰਦਾ ਹੈ ਜਿਵੇਂ ਇਸ ਨਾਵਲ ਵਿੱਚ ਪੇਸ਼ ਕੀਤੇ ਘੋਸ਼ ਅਤੇ ਹਰਦਿਆਲ ਦੇ ਵਾਰਤਾਲਾਪ ਦੇ ਵਿਸ਼ੇ ਨੂੰ ਪੇਸ਼ ਕੀਤਾ ਹੇ। ਘੋਸ਼ ਦਾ ਇੰਦਰਾ ਗਾਂਧੀ ਦੇ ਕਤਲ ਲਈ ਹਰ ਇੱਕ ਸਿੱਖ ਨੂੰ ਜ਼ਿੰਮੇਵਾਰ ਠਹਿਰਾਉਣਾ। ਇਸ ਨਾਵਲ ਵਿੱਚ ਇੰਦਰਾ ਗਾਂਧੀ ਦੇ ਬਾਡੀ ਗਾਰਡਜ਼ ਵੱਲੋਂ ਉਸ ਦਾ ਕਤਲ ਕਰ ਦੇਣਾ ਵੀ ਅਸਤਿਤਵੀ ਸੰਕਟ ਦੀ ਤ੍ਰਾਸਦੀ ਹੈ ਕਿਉਂਕਿ ਕੋਈ ਵੀ ਮਨੁੱਖ ਕਿਸੇ ਅਸਤਿਤਵੀ ਸੰਕਟ ਤੋਂ ਬਿਨਾਂ ਕਿਸੇ ਘਟਨਾ ਨੂੰ ਅੰਜ਼ਾਮ ਨਹੀਂ ਦੇ ਸਕਦਾ ਉਸ ਬਾਡੀ ਗਾਰਡਜ਼ ਦਾ ਅਸਤਿਤਵੀ ਸੰਕਟ ਇੱਥੇ ਬਾਹਰੀ ਪੱਖਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ ਇਸ ਸੰਕਟ ਨਾਲ ਉਸ ਬਾਡੀ ਗਾਰਡਜ਼ ਦੇ ਅਸਤਿਤਵੀ ਸੰਕਟ ਨੇ ਅੰਦਰੀਵੀ ਅਤੇ ਬਾਹਰੀ ਦੋਵਾਂ ਤਰੀਕਿਆਂ ਨਾਲ ਉਸ ਨੂੰ ਅਤੇ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ ਇਕ ਤਾਂ ਉਸ ਸੰਕਟ ਨੇ ਉਸ

ਦੇ ਜ਼ਮੀਰ ਨੂੰ ਜ਼ਖਮੀ ਕਰ ਕੇ ਇਸ ਘਟਨਾ ਨੂੰ ਇਸ ਕਾਰਜ ਨੂੰ ਕਰਨ ਲਈ ਮਜਬੂਰ ਕੀਤਾ ਦੂਸਰਾ ਉਸ ਦੇ ਅਸਤਿਤਵੀ ਸੰਕਟ ਨੂੰ ਸੰਸਾਰਿਕ ਪੱਧਰ ਤੇ ਗ਼ਲਤ ਢੰਗ ਨਾਲ ਪੇਸ਼ ਕੀਤਾ ਜਿਸ ਤੋਂ ਸਮਾਜ ਨੂੰ ਦੰਗੇ ਵਰਗੇ ਹਾਲਤਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਇਸ ਨਾਵਲ ਵਿੱਚ ਚਾਹੇ ਇੰਦਰਾ ਗਾਂਧੀ ਨੂੰ ਜਾਂ ਮਹਾਤਮਾ ਗਾਂਧੀ ਨੂੰ ਕਤਲ ਕਰਨ ਦੀ ਘਟਣਾ ਹੋਵੇ ਇਸ ਨੇ ਸਿੱਖ ਕੌਮ ਅਤੇ ਬ੍ਰਾਹਮਣ ਕੌਮ ਨੂੰ ਇਕ ਦੂਸਰੇ ਦੇ ਵਿਰੋਧ ਵਿੱਚ ਕਰ ਦਿੱਤਾ ਸੀ ਜਿਸ ਦਾ ਅਸਰ ਹਰ ਸਿੱਖ ਅਤੇ ਹਰ ਬ੍ਰਾਹਮਣ ਭੋਗ ਰਿਹਾ ਸੀ।

> ਹਰਦਿਆਲ ਲਈ ਇੰਦਰਾ ਗਾਂਧੀ ਦਾ ਸਿੱਖ ਬਾਡੀ ਗਾਰਡਜ਼ ਦੁਆਰਾ ਕਤਲ ਇਕ ਮਾੜੀ ਗੱਲ ਸੀ।ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ ਰੇਡੀਉ ਵਿਚ ਖ਼ਬਰ ਆ ਗਈ ਸੀ ਕਿ ਉਸ ਨੂੰ ਮਹਾਰਾਸ਼ਟਰ ਦੇ ਬ੍ਰਾਹਮਣ ਨੇ ਗੋਲੀ ਮਾਰੀ ਸੀ।
>
> ਘੋਸ਼ ਨਹੀਂ ਆਇਆ? ਹਰਦਿਆਲ ਨੇ ਗੁਰਿੰਦਰ ਨੂੰ ਪੁੱਛਿਆ।
>
> ਉਹ ਇੰਦਰਾ ਗਾਂਧੀ ਦੇ ਕਤਲ ਕਰਕੇ ਬਹੁਤ ਡਿਸਟਰਬ ਆ।ਅੱਜ ਉਹ ਸ਼ਾਇਦ ਹੀ ਖਾਣਾ ਖਾਏ,ਪਾਸ਼ ਬੋਲਿਆ।[13]

ਘੋਸ਼ ਹਰਦਿਆਲ ਦੇ ਨਾਲ ਮਿਜ਼ੋਰਮ ਛਿੱਲਾਂਗ ਵਿੱਚ ਨੌਕਰੀ ਕਰਦਾ ਹੈ। ਪਰ ਉਹ ਹਰਦਿਆਲ ਨੂੰ ਸਿੱਖ ਟੈਰਿਰਿਸਟ ਮੰਨਦਾ ਹੈ ਜਿਸ ਦੇ ਸਾਥੀਆਂ ਨੇ ਇੰਦਰਾ ਗਾਂਧੀ ਦਾ ਕਤਲ ਕਰਵਾਇਆ ਹੈ। ਉਸ ਲਈ ਸਾਰੇ ਸਿੱਖ ਇਕ ਬਰਾਬਰ ਹਨ ਜਿਨ੍ਹਾਂ ਨੇ ਇੰਦਰਾ ਗਾਂਧੀ ਦਾ ਕਤਲ ਕੀਤਾ ਹੈ। ਜਦੋਂ ਇੰਦਰਾ ਗਾਂਧੀ ਅਤੇ ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਮਹਾਤਮਾ ਗਾਂਧੀ ਨੂੰ ਇਕ ਬ੍ਰਾਹਮਣ ਨੇ ਗੋਲੀ ਮਾਰੀ ਹੈ ਤਾਂ ਉਸ ਆਪਣੀ ਵੀ ਬ੍ਰਾਹਮਣ ਹੋਣ ਦੀ ਪਛਾਣ ਅਤੇ ਸਿੱਖਾਂ ਵੱਲੋਂ ਇੰਦਰਾ ਗਾਂਧੀ ਦੇ ਕਤਲ ਨੂੰ ਲੈ ਕੇ ਅਲਗਾਉ ਵਰਗੀ ਸਥਿਤੀ ਉਤਪੰਨ ਕਰਦਾ ਹੈ। ਉਸ ਦਾ ਕਿਤੇ ਨਾ ਕਿਤੇ ਆਪਣੇ ਨਾਲ ਵੀ ਸੰਘਰਸ਼ ਵੱਧ ਜਾਂਦਾ ਹੈ ਜੋ ਉਸ ਲਈ ਅਸਤਿਤਵੀ ਪਛਾਣ ਬਣਾਉਣ ਲਈ ਸੰਘਰਸ਼ ਸ਼ੀਲ ਹੁੰਦਾ ਹੈ। ਅਸਤਿਤਵਵਾਦੀ ਕਵੀਆਂ ਦੇ ਅਨੁਸਾਰ ਵਿਅਕਤੀ ਆਪਣੇ ਆਪ ਨਾਲ ਹੀ ਅਲਗਾਉ ਵਾਲੀ ਸਥਿਤੀ ਵਿਚ ਰਹਿੰਦਾ ਹੈ। ਸਾਡਾ ਅੰਦਰੂਨੀ ਅਸਤਿਤਵ ਲਗਾਤਾਰ ਟਕਰਾਉਂਦੇ ਦਾਅਵਿਆਂ ਤੇ ਉਦੇਸ਼ ਹੇਠ ਤਣਾਅਪੂਰਨ ਰਹਿੰਦਾ ਹੈ। ਅਸਤਿਤਵਵਾਦੀ ਚਿੰਤਕ ਅਲਗਾਉ ਨੂੰ ਸਮਾਜਕ ਯਥਾਰਥਕ ਨਾਲ ਜੋੜਦੇ ਹਨ।

ਮਨੁੱਖ ਦਾ ਹਰ ਇੱਕ ਮਸਲਾ ਸਮਾਜ ਨਾਲ ਜੁੜਿਆ ਹੈ ਪਰ ਇਸ ਸਮਾਜ ਵਿੱਚ ਹਰ ਮਸਲਾ ਸਿਆਸਤ ਨਾਲ ਜੁੜਿਆ ਹੋਇਆ ਹੈ। ਇਹ ਮਸਲਾ ਚਾਹੇ ਸਮਾਜਿਕ ਹੋਵੇ, ਆਰਥਿਕ ਹੋਵੇ, ਸਭਿਆਚਾਰਕ ਹੋਵੇ ਬਿਨਾਂ ਰਾਜਨੀਤੀ ਦੇ ਸੰਭਵ ਨਹੀਂ ਹੈ। ਸਿਆਸਤ ਨੂੰ ਦੁਨੀਆ ਦਾ ਪਹੀਆ ਕਿਹਾ ਗਿਆ ਹੈ। ਪਰ ਅੱਜ ਦੀ ਰਾਜਨੀਤੀ ਧਰਮ ਦੀ ਰਾਜਨੀਤੀ ਵੱਧ ਅਖਵਾਉਂਦੀ ਹੈ। ਰਾਜਨੀਤੀ ਅਤੇ ਧਰਮ ਦੀ ਬੇਅਦਬੀ ਨਾਲ ਅਸਲ ਵਿੱਚ ਪਿਸ ਤਾਂ ਆਮ ਮਨੁੱਖ ਹੀ ਰਿਹਾ ਹੈ। ਅੱਜ ਕੋਈ ਮੇਲਾ ਅਜਿਹਾ ਨਹੀਂ ਜਿਸ ਵਿੱਚ ਕੋਈ ਰਾਜਨੀਤਿਕ ਗਤੀਵਿਧੀ ਨਾ ਕਰਵਾਈ ਜਾਂਦੀ ਹੋਵੇ। ਅਜਿਹਾ ਵੱਧ ਤੋਂ ਵੱਧ ਕਿਸੇ ਧਰਮ ਦੇ ਨਾਲ ਜੁੜੇ ਲੋਕਾਂ ਨੂੰ ਆਪਣੇ ਵੱਲ ਪ੍ਰੇਰਿਤ ਕਰਕੇ ਆਪਣੀ ਪਾਰਟੀ ਦੀ ਪਛਾਣ ਬਣਾਈ ਰੱਖਣਾ ਹੈ। ਆਪਣੀ ਇਸ ਪਛਾਣ ਖ਼ਾਤਰ ਅਜਿਹੇ ਲੋਕ ਮਾਸੂਮ ਲੋਕਾਂ ਦਾ ਧਰਮ ਦੇ ਨਾਮ ਤੇ ਸ਼ੋਸ਼ਣ ਕਰਕੇ ਆਪਣਾ ਮਤਲਬ ਕੱਢਦੇ

ਹਨ ਅਤੇ ਜਦੋਂ ਇਨ੍ਹਾਂ ਦਾ ਮਤਲਬ ਨਿਕਲ ਜਾਂਦਾ ਹੈ ਤਾਂ ਇਹ ਉਨ੍ਹਾਂ ਨੂੰ ਹੀ ਦਬਾਉਂਦੇ ਹਨ। ਜਿਸ ਕਾਰਨ ਉਨ੍ਹਾਂ ਵਿਅਕਤੀਆਂ ਦੀ ਸਦੀਵੀ ਹੋਂਦ ਨੂੰ ਧੱਕਾ ਲੱਗਦਾ ਹੈ ਮਨੁੱਖ ਦੇ ਅਸਤਿਤਵ ਨੂੰ ਸੰਕਟ ਵਿਚੋਂ ਗੁਜ਼ਰਨਾ ਪੈਦਾ ਹੈ। ਇਹ ਸਦੀਵੀ ਹੋਂਦ ਦਾ ਧੱਕਾ ਪੂਰੀ ਦੇ ਪੂਰੇ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ ਜਿਵੇਂ:-

> ਅਕਾਲੀ ਜਦੋਂ ਪੰਥ ਨੂੰ ਖ਼ਤਰਾ ਕਹਿੰਦੇ ਆ, ਉਦੋਂ ਇਨ੍ਹਾਂ ਦੀ ਸੱਤਾ ਨੂੰ ਖ਼ਤਰਾ ਹੁੰਦਾ ਆ। ਸ਼ਾਇਦ ਤੈਨੂੰ ਪਤਾ ਨਹੀਂ ਐਮਰਜੈਂਸੀ ਤੋਂ ਸਾਲ ਕੁ ਪਹਿਲਾਂ ਇਨ੍ਹਾਂ ਨੇ ਇਕ ਅਨੰਦਪੁਰ ਸਾਹਿਬ ਵਿਚ ਕੋਈ ਮਤਾ ਪਕਾਇਆ ਸੀ ਜਿਹਦੇ ਹਿਸਾਬ ਨਾਲ ਇਨ੍ਹਾਂ ਨੇ ਖ਼ੁਦ ਮੁਖ਼ਤਿਆਰੀ ਦਾ ਰਾਗ ਅਲਾਪਿਆ ਸੀ। ਪੰਜਾਬ ਦੇ ਹੱਕ ਦੀ ਗੱਲ ਕੀਤੀ ਸੀ।
>
> ਕਹਿਣ ਦਾ ਭਾਵ ਇਹ ਆ ਕਿ ਸਾਰੇ ਮਸਲੇ ਸਿਆਸੀ ਆ?
>
> ਉਹ ਤਾਂ ਹੈ ਹੀ। ਸਿਆਸਤ ਦੁਨੀਆਂ ਦੀ ਗਤੀਸ਼ੀਲਤਾ ਦਾ ਪਹਿਆ ਆ। ਪਰ ਇਹ ਪਹੀਆ ਆਰਥਿਕਤਾ ਤੇ ਸਭਿਆਚਾਰ ਚਲਾਉਂਦੇ ਆ।ਮਾਡਰਨ ਯੁੱਗ ਵਿਚ ਧਰਮ ਦੇ ਹੱਥ ਪਹੀਆ ਦੇਣਾ ਖ਼ਤਰਨਾਕ ਹੈ। ਅਕਾਲੀ ਇਹ ਕੋਸ਼ਿਸ਼ ਕਰ ਰਹੇ ਆ।ਅਜ਼ਾਦੀ ਤੋਂ ਪਹਿਲਾ ਮੁਸਲਿਮ ਲੀਗ ਨੇ ਇਹ ਕੰਮ ਕੀਤਾ ਸੀ।ਫਿਰ ਦੇਖ ਸਿਆਸਤ ਲੋਕਾਂ ਦੀ ਕਿਹੜੀ ਪਛਾਣ ਉਭਾਰ ਕੇ ਆਪਣੇ ਖੇਡ ਖੇਡਦੀ ਆ।
>
> ਮੇਰੇ ਹਿਸਾਬ ਨਾਲ ਤਾਂ ਸਿਰਫ਼ ਜਮਾਤੀ ਪਛਾਣ ਹੀ ਮੌਲਿਕ ਆ।
>
> ਇਹ ਸਿਰਫ਼ ਸਰਮਾਏਦਾਰੀ ਸਮਾਜ 'ਚ ਹੀ ਸੰਭਵ ਹੋ ਸਕਦੀ ਹੈ। ਹਰ ਗ਼ਰੀਬ ਨੂੰ ਵੀ ਜਿਊਂਦਾ ਰਹਿਣ ਲਈ ਰੱਬ ਦੀ ਜ਼ਰੂਰਤ ਹੁੰਦੀ ਆ ਤੇ ਰੱਬ 'ਤੇ ਗ਼ਰੀਬ ਵਿਚਕਾਰ ਧਰਮ ਇਕ ਦਲਾਲ ਬਣ ਕੇ ਖੜ੍ਹਾ ਆ।[14]

ਨਾਵਲ ਪਛਾਣ ਬਦਲ ਗਈ ਵਿੱਚ ਨਾਵਲਕਾਰ ਨੇ ਬਹੁਤ ਹੀ ਸਹਿਜਤਾ ਨਾਲ ਇਸ ਵਿਸ਼ੇ ਨੂੰ ਪੇਸ਼ ਕੀਤਾ ਹੈ ਜੋ ਅਕਸਰ ਮਨੁੱਖ ਦੇ ਅਸਤਿਤਵੀ ਸੰਕਟ ਨਾਲ ਕਈ ਸਦੀਆਂ ਤੋਂ ਜੁੜਿਆਂ ਹੋਇਆ ਹੈ। ਸਿਆਸਤ ਦੀ ਆੜ ਵਿੱਚ ਆਮ ਵਿਅਕਤੀਆਂ ਦਾ ਹਰ ਪੱਖ ਤੋਂ ਸ਼ੋਸ਼ਣ ਕਰਨਾ ਸਮਾਜ ਦੀ ਸਿਆਸਤ ਦਾ ਬਹੁਤ ਹੀ ਮੰਦਭਾਗਾ ਕਾਰਜ ਹੈ। ਜਿਸ ਨਾਲ ਹਰ ਕੋਈ ਜੋ ਧਰਮ ਨੂੰ ਮੰਨਦਾ ਹੈ ਜਾਂ ਨਹੀਂ ਮੰਨਦਾ ਉਸ ਦੀਆਂ ਅੰਤਰੀਵੀ ਸਦਰਾਂ ਦਾ ਅੰਤ ਹੋ ਰਿਹਾ ਹੈ। ਇਸ ਕਾਰਜ ਵਿੱਚ ਸਿਰਫ਼ ਜਮਾਤੀ ਪਛਾਣ ਹੀ ਮੌਲਿਕ ਮੰਨੀ ਗਈ ਹੈ।ਇਸ ਪ੍ਰਭਾਵ ਵਿੱਚ ਜ਼ਿਆਦਾਤਰ ਗ਼ਰੀਬ ਇਨਸਾਨ ਹੀ ਆਉਂਦਾ ਹੈ ਜੋ ਰੱਬ ਨੂੰ ਮੰਨਦਾ ਹੈ। ਪਰ ਰੱਬ ਤੇ ਮਨੁੱਖ ਦੇ ਵਿਚਕਾਰ ਬੈਠੇ ਇਹ ਦਲਾਲ ਪਹਿਲਾਂ ਤਾਂ ਮਨੁੱਖ ਦਾ ਸ਼ੋਸ਼ਣ ਕਰਦੇ ਹਨ ਜੋ ਥੋੜ੍ਹਾ ਬਹੁਤਾ ਬਚਦਾ ਹੈ ਉਹ ਸਿਆਸਤ ਕਰੀ ਜਾਂਦੀ ਹੈ। ਪਰ ਇਨ੍ਹਾਂ ਨਾਲ ਪ੍ਰਭਾਵਿਤ ਹੋਣ ਵਾਲੇ ਮਨੁੱਖ ਦਾ ਆਪਣੇ ਆਪ ਤੋਂ ਵਿਸ਼ਵਾਸ ਟੁੱਟ ਜਾਂਦਾ ਹੈ ਉਸ ਦੀ ਆਤਮਾ ਦੀ ਮੌਤ ਹੋ ਜਾਂਦੀ ਹੈ। ਉਹ ਮਾਨਸਿਕ ਤੌਰ ਤੇ ਪ੍ਰਭਾਵਿਤ ਹੁੰਦਾ ਹੈ ਜਿਸ ਕਾਰਨ ਉਸ ਦਾ ਅਸਤਿਤਵ ਸੰਕਟ ਵਿੱਚ ਘਿਰੀਆਂ ਹੋਣ ਕਾਰਨ ਅਸਤਿਤਵੀ ਸੰਕਟ ਨੂੰ ਪੈਦਾ ਕਰਦਾ ਹੈ। ਮਨੁੱਖ ਦਾ ਮਾਨਸਿਕ ਸ਼ੋਸ਼ਣ ਹੋਣਾ ਉਸ ਦੇ ਅਸਤਿਤਵ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ ਇਹੀ ਸੰਕਟ ਮਨੁੱਖ ਨੂੰ ਗ਼ਲਤ ਵਿਸੰਗਤੀਆਂ ਵਿੱਚ ਅਤੇ ਨਸ਼ੇ ਵਰਗਿਆਂ ਮਾੜਿਆਂ ਕੰਮਾਂ ਵਿੱਚ ਸੁੱਟਦਾ ਹੈ।

ਅਸਤਿਤਵੀ ਚਿੰਤਕਾਂ ਦੀ ਵਿਚਾਰਧਾਰਾ ਅਤੇ ਵਿਧੀਆਂ ਅਨੁਸਾਰ ਇਸ ਅਸਤਿਤਵੀ ਸੰਕਟ ਸਮਾਜ ਅਤੇ ਵਿਅਕਤੀਗਤ ਤੌਰ ਤੇ ਪ੍ਰਭਾਵਿਤ ਕਰਦਾ ਹੈ ਕਿਉਂਕਿ ਅਸਤਿਤਵੀ ਸੰਕਟ ਸਮਾਜ ਅੰਦਰ ਵਰਤ ਰਹੀਆਂ ਪ੍ਰਸਥਿਤੀਆਂ ਵਿਚੋਂ ਪੈਦਾ ਹੁੰਦਾ ਹੈ ਜੋ ਮੁੜਵੇਂ ਰੂਪ ਵਿੱਚ ਸਮਾਜ ਨੂੰ ਹੀ ਪ੍ਰਭਾਵਿਤ ਕਰਦਾ ਹੈ।

ਹਵਾਲੇ ਅਤੇ ਟਿੱਪਣੀਆਂ

---

[1] ਧਰਮ ਚੰਦ ਵਾਤਿਸ਼, ਅਸਤਿਤਵਵਾਦੀ ਆਲੋਚਨਾ ਸਿਧਾਂਤ ਅਤੇ ਵਿਹਾਰ ਪੰਨਾ-117

[2] ਪਰਮਜੀਤ ਸਿੰਘ ਜੱਜ, ਪਛਾਣ ਬਦਲ ਗਈ, ਪੰਨਾ-7

[3] ਉਹੀ, ਪੰਨਾ-38

[4] ਉਹੀ, ਪੰਨਾ-47

[5] ਗੁਰਚਰਨ ਸਿੰਘ ਅਰਸ਼ੀ,ਅਸਤਿਤਵਵਾਦ, ਪੰਨਾ-93

[6] ਪਰਮਜੀਤ ਸਿੰਘ ਜੱਜ, ਪਛਾਣ ਬਦਲ ਗਈ, ਪੰਨਾ-61

[7] ਉਹੀ, ਪੰਨਾ-92

[8] ਉਹੀ, ਪੰਨਾ-164

[9] ਉਹੀ, ਪੰਨਾ-142

[10] ਉਹੀ, ਪੰਨਾ-180

[11] ਉਹੀ, ਪੰਨਾ-200

[12] ਉਹੀ, ਪੰਨਾ-224

[13] ਉਹੀ, ਪੰਨਾ-218

[14] ਉਹੀ, ਪੰਨਾ-105

# ਸਾਰ ਅਤੇ ਸਥਾਪਨਾਵਾਂ

ਹਥਲੇ ਖੋਜ ਕਾਰਜ ਵਿੱਚ "ਡਾ.ਪਰਮਜੀਤ ਸਿੰਘ" ਦੇ ਨਾਵਲ "ਪਛਾਣ ਬਦਲ ਗਈ" ਵਿੱਚ ਪੇਸ਼ ਅਸਤਿਤਵੀ ਸੰਕਟ ਦਾ ਅਧਿਐਨ ਕਰਦਿਆਂ ਇਸ ਨਾਵਲ ਵਿੱਚ ਸੰਨ1975 ਐਮਰਜੈਂਸੀ ਦੇ ਦੌਰ ਤੋਂ ਲੈ ਕੇ ਸੰਨ 1984 ਤੱਕ ਦੇ ਸਮੇਂ ਦੌਰਾਨ ਵਾਪਰੇ ਹਾਲਾਤਾਂ ਨਾਲ ਮਨੁੱਖਤਾ ਨੂੰ ਪੇਸ਼ ਆ ਰਹੀ ਪਛਾਣ ਨੂੰ ਬਣਾਈ ਰੱਖਣ ਦੀ ਸਮੱਸਿਆ ਦਾ ਅਧਿਐਨ ਮੁੱਖ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਖੋਜ ਕਾਰਜ ਵਿੱਚ ਖੋਜ ਕਰਤਾ ਵੱਲੋਂ 'ਡਾ.ਪਰਮਜੀਤ ਸਿੰਘ ਜੱਜ ਦੁਆਰਾ ਨਾਵਲ ਪਛਾਣ ਬਦਲ ਗਈ ਵਿੱਚ ਪੇਸ਼ ਅਸਤਿਤਵੀ ਸੰਕਟ ਦੇ ਕਾਰਨਾਂ ਦੀ ਤਲਾਸ਼' ਕੀਤੀ ਗਈ ਹੈ। ਇਸ ਲਈ ਪਛਾਣ ਬਦਲ ਗਈ ਵਿਚਲੇ ਪਾਤਰਾਂ ਅਤੇ ਪ੍ਰਸਥਿਤੀਆਂ ਦਾ ਅਧਿਐਨ ਅਸਤਿਤਵੀ ਚਿੰਤਕਾਂ ਦੀਆਂ ਵਿਧੀਆਂ ਦਾ ਪ੍ਰਯੋਗ ਕਰਦੇ ਹੋਏ ਕੀਤਾ ਗਿਆ ਹੈ। ਮਨੁੱਖ ਅੰਦਰ ਨਿਰਾਸ਼ਾ, ਆਪਣਾ ਅਸਤਿਤਵ ਸੰਕਟ ਵਿਚ ਮਹਿਸੂਸ ਹੋਣਾ, ਘੁਟਨ, ਇਕੱਲਤਾ, ਡਰ, ਅਕੇਵਾਂ, ਪਦਾਰਥੀਕਰਨ, ਅਲਗਾਉ, ਆਦਿ ਵਿਸੰਗਤੀਆਂ, ਜਿਸ ਨਾਲ ਮਨੁੱਖ ਨੂੰ ਇੰਝ ਮਹਿਸੂਸ ਹੋ ਰਿਹਾ ਹੈ ਕਿ ਉਸ ਦਾ ਸਵੈ ਕਿਸੇ ਸੰਕਟ ਵਿੱਚ ਹੈ। ਇਸ ਨਾਵਲ ਵਿੱਚ ਇਨ੍ਹਾਂ ਵਿਸੰਗਤੀਆਂ ਨੂੰ ਧਿਆਨ ਵਿੱਚ ਰੱਖ ਕੇ ਇਸ ਨਾਵਲ ਵਿਚ ਵਿਚਰ ਰਹੇ ਪਾਤਰਾਂ ਅਤੇ ਘਟਨਾਵਾਂ ਦਾ ਅਸਤਿਤਵਵਾਦੀ ਵਿਧੀ ਰਾਹੀ ਅਧਿਐਨ ਕੀਤਾ ਗਿਆ ਹੈ। ਸਮਾਜ ਵਿਚਲੀਆਂ ਮਨੁੱਖ ਦੁਆਰਾ ਪੈਦਾ ਕੀਤੀਆ ਅਜਿਹੀਆਂ ਅਸਤਿਤਵੀ ਸੰਕਟ ਦੀਆਂ ਹਾਲਾਤਾਂ ਦਾ ਵੀ ਅਧਿਐਨ ਕੀਤਾ ਗਿਆ ਜਿਨ੍ਹਾਂ ਨਾਲ ਸਮਾਜ ਦਾ ਵਾਤਾਵਰਨ ਪ੍ਰਭਾਵਿਤ ਹੋ ਰਿਹਾ ਹੈ। ਇਨ੍ਹਾਂ ਵਿਸੰਗਤੀਆਂ ਦਾ ਮੁੱਖ ਕਾਰਜ ਮਨੁੱਖ ਦੀ ਸੋਚ ਸ਼ਕਤੀ ਨੂੰ ਬਦਲ ਕੇ ਪੇਸ਼ ਕਰਨਾ ਹੈ। ਇਹ ਚੰਗੀ ਅਤੇ ਮਾੜੀ ਦੋਵਾਂ ਪ੍ਰਕਾਰ ਦੀ ਹੋ ਸਕਦੀ ਹੈ। ਇਸ ਉਪਰੰਤ 'ਪਛਾਣ ਬਦਲ ਗਈ ਨਾਵਲ ਦੇ ਅਧਾਰ 'ਤੇ ਅਸਤਿਤਵੀ ਸੰਕਟ ਕਾਰਨ ਮਨੁੱਖੀ ਸੁਭਾਅ ਵਿੱਚ ਆਈਆਂ ਤਬਦੀਲੀਆਂ ਦੀ ਤਲਾਸ਼ ਕੀਤੀ ਗਈ ਹੈ।

ਹਥਲੇ ਖੋਜ ਕਾਰਜ ਦੇ ਪਹਿਲੇ ਅਧਿਆਇ ਵਿੱਚ 'ਸਿਧਾਂਤਕ ਪਿੱਠ ਭੂਮੀ' ਵਿੱਚ ਸਭ ਤੋਂ ਪਹਿਲਾ ਸਮੱਸਿਆ ਕਥਨ ਦੇ ਜਰੀਏ ਪੰਜਾਬੀ ਨਾਵਲ ਵਿੱਚ ਅਸਤਿਤਵਵਾਦ ਦੀ ਦ੍ਰਿਸ਼ਟੀ ਤੋਂ ਡਾ.ਪਰਮਜੀਤ ਸਿੰਘ ਜੱਜ ਦੇ ਨਾਵਲ 'ਪਛਾਣ ਬਦਲ ਗਈ ਦੇ ਸੰਦਰਭ ਵਿੱਚ ਰੱਖ ਕੇ ਮਨੁੱਖ ਦੇ ਅਸਤਿਤਵ ਦੀ ਸਮੱਸਿਆ ਤੇ ਉਸ ਬਾਰੇ ਜਾਗਰੂਕਤਾ ਜਾਂ ਚੇਤੰਨਤਾ ਵਿੱਚ ਵਾਧਾ ਕਰਨ ਲਈ ਅਸਤਿਤਵੀ ਸੰਕਟ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਖੋਜ ਕਾਰਜ ਵਿੱਚ ਮਨੁੱਖ ਦੇ ਵਿਵਹਾਰ ਦੁਆਰਾ ਸਮਾਜ ਵਿੱਚ ਬਦਲ ਕੇ ਵੱਖ-ਵੱਖ ਪੇਸ਼ ਹੋ ਰਹੀਆਂ ਸਮੱਸਿਆਵਾਂ ਨੂੰ ਪ੍ਰਖਣ ਦਾ ਖੋਜ ਕਾਰਜ ਆਉਦਾ ਹੈ। ਇਸ ਖੋਜ ਕਾਰਜ ਦੇ ਉਦੇਸ਼ਾ ਨੂੰ ਮਨੁੱਖ ਅਤੇ ਸਮਾਜ ਦੇ ਦੋਹਰੇ ਸੰਬਧਾਂ ਵਿਸ਼ਾ ਪੇਸ਼ ਕਰਨ ਦ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਉਦੇਸ਼ਾ ਨੂੰ ਧਿਆਨ ਵਿੱਚ ਰੱਖ ਕੇ ਮਨੁੱਖ ਦੇ ਅਸਤਿਤਵ ਲਈ ਕੀਤੇ ਜਾਣ ਵਾਲੇ ਸੰਘਰਸ਼ ਨੂੰ ਅਸਤਿਤਵਵਾਦ ਦੇ ਸਿਧਾਂਤਾ ਦੁਆਰਾ ਚਾਰ ਅਧਿਅਇ ਵਿੱਚ ਵੰਢ ਕੇ ਖੋਜ ਕਾਰਜ ਦਾ ਸਾਰ ਪ੍ਰਾਪਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਹਥਲੇ ਖੋਜ ਕਾਰਜ ਦੇ ਅਧਿਆਇ ਦੂਸਰੇ ਵਿੱਚ ਖੋਜਾਰਥੀ ਵਲੋਂ ਡਾ.ਪਰਮਜੀਤ ਸਿੰਘ, ਦੇ ਨਾਵਲ 'ਪਛਾਣ ਬਦਲ ਗਈ ਵਿੱਚ 'ਅਸਤਿਤਵੀ ਸੰਕਟ ਉਪਜਣ ਦੇ ਕਾਰਨਾ ਦਾ ਅਧਿਐਨ' ਕੀਤਾ ਗਿਆ ਹੈ। ਇਸ ਅਧਿਐਨ ਵਿੱਚ ਖੋਜਆਰਥੀ ਦੁਆਰਾ ਅਸਿਤਿਤਵਵਾਦੀ ਵਿਧੀ ਦਾ ਪ੍ਰਯੋਗ ਕਰਕੇ ਇਸ ਨਾਵਲ ਦਾ ਅਸਤਿਤਵਵਾਦੀ ਚਿੰਤਕਾਂ ਦੇ ਦੁਆਰਾ ਪੇਸ਼ ਕੀਤੇ ਅਸਤਿਤਵੀ ਸੰਕਟ ਉਪਜਣ ਦੇ ਸਿਧਾਂਤਾ ਨੂੰ ਸਨਮੁੱਖ ਰੱਖ ਕੇ ਪਛਾਣ ਬਦਲ ਹਈ ਨਾਵਲ ਵਿਚੋਂ ਅਸਤਿੱਤਵੀ ਸੰਕਟ ਉਪਜਣ ਦੇ ਕਾਰਨਾ ਦੀ ਖੋਜ ਕੀਤੀ ਗਈ ਹੈ। ਇਸ ਨਾਵਲ ਦੇ ਪਾਤਰਾਂ ਦਾ ਜੀਵਨ ਅਸਤਿੱਤਵੀ ਸੰਕਟ ਦੇ ਉਪਜਣ ਦੇ ਕਾਰਨਾ ਦੇ ਆਲੇ-ਦਾਆਲੇ ਘੁੰਮਦਾ ਹੈ ਉਨ੍ਹਾਂ ਦੁਆਰਾ ਸਮਾਜ ਵਿੱਚ ਪੈਦਾ ਕੀਤੇ ਜਾ ਰਹੇ ਹਿੰਸਾ ਰੂਪੀ ਕਾਰਜਾ ਨੂੰ ਉਨ੍ਹਾਂ ਦੇ ਜੀਵਨ ਨੂੰ ਅਸਤਿਤਵੀ ਸੰਕਟ ਵਿੱਚ ਪਾਉਦਾ ਹੈ। ਇਸ ਅਧਿਆਇ ਵਿੱਚ ਮਨੁੱਖ ਅੰਦਰ ਨਿਰਾਸ਼ਾ, ਆਪਣਾ ਅਸਤਿਤਵ ਸੰਕਟ ਵਿਚ ਮਹਿਸੂਸ ਹੋਣਾ, ਘੁਟਨ, ਇਕੱਲਤਾ, ਡਰ, ਅਕੇਵਾਂ, ਪਦਾਰਥੀਕਰਨ, ਅਲਗਾਉ, ਆਦਿ ਵਿਸੰਗਤੀਆਂ, ਸਿਧਾਂਤਾ ਦੇ ਪ੍ਰਸਾਰਾ ਨੂੰ ਇਸ ਨਾਵਲ ਵਿੱਚੋਂ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਖੋਜਕਾਰਜ ਦੇ ਅਧਿਆਇ ਤੀਸਰੇ ਵਿੱਚ ਨਾਵਲ ਪਛਾਣ ਬਦਲ ਗਈ ਵਿੱਚ ਅਸਤਿਤਵ ਦੀ ਪਛਾਣ ਅਤੇ ਸੰਘਰਸ਼ ਨੂੰ ਅਸਤਿਤਵਵਾਦੀ ਚਿੰਤਕਾ ਦੇ ਵਿਚਾਰਾਂ ਦੇ ਆਧਾਰ ਅਸਤਿਤਵ ਲਈ ਸੰਘਰਸ਼ ਕਰ ਰਹੇ ਕਾਰਕਾ ਨੂੰ ਨਾਵਲ ਵਿੱਚ ਪਰਖਣ ਦਾ ਖੋਜ ਕਾਰਜ ਕੀਤਾ ਗਿਓ ਹੈ। ਇਸ ਨਾਵਲ ਦੇ ਵਿੱਚ ਪੇਸ਼ ਕੀਤੇ ਸਮਾਜਿਕ ਜੀਵਨ ਵਿੱਚ ਪੈਦਾ ਹੋ ਰਹੇ ਹਾਲਾਤਾ ਦੁਆਰਾ ਮਨੁੱਖ ਦੇ ਸੁਭਾਅ ਅਤੇ ਵਿਵਹਾਰ ਢੰਗ ਵਿੱਚੋਂ ਜੋ ਸੰਘਰਸ਼ ਕੀਤਾ ਜਾ ਰਿਹਾ ਹੈ ਉਸ ਨਾਲ ਮਨੁੱਖ ਦਾ ਆਲਾ-ਦੁਆਲਾ ਵੀ ਸੰਘਰਸ਼ ਵਿੱਚੋਂ ਦੀ ਲੰਘਦਾ ਹੈ ਕਿਉਂਕਿ ਮਨੁੱਖ ਸਮਾਜ ਤੋਂ ਬਿਨ੍ਹਾ ਨਹੀ ਤੇ ਸਮਾਜ ਮਨੁੱਖ ਤੋਂ ਬਿਨ੍ਹਾ ਨਹੀ ਬਣ ਸਕਦਾ। ਇਸ ਲਈ ਮਨੁੱਖ ਦਾ ਅਸਤਿਤਵ ਦੀ ਪਛਾਣ ਲਈ ਸੰਘਰਸ਼ ਕਰਨਾ ਇਕ ਅਜਿਹੀ ਕਠਨਾਈ ਹੈ ਜਿਸ ਦੁਆਰਾ ਉਸ ਵਿਅਕਤੀ ਦੇ ਜੀਵਨ, ਵਿਚਾਰਾਂ, ਰਹਿਣ-ਸਹਿਣ ਨੂੰ ਵੀ ਦੁਵਿਧਾ ਵਿੱਚ ਪੈਂਦੇ ਹਨ।

ਹਥਲੇ ਖੋਜ ਕਾਰਜ ਦੇ ਚੌਥੇ ਅਧਿਆਇ ਵਿੱਚ ਅਸਤਿਤਵੀ ਸੰਕਟ ਦੇ ਸਮਾਜ ਅਤੇ ਵਿਅਕਤਿਤਵ ਉੱਪਰ ਪ੍ਰਭਾਵ ਬਾਰੇ ਖੋਜ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਕਾਰਜ ਨੂੰ ਕਰਨ ਲਈ ਖੋਜਾਰਥੀ ਵਲੋਂ ਨਾਵਲ ਪਛਾਣ ਬਦਲ ਗਈ ਵਿੱਚ ਸਮਾਜਿਕ ਪ੍ਰਸਥਿਤੀਆਂ, ਸਮਾਜ ਦੇ ਬਦਲਦੇ ਰੂਪਾਂ ਅਤੇ ਵਿਅਕਤਿਤਵ ਅਤੇ ਸਮਾਜ, ਨੂੰ ਅਸਤਿਤਵਵਾਦੀ ਵਿਧੀ ਦੇ ਪ੍ਰਯੋਗ ਦੁਆਰਾ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿੱਚੋਂ ਇਹ ਸਾਰ ਨਿੱਕਦਾ ਹੈ ਕਿ ਮਨੁੱਖ ਦਾ ਆਪਣੇ ਲਈ, ਆਪਣੀ ਪਛਾਣ ਲਈ ਕੀਤਾ ਜਾ ਰਿਹਾ ਸੰਘਰਸ਼ ਉਸ ਦੇ ਆਲੇ ਦੁਆਲੇ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਜੋ ਵਿਅਕਤੀ ਸਮਾਜ ਵਿੱਚ ਆਪਣੀ ਪਛਾਣ ਬਣਾਉਣ ਲਈ ਸੰਘਰਸ਼ ਕਰਦਾ ਉਸ ਸੰਘਰਸ਼ ਦੋਰਾਨ ਉਸ ਵਿਅਕਤੀ ਦਾ ਸੁਭਾਅ, ਵਿਚਾਰ, ਬੋਲ-ਚਾਲ, ਸੋਚਣ ਸ਼ਕਤੀ ਸਾਰੇ ਹੀ ਪ੍ਰਭਾਵਿਤ ਹੁੰਦੇ ਹਨ। ਇਨ੍ਹਾਂ ਪ੍ਰਭਾਵਾਂ ਕਾਰਨ ਮਨੁੱਖ ਦੇ ਆਪਣੇ ਵਿਅਕਤਿਤਵ ਦੇ ਨਾਲ ਨਾਲ ਸਮਾਜ ਵੀ ਪ੍ਰਭਾਵਿਤ ਹੁੰਦਾ ਹੈ।ਇਸ ਨਾਵਲ ਦੇ ਹਾਲਾਤ ਵੀ ਇਸ ਤਰ੍ਹਾਂ ਹੀ ਹਨ ਜਿਨ੍ਹਾ ਨਾਲ ਇਕ ਵਿਅਕਤੀ ਜੋ ਆਪਣੇ ਆਪ ਦੀ ਪਛਾਣ ਨੂੰ ਬਣਾਈ ਰੱਖਣ ਲਈ ਜੋ ਸੰਘਰਸ਼ ਕਰਦਾ ਹੈ ਉਸ ਨਾਲ ਜੋ ਵਿਸੰਗਤੀਆਂ ਪੈਦਾ ਹੁੰਦੀਆਂ ਹਨ ਉਹ ਸਮਾਜ ਦੇ ਬਦਲਾਵ ਦਾ ਕਾਰਨ ਵੀ ਬਣਦਾ ਹੈ।

ਅਸਤਿਤਵੀ ਚਿੰਤਕਾਂ ਦੁਆਰਾ ਪੇਸ਼ ਕੀਤੇ ਮੱਤਾਂ ਅਤੇ ਵਿਧੀਆਂ ਨੂੰ ਸਨਮੁੱਖ ਰੱਖ ਕੇ ਪ੍ਰਾਪਤ ਕੀਤੇ ਅਸਤਿਤਵੀ ਸੰਕਟ ਦੇ ਅੰਕੜਿਆਂ ਅਤੇ ਕਾਰਨਾਂ ਦੁਆਰਾ ਮਨੁੱਖ ਦੇ ਸੁਭਾਅ ਵਿੱਚ ਆਈਆਂ ਵੱਖ-ਵੱਖ ਤਬਦੀਲੀਆਂ ਨੂੰ ਸਮਾਜ ਵਿੱਚ ਪੇਸ਼ ਆ ਰਹੀਆ ਸਮੱਸਿਆ ਦਾ ਮੁਲਾਂਕਣ ਕੀਤਾ ਗਿਆ ਹੈ। ਡਾ.ਪਰਮਜੀਤ ਸਿੰਘ ਦੇ ਨਾਵਲ ਪਛਾਣ ਬਦਲ ਗਈ ਵਿੱਚ ਪੇਸ਼ ਇਨ੍ਹਾਂ ਅਸਤਿਤਵੀ ਸੰਕਟ ਦੀਆਂ ਕਠਨਾਈਆਂ ਨਾਲ ਇਸ ਨਾਵਲ ਵਿੱਚ ਪਾਤਰਾਂ ਅਤੇ ਪ੍ਰਸਥਿਤੀਆ ਦਾ ਅਸਤਿਤਵ ਜਿਨ੍ਹਾਂ ਸੰਕਟਾਂ ਦੇ ਪ੍ਰਭਾਵ ਹੇਠ ਆ ਕੇ ਬਦਲ ਰਿਹਾ ਹੈ ਉਸ ਨਾਲ ਉਨ੍ਹਾ ਵਿੱਚ ਆਏ ਪਰਿਵਰਤਨ ਨੇ ਸਮਾਜ ਨੂੰ ਬਦਲ ਦੇ ਰੂਪਾਂ ਰੱਖ ਕੇ ਪੇਸ਼ ਕੀਤਾ ਹੈ ਜਿਸ ਨੂੰ ਖੋਜਕਰਤਾ ਨੇ ਅਸਤਿਤਵੀ ਅਧਿਐਨ ਰਾਹੀ ਪਰਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਨਾਵਲ ਦੇ ਜੇਕਰ ਸਮੇਂ ਦੀ ਗੱਲ ਕਰੀਏ ਤਾਂ ਇਹ ਸਮਾਂ ਐਮਰਜੈਂਸੀ ਦੇ ਦੌਰ ਦਾ ਹੈ ਅਜਿਹੇ ਸਮੇਂ ਵਿੱਚ ਹਰ ਇਕ ਵਿਅਕਤੀ ਜੋ ਇਸ ਨਾਵਲ ਵਿੱਚ ਪਾਤਰ ਦੇ ਤੌਰ ਤੇ ਕਾਰਜ ਕਰਦਾ ਦਾ ਅਸਤਿਤਵ ਸੰਕਟ ਦੇ ਘੇਰੇ ਵਿੱਚ ਆਉਦਾ ਹੈ। ਉਹ ਸਾਰੇ ਪਤਰਾਂ ਅਸਤਿਤਵ ਸੰਕਟ ਦੇ ਨਾਲ ਸੰਘਰਸ਼ ਕਰ ਰਿਹਾ ਹਨ। ਇਸ ਸੰਘਰਸ਼ ਦੇ ਕਾਰਜ ਨੂੰ ਨਾਵਲ ਵਿੱਚ ਪੇਸ਼ ਕੀਤੇ ਗਏ ਧਰਮ ਅਤੇ ਧਰਮ ਦੀ ਰਾਜਨੀਤੀ ਕਰਨ ਵਾਲੇ ਸਰਮਾਏਦਾਰਾ ਦਾ ਸਮਾਜ ਉੱਤੇ ਪੈਦਾ ਕੀਤੇ ਪ੍ਰਭਾਵ ਨੂੰ ਵਿਅਕਤਿਤਵ ਅਤੇ ਸਮਾਜ ਦੇ ਵਰਤਾਵ ਵਿੱਚ ਰੱਖ ਪਰਖਣ ਦਾ ਖੋਜ ਕਾਰਜ ਕੀਤਾ ਗਿਆ ਹੈ ਅਤੇ ਇਸ ਦੇ ਜ਼ਰੀਏ ਮਨੁੱਖ ਦੇ ਸਵੈ ਵਿੱਚ ਆਏ ਪਰਿਵਰਤਨ ਨਾਲ ਉਸ ਦੇ ਆਲ਼ੇ-ਦੁਆਲੇ ਦੀਆਂ ਪ੍ਰਸਥਿਤੀਆਂ ਦੇ ਬਦਲਾਅ ਦੇ ਕਾਰਨਾਂ ਦਾ ਪਤਾ ਕੀਤਾ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਮਨੁੱਖ ਦੇ ਵਰਤਾਓ ਤਰੀਕੇ ਉੱਤੇ ਉਸ ਦੀ ਮੂਲ ਮਾਨਵੀ ਪਰਖ ਖੜੀ ਹੈ। 'ਪਛਾਣ ਬਦਲ ਗਈ ਨਾਵਲ ਵਿੱਚ ਅਸਤਿਤਵ ਨੂੰ ਬਚਾਉਣ ਲਈ ਕੀਤੇ ਜਾਂਦੇ ਸੰਘਰਸ਼' ਦਾ ਮੁਲਾਂਕਣ ਕੀਤਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਮੁਲਾਂਕਣ ਦੇ ਲਈ ਨਾਵਲ ਵਿੱਚ ਪੇਸ਼ ਆ ਰਹੀਆਂ ਅਸਤਿਤਵੀ ਸੰਕਟ ਦੀਆਂ ਪਰੇਸ਼ਾਨੀਆਂ ਜਿਨਾ ਨਾਲ ਮਨੁੱਖ ਨੂੰ ਆਪਣਾ ਅਸਤਿਤਵ ਸੰਕਟ ਵਿੱਚ ਮਹਿਸੂਸ ਹੁੰਦਾ ਹੈ ਅਤੇ ਇਸ ਲਈ ਉਸ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਇਸ ਕਾਰਜ ਨੂੰ ਵੱਖ-ਵੱਖ ਅਸਤਿਤਵੀ ਵਿਚਾਰਧਾਰਾ ਨਾਲ ਜੁੜੇ ਚਿੰਤਕਾਂ ਦੇ ਵਿਚਾਰਾ, ਵਿਧੀਆਂ ਅਤੇ ਸੰਕਲਪਾਂ ਤੇ ਨਿੱਠ ਕੇ ਵਿਚਾਰ ਚਰਚਾ ਦੇ ਜ਼ਰੀਏ ਇਨ੍ਹਾਂ ਕਾਰਨਾਂ ਦੀ ਭਾਲ ਕੀਤੀ ਗਈ ਜਿਸ ਵਿਚੋਂ ਇਹ ਨਿਕਲ ਕੇ ਸਾਹਮਣੇ ਆਇਆ ਕਿ ਮਨੁੱਖ ਸਮਾਜ ਅੰਦਰ ਆਪਣੇ ਅਸਤਿਤਵ ਨੂੰ ਬਣਾਉਣ ਲਈ ਨਿਰੰਤਰ ਯਤਨ ਚਲਦਾ ਰਹਿੰਦਾ ਹੈ। ਇਨ੍ਹਾਂ ਯਤਨਾਂ ਦੇ ਸਦਕਾ ਉਹ ਆਪਣੀ ਵੱਖਰੀ ਪਛਾਣ ਕਾਇਮ ਰੱਖਣ ਲਈ ਹਰ ਮਾੜੇ ਚੰਹੇ ਕਾਰਜ ਨੂੰ ਕਰਨ ਲੱਗਾ ਆਪਣੀ ਸੋਚ ਸ਼ਕਤੀ ਦੀ ਵਰਤੋਂ ਅਸਤਿਤਵੀ ਸਮਕਟ ਦੇ ਪ੍ਰਭਾਵ ਹੇਠ ਦੱਬ ਕੇ ਕਰਦਾ ਹੈ। 'ਪਛਾਣ ਬਦਲ ਗਈ ਨਾਵਲ ਵਿੱਚ ਦਰਸਾਏ ਅਸਤਿਤਵੀ ਸੰਕਟ ਦੇ ਸਮਾਜ ਅਤੇ ਵਿਅਕਤਿਤਵ ਉੱਪਰ ਪਏ ਪ੍ਰਭਾਵਾਂ ਦਾ ਸਮਾਜ,ਧਰਮ ਅਤੇ ਧਰਮ ਦੀ ਰਾਜਨੀਤੀ ਕਰ ਰਹੀਆ ਸਰਕਾਰਾ ਦੇ ਕਾਰਜ ਨੂੰ ਪੇਸ਼ ਕੀਤਾ ਗਿਆ ਹੈ। ਇਸ ਮੁਲਾਂਕਣ ਦਾ ਇਹ ਸਾਰ ਨਿਕਲਦਾ ਹੈ, ਕਿ ਮਨੁੱਖ ਦਾ ਅਸਤਿਤਵ ਜਦੋਂ ਸੰਕਟ ਵਿੱਚ ਹੁੰਦਾ ਹੈ ਤਾਂ ਉਸ ਦਾ ਸਮਾਜ ਅਤੇ ਆਪਣੇ ਆਪ ਲਈ ਵਤੀਰਾ ਵਖਰੇਵੇਂ ਵਾਲਾ ਹੋ ਜਾਂਦਾ ਹੈ ਜਾਂ ਤਾਂ ਇਹ ਅਲਗਾਉ ਦੀ ਸਥਿਤੀ ਵਿੱਚ ਚਲਾ ਜਾਂਦਾ ਹੈ ਜਾਂ ਗ਼ਲਤ ਵਿਸੰਗਤੀਆਂ ਅਤੇ ਨਸ਼ਿਆਂ ਰਾਹੀ ਆਪਣੇ ਆਪ ਨੂੰ ਅਸਤਿਤਵੀ ਸੰਕਟ ਵਿਚੋਂ ਕੱਢਣ ਦੀ ਕੋਸ਼ਿਸ਼ ਕਰਦਾ ਹੈ। ਪਰ ਮਨੁੱਖ ਦੁਆਰਾ ਅਪਣਾਏ ਇਹ ਸਾਰੇ ਹੀ ਤਰੀਕੇ ਉਸ ਦੇ ਨਾਲ ਸਮਾਜ ਅਤੇ ਉਸ ਵਿਅਕਤੀ ਦੇ ਵਿਅਕਤਿਤਵ ਨੂੰ ਵੀ ਪ੍ਰਭਾਵਿਤ ਕਰਦੇ ਹਨ। ਅਸਤਿਤਵੀ ਸੰਕਟ ਦੇ ਨਾਲ ਪੈਦਾ

ਹੋਣ ਵਾਲੀਆਂ ਸਥਿਤੀਆਂ ਬਹੁਤੀ ਵਾਰ ਅੰਦਰੀਵੀ ਜਾਂ ਬਾਹਰੀ ਪ੍ਰਭਾਵ ਪਾਉਂਦੀਆਂ ਹਨ ਜਿਨ੍ਹਾਂ ਵਿਚੋਂ ਦੰਗੇ, ਫ਼ਸਾਦ, ਵੈਰ ਵਿਰੋਧ ਅਤੇ ਸੁਸਾਇਡ ਵਰਗੇ ਮੰਦਭਾਗੇ ਨਿਸ਼ਕਰਸ਼ ਨਿਕਲਦੇ ਹਨ। ਅਜਿਹੇ ਨਤੀਜੇ ਸਮਾਜ ਦੇ ਬਦਲਾਵ ਦਾ ਕਾਰਨ ਬਣਦੇ ਹਨ। ਅਕਸਰ ਇਹ ਬਦਲਾਵ ਸਮਾਜ ਲਈ ਮਾਰੂ ਪ੍ਰਸਥਿਤੀਆ ਪੈਦਾ ਕਰਦੇ ਹਨ ਜਿਨ੍ਹਾਂ ਦਾ ਪ੍ਰਭਾਵ ਦੇਸ਼ ਵੰਡ ਅਤੇ ਸੰਨ 1984 ਦੇ ਦੰਗਿਆ ਦਾ ਕਾਰਨ ਦੇ ਵਜੋਂ ਦੇਖਿਆ ਜਾ ਸਕਦਾ ਹੈ।

# ਮੁਲਾਕਾਤ

ਹਥਲੇ ਖੋਜ ਕਾਰਜ ਲਈ ਨਾਵਲਕਾਰ ਡਾ.ਪਰਮਜੀਤ ਸਿੰਘ ਜੱਜ ਦੇ ਨਾਵਲ ਪਛਾਣ ਬਦਲ ਗਈ ਲਈ ਇਕੱਠੀ ਕੀਤੀ ਜਾਣਕਾਰੀ ਦੌਰਾਨ ਖੋਜ ਕਰਤਾ ਵੱਲੋਂ ਡਾ.ਪਰਮਜੀਤ ਸਿੰਘ ਜੱਜ ਨਾਲ ਕੀਤੀ ਰੂ-ਬਰੂ ਮੁਲਾਕਾਤ ਵਿੱਚ ਹੋਈ ਸਾਹਿਤ ਅਤੇ ਨਾਵਲਕਾਰ ਦੇ ਜੀਵਨ ਬਾਰੇ ਚਰਚਾ ਦੇ ਸੰਦਰਭ ਵਿੱਚ ਪੁੱਛੇ ਗਏ ਸਵਾਲਾਂ ਅਤੇ ਜਵਾਬਾਂ ਦਾ ਵੇਰਵਾ ਹੇਠ ਦਿੱਤੇ ਅਨੁਸਾਰ ਹੈ।

ਪ੍ਰਸ਼ਨ 1) ਤੁਹਾਡੀ ਸਿੱਖਿਆਂ ਕਿੱਥੋਂ ਅਤੇ ਕਿਸ ਵਿੱਦਿਅਕ ਅਦਾਰੇ ਤੋਂ ਪ੍ਰਾਪਤ ਕੀਤੀ ਗਈ?

ਉੱਤਰ:- ਉਚੇਰੀ ਸਿੱਖਿਆ ਮੇਰੀ ਜਿਵੇਂ:-ਐਮ.ਏ, ਐਮ.ਫਿਲ ਅਤੇ ਪੀ.ਐਚ.ਡੀ ਤੱਕ ਦੀ ਸਿੱਖਿਆਂ ਪੰਜਾਬੀ ਯੂਨੀਵਰਸਿਟੀ ਚੰਡਿਗੜ੍ਹ ਤੋਂ ਪ੍ਰਾਪਤ ਹੈ।

ਪ੍ਰਸ਼ਨ 2) ਤੁਹਾਡਾ ਪਰਿਵਾਰ ਪਿਛੋਕੜ ਕੀ ਹੈ, ਉਸ ਬਾਰੇ ਬਣਦੀ ਜਾਣਕਾਰੀ ਦਿਓ?

ਉੱਤਰ:- ਸੰਨ 1947 ਤੋਂ ਬਾਅਦ ਸਾਡਾ ਪਰਿਵਾਰ ਪਾਕਿਸਤਾਨ ਤੋਂ ਹੁਸ਼ਿਆਰਪੁਰ ਦੇ ਵਿੱਚ ਪੈਂਦੇ ਪਿੰਡ ਅਜੜਾਮ ਵਿਖੇ ਰਿਹਾ ਅਤੇ ਬਾਅਦ ਵਿੱਚ ਹੁਸ਼ਿਆਰਪੁਰ ਦੇ ਪਿੰਡ ਸਾਰੀ ਵਿਖੇ ਆ ਕੇ ਰਹਿਣ ਲੱਗੇ ।

ਪ੍ਰਸ਼ਨ 3) ਨਾਵਲ ਲਿਖਣ ਦੀ ਪ੍ਰੇਰਨਾ ਕਿੱਥੋਂ ਅਤੇ ਕਿਸ ਪਾਸੋਂ ਪ੍ਰਾਪਤ ਹੋਈ?

ਉੱਤਰ:- ਨਾਵਲ ਲਿਖਣ ਦੀ ਪ੍ਰੇਰਨਾ ਮੈਨੂੰ ਕਿਸੇ ਖ਼ਾਸ ਵਿਅਕਤੀ ਪਾਸੋਂ ਤਾਂ ਨਹੀਂ ਮਿਲੀ, ਨਾਵਲ ਵਿੱਚ ਲੇਖਕ ਆਪਣੀ ਗੱਲ ਨੂੰ ਖੁੱਲ੍ਹ ਕੇ ਅਤੇ ਪੂਰੀ ਤਰਾਂ ਨਾਲ ਉਸ ਵਿਸ਼ੇ ਬਾਰੇ ਆਪਣੀਆਂ ਅਵਚੇਤਨਾਵਾਂ ਨੂੰ ਪ੍ਰਗਟ ਕਰ ਸਕਦਾ ਹੈ ਸਾਹਿਤ ਦੇ ਬਾਕੀ ਰੂਪਾਂ ਨਾਲੋਂ ਜਿਵੇਂ ਕਵਿਤਾ ਜਾਂ ਕਹਾਣੀ ਵਿੱਚ ਛੋਟੇ ਆਕਾਰ ਕਾਰਨ ਕੁੱਝ ਮਸਲੇ ਬਿਨਾ ਦਰਸਾਏ ਹੀ ਅਣਗੌਲੇ ਕਰਨੇ ਪੈਂਦੇ ਹਨ।

ਪ੍ਰਸ਼ਨ 4) ਪੰਜਾਬੀ ਨਾਵਲ ਸਾਹਿਤ ਵਿੱਚ ਸਭ ਤੋਂ ਵੱਧ ਪਸੰਦ ਨਾਵਲ ਕਿਹੜਾ ਹੈ?

ਉੱਤਰ:- ਪੰਜਾਬੀ ਭਾਸ਼ਾ ਜਨਮ ਤੋਂ ਹੀ ਮੇਰੀ ਬੋਲਚਾਲ ਦਾ ਮੁੱਢ ਬੰਨ੍ਹਦੀ ਰਹੀ ਹੈ। ਇਸ ਕਾਰਨ ਮੈਂ ਪੰਜਾਬੀ ਦੇ ਬਹੁਤ ਸਾਰੇ ਰੂਪਾ ਨੂੰ ਪੜ੍ਹਿਆ ਹੈ ਪਰ ਪੰਜਾਬੀ ਨਾਵਲ ਵਿੱਚ "ਜਸਵੰਤ ਕੰਵਲ" ਦਾ ਨਾਵਲ ਭਵਾਨੀ ਮੈਨੂੰ ਵੱਧ ਚੰਗਾ ਲੱਗਦਾ ਹੈ।

ਪ੍ਰਸ਼ਨ 5) ਸ਼ੋਸ਼ਿਆਲੋਜੀ ਤੋਂ ਪੰਜਾਬੀ ਸਾਹਿਤ ਦੀ ਵਿਧਾ ਨਾਵਲ ਨਾਲ ਜੁੜਨ ਦਾ ਕੋਈ ਖ਼ਾਸ ਕਾਰਨ?

ਉੱਤਰ:- ਸ਼ੋਸ਼ਿਆਲੋਜੀ ਤੋਂ ਪੰਜਾਬੀ ਸਾਹਿਤ ਦੀ ਵਿਧਾ ਨਾਵਲ ਨਾਲ ਜੁੜਨ ਦਾ ਕੋਈ ਖ਼ਾਸ ਕਾਰਨ ਤਾਂ ਨਹੀਂ ਹੈ। ਪਰ ਸ਼ੁਰੂ ਤੋਂ ਹੀ ਪੰਜਾਬੀ ਪੜ੍ਹੀ ਹੋਣ ਕਰਕੇ ਸ਼ੁਰੂ ਤੋਂ ਹੀ ਪੰਜਾਬੀ ਵਿੱਚ ਲਿਖਣ ਦਾ ਸ਼ੌਕ ਸੀ ਜੋ ਮੈਨੂੰ ਪੰਜਾਬੀ ਵਿੱਚ ਲਿਖਣ ਲਈ ਪ੍ਰੇਰਦਾ ਰਿਹਾ ਹੈ।

ਪ੍ਰਸ਼ਨ 6) ਪੰਜਾਬੀ ਭਾਸ਼ਾ ਵਿੱਚ ਹੁਣ ਤੱਕ ਤੁਸੀਂ ਕਿਨ੍ਹੇ ਆਰਟੀਕਲ ਅਤੇ ਕਿਤਾਬਾਂ ਲਿਖ ਚੁੱਕੇ ਹੋ?

ਉੱਤਰ:- ਪੰਜਾਬੀ ਭਾਸ਼ਾ ਵਿੱਚ ਹੁਣ ਤੱਕ 67 ਆਰਟੀਕਲ ਅਤੇ ਪੰਜ ਕਿਤਾਬਾਂ ਪੰਜਾਬੀ ਵਿੱਚ ਅਤੇ 16 ਕਿਤਾਬਾਂ ਅੰਗਰੇਜ਼ੀ ਵਿੱਚ, ਪੰਜ ਨਾਵਲ ਪੰਜਾਬੀ ਵਿੱਚ ਲਿਖ ਚੁੱਕਾ ਹਾਂ।

ਪ੍ਰਸ਼ਨ 7) ਮਿਜ਼ੋਰਮ ਵਿੱਚ ਨੌਂਕਰੀ ਕਰਨ ਵਾਸਤੇ ਤੁਸੀਂ ਕਦੋਂ ਗਏ ਅਤੇ ਉੱਥੇ ਵਾਪਸ ਕਦੋਂ ਆਏ?

ਉੱਤਰ:- ਮਿਜ਼ੋਰਮ ਵਿੱਚ ਨੌਂਕਰੀ ਕਰਨ ਵਾਸਤੇ ਮੈਂ 1984 ਵਿੱਚ ਗਿਆ ਸੀ ਅਤੇ ਉਸ ਤੋਂ ਬਾਅਦ ਮੈਂ 1985-1986 ਵਿੱਚ ਵਾਪਸ ਆ ਗਿਆ ਸੀ।

ਪ੍ਰਸ਼ਨ 8) ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਬਤੌਰ ਪ੍ਰੋਫੈਸਰ ਕਦੋਂ ਪੜਾਉਣਾ ਸ਼ੁਰੂ ਕੀਤਾ?

ਉੱਤਰ:- ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਬਤੌਰ ਪ੍ਰੋਫੈਸਰ ਸੰਨ 1991 ਵਿੱਚ ਆਇਆ। ਅਤੇ ਇੱਥੇ ਆ ਕੇ ਨੌਂਕਰੀ ਕੀਤੀ।

ਪ੍ਰਸ਼ਨ 9) ਇਨ੍ਹਾਂ ਨਾਵਲਾਂ ਤੋਂ ਬਿਨਾ ਤੁਸੀਂ ਕੋਈ ਹੋਰ ਨਾਵਲ ਲਿਖ ਰਹੇ ਹੋ, ਜਾਂ ਕਿਸੇ ਹੋਰ ਨਾਵਲ ਨੂੰ ਲਿਖਣ ਦਾ ਵਿਚਾਰ ਹੈ?

ਉੱਤਰ:- ਇਨ੍ਹਾਂ ਨਾਵਲਾਂ ਤੋਂ ਬਿਨਾ ਮੈਂ ਇੱਕ ਹੋਰ ਨਾਵਲ ਲਿਖ ਰਿਹਾ ਹਾਂ ਜਿਸ ਦਾ ਵਿਸ਼ਾ ਭੋਜਨ ਅਤੇ ਖਾਣ-ਪੀਣ ਨਾਲ ਦਾ ਹੈ। ਇਸ ਤੋਂ ਸਿਵਾ ਮੈਂ ਪੰਜਾਬੀ ਸਾਹਿਤ ਲਈ ਲਿਖਦਾ ਰਹਾ ਗਾ।

ਪ੍ਰਸ਼ਨ 10) ਅੱਜ ਦੇ ਬਹੁਤ ਸਾਰੇ ਨਾਵਲਕਾਰ ਅਜੋਕੇ ਸਮੇਂ ਵਿੱਚ ਸਮਾਜ ਦੇ ਡੂਘੇ ਮੁੱਦਿਆ ਬਾਰੇ ਲਿਖਣ ਦੀ ਬਜਾਏ ਕੁੱਝ ਵੱਖਰਾ ਲਿਖਦੇ ਹਨ, ਉਨਾ ਲਈ ਕੋਈ ਸੰਦੇਸ਼ ਦੇਣਾ ਚਾਹੁੰਦੇ ਹੋ?

ਉੱਤਰ:- ਅੱਜ ਦੇ ਸਮੇਂ ਦੇ ਕੁੱਝ ਕੁ ਲੇਖਕ ਹਨ ਜੋ ਇਸ ਤਰ੍ਹਾ ਦਾ ਲਿਖਣ ਦੀ ਕੋਸ਼ਿਸ਼ ਕਰਦੇ ਹਨ ਜਿਸ ਦੀ ਸਮਾਜ ਲਈ ਕੋਈ ਸਾਰਥਕਤਾ ਨਹੀਂ ਹੁੰਦੀ ਪਰ ਉਨ੍ਹਾਂ ਨੂੰ ਸਮਾਜ ਦੇ ਉਨ੍ਹਾਂ ਵਿਸ਼ਿਆ ਨੂੰ ਆਧਾਰ ਬਣਾ ਕੇ ਸਾਹਿਤ ਨੂੰ ਅੱਗੇ ਲੈ ਕੇ ਜਾਣ।

# ਸਹਾਇਕ ਪੁਸਤਕ ਸੂਚੀ


1. ਸਿੰਘ, ਅਮਰਜੀਤ, (ਸੰਪਾ.), ਕਾਵਿ-ਸ਼ਾਸਤਰ, 2017, ਪ੍ਰਿੰਟਵੈੱਲ, ਅੰਮ੍ਰਿਤਸਰ
2. ਅਰਸ਼ੀ, ਗੁਰਚਰਨ ਸਿੰਘ, ਸਮੀਖਿਆ-ਦ੍ਰਿਸ਼ਟੀਆਂ, 1999, ਆਰਸੀ ਪਬਲਿਸ਼ਰਜ, ਦਿੱਲੀ
3. ਆਹਲੂਵਾਲੀਆ, ਜਸਬੀਰ ਸਿੰਘ, ਹਾਂਸ, ਸੁਰਜੀਤ(ਸੰਪਾ.), ਪੰਜਾਬੀ ਆਲੋਚਨਾ ਇੱਕ ਪਰਿਚਯ, 2005, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
4. ਦੁਸਾਂਝ, ਸੁਰਿੰਦਰ ਸਿੰਘ, ਪੰਜਾਬੀ ਇਤਿਹਾਸਕ ਨਾਵਲ, 2005, ਲਾਹੌਰ ਬੁੱਕ ਸ਼ਾਪ, ਲੁਧਿਆਣਾ
5. ਕਸੇਲ, ਕਿਰਪਾਲ ਸਿੰਘ (ਸੰਪਾ.), ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ-ਦੂਜਾ, 2011, ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ
6. ਸਿੰਘ, ਗੁਰਜੰਟ, ਮਨੋਵਿਸ਼ਲੇਸ਼ਣਾਤਮਕ ਸਾਹਿਤ-ਚਿੰਤਨ, 2005, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
7. ਸੰਧੂ, ਗੁਰਪਾਲ ਸਿੰਘ, ਪੰਜਾਬੀ ਨਾਵਲ ਦਾ ਇਤਿਹਾਸ, 2004, ਪੰਜਾਬੀ ਅਕਾਦਮੀ, ਦਿੱਲੀ
8. ਜੱਜ, ਪਰਮਜੀਤ ਸਿੰਘ, ਪੀੜ੍ਹ, 2003, ਕੁਕੁਨਸ ਪ੍ਰਕਾਸ਼ਨ, ਜਲੰਧਰ
9. ਜੱਜ, ਪਰਮਜੀਤ ਸਿੰਘ, ਅਰਥ, 2007, ਚੇਤਨਾ ਪ੍ਰਕਾਸ਼ਨ, ਲੁਧਿਆਣਾ
10. ਜੱਜ, ਪਰਮਜੀਤ ਸਿੰਘ, ਪਛਾਣ ਬਦਲ ਗਈ, 2010, ਚੇਤਨਾ ਪ੍ਰਕਾਸ਼ਨ, ਲੁਧਿਆਣਾ
11. ਜੱਜ, ਪਰਮਜੀਤ ਸਿੰਘ, ਤਰਕਾਲਾ, 2005, ਕੁਕੁਨਸ ਪ੍ਰਕਾਸ਼ਨ, ਜਲੰਧਰ
12. ਜੱਜ, ਪਰਮਜੀਤ ਸਿੰਘ, ਬਦਲੇ ਦੀ ਪੱਤਝੜ, 2013, ਚੇਤਨਾ ਪ੍ਰਕਾਸ਼ਨ, ਲੁਧਿਆਣਾ
13. ਸਿੰਘ, ਧਰਮ, ਪੰਜਾਬੀ ਖੋਜ ਸੰਦਰਭ, 2008, ਰਵੀ ਪ੍ਰਕਾਸ਼ਨ, ਅਮ੍ਰਿਤਸਰ
14. ਸਿੰਗਲ, ਧਰਮ ਪਾਲ, ਪੰਜਾਬੀ ਸਾਹਿਤ ਦਾ ਇਤਿਹਾਸ, 2006, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
15. ਵਾਤਿਸ਼, ਧਰਮ ਚੰਦ, ਅਸਤਿਤਵਵਾਦ ਆਲੋਚਨਾ ਸਿਧਾਂਤ ਅਤੇ ਵਿਹਾਰ, 2014, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
16. ਸਿੰਘ, ਪਰਮਿੰਦਰ, ਕਸੇਲ, ਕਿਰਪਾਲ ਸਿੰਘ, ਲਾਂਬਾ, ਗੋਬਿੰਦ ਸਿੰਘ (ਡਾ.), ਪੰਜਾਬ ਸਾਹਿਤ ਦੀ ਉਤਪਤੀ ਤੇ ਵਿਕਾਸ, 2011, ਲਾਹੌਰ ਬੁੱਕ ਸ਼ਾਪ, ਲੁਧਿਆਣਾ
17. ਸਿੰਘ, ਪਰਮਿੰਦਰ, ਪੰਜਾਬੀ ਸਾਹਿਤ ਦਾ ਇਤਿਹਾਸ, 2011, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
18. ਸਿੰਘ ,ਪਰਮਿੰਦਰ (ਡਾ.), ਪੰਜਾਬੀ ਸਮਾਲੋਚਨਾ ਸਿਧਾਂਤ ਤੇ ਸਰੂਪ, 2012, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
19. ਸਿੰਘ ,ਪਿਆਰ, ਖੋਜ ਸਿਧਾਂਤ ਤੇ ਵਿਹਾਰ, 2011, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

20. ਬ੍ਰਹਮਜਗਦੀਸ਼ ਸਿੰਘ (ਪ੍ਰੋ.), ਰਾਜਬੀਰ ਕੌਰ (ਪ੍ਰੋ.), ਪੰਜਾਬੀ ਸਾਹਿਤ ਦਾ ਇਤਿਹਾਸ, 2007, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ
21. ਬ੍ਰਹਮਜਗਦੀਸ਼ ਸਿੰਘ (ਪ੍ਰੋ.), ਸਮਾਲੋਚਨਾ ਸ਼ਾਸਤਰ, 2011, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ
22. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਆਲੋਚਨਾ (ਆਰੰਭ, ਵਿਕਾਸ ਅਤੇ ਪ੍ਰਣਾਲੀਆਂ), 2012, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ
23. ਗਿੱਲ, ਮੋਰਾਂਵਾਲੀ,ਮੇਰਾ ਸਾਹਿਤ ਸੰਸਾਰ, 2011, ਤਰਲੋਚਨ ਪਬਲਿਸ਼ਰਜ, ਚੰਡੀਗੜ੍ਹ
24. ਮਨਜਿੰਦਰ ਸਿੰਘ, ਅਸਤਿਤ੍ਵਵਾਦ ਅਤੇ ਗੁਰਦਿਆਲ ਸਿੰਘ ਦੇ ਨਾਵਲ, 2010, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
25. ਸੇਖੋਂ, ਰਾਜਿੰਦਰ ਸਿੰਘ, ਆਲੋਚਨਾ ਤੇ ਪੰਜਾਬੀ ਆਲੋਚਨਾ, 2012, ਲਾਹੌਰ ਬੁੱਕ ਸ਼ਾਪ, ਲੁਧਿਆਣਾ
26. ਰਜਨੀਸ਼ ਬਹਾਦਰ ਸਿੰਘ, ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ, 2009, ਚੇਤਨਾ ਪ੍ਰਕਾਸ਼ਨ, ਲੁਧਿਆਣਾ

## Website Sources:-

https://www.allaboutphilosophy.org/existentialism.htm

https://www.slideshare.net/varinderkumar2011/existentialism-6907421

http://shodhganga.inflibnet.ac.in/handle/10603/79345

https://en.wikipedia.org/wiki/Philosophy_of_S%C3%B8ren_Kierkegaard

https://philosophynow.org/issues/32/Existentialism_and_Literature

http://study.com/academy/lesson/existentialism-definition-history-characteristics-examples.html

https://plato.stanford.edu/entries/existentialism/